# ਵਰਿਆਮ

੩੯ਵਾਂ ਸਾਲ

ਜਨਵਰੀ ੨੦੧੧



ਸ. ਹੀਰਾ ਸਿੰਘ ਦੀ ਵੰਗਾਰ: ਪਾਰ ਲਕੀਰ ਕਰੇ ਗੁਰ ਕੋ ਸਿੱਖ, ਹੇਤਿ ਧਰਮ ਜੋ ਸੀਸ ਲਗਾਏ

(ਲੇਖ ਪੰਨਾ ੫ 'ਤੇ)

20/-

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹੰਤ ਆਤਮਾ ਸਿੰਘ ਸਨਖਤਰਾ ਨੂੰ ਸੰਤ ਤਰਨ ਸਿੰਘ ਵਹਿਮੀ ਪੁਰਸਕਾਰ ਬਖਸ਼ਦੇ ਹੋਏ ੪ ਮੱਘਰ ੨੦੪੮ ਸਿਰਸਾ (ਲੇਖ ਪੰਨਾ ੪੦ ਤੇ)



ਸ੍ਰੀ ਸਤਿਗੁਰੂ ਜੀ ਦੇ ਪ੍ਰਕਾਸ਼ ਦੇ ਸੰਬੰਧ ਵਿਚ 'ਵਰਿਆਮ' ਦਾ ਵਿਸ਼ੇਸ਼ ਅੰਕ ਰਲੀਜ਼ ਕਰਦੇ ਹੋਏ ਸ੍ਰੀ ਉਦੇ ਸਿੰਘ ਜੀ, ਸੰਤ ਜਗਤਾਰ ਸਿੰਘ, ਹੰਸਪਾਲ ਜੀ, ਪ੍ਰਿੰਸੀਪਲ ਰੰਧਾਵਾ, ਡਾ. ਵਰਿਆਮ ਸਿੰਘ ਸੰਧੂ, ਤੀਰਥ ਸਿੰਘ ਢਿਲੋਂ, ਸੁਵਰਣ ਸਿੰਘ ਵਿਰਕ ਆਦਿ

Namdhari Elibrary NamdhariElibrary@gmail.com

# ਵਰਿਆਮ

ਜਨਵਰੀ-੨੦੧੧

ਜਿਲਦ-੩੬

ਅੰਕ-੩



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧-੨੨੨੨੫੪੩ Ph. :0181-2222543 (O)
ਘਰ : ੦੧੮੧-੨੪੫੬੨੮੯ 0181-2456289 (R)

email: wariammonthly@gmail.com



**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।


**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ
—ਜਗਦੀਸ਼ ਸਿੰਘ ਵਰਿਆਮ ........ ੨

ਰਘੂ ਜੱਗ ਤੇ ਅਮਰ ਕਹਾਣੀ
—ਜੋਗਿੰਦਰ ਸਿੰਘ ਮੁਕਤਾ ........ ੩

ਭਾਈ ਹੀਰਾ ਸਿੰਘ "ਸਕਰੌਦੀ"
—ਸੁਵਰਨ ਸਿੰਘ ਵਿਰਕ ........ ੫

ਚਿਰਾਗਾਂ ਨੂੰ ਬਾਲਣ ਵਾਲੇ ਸਤਿਗੁਰੂ
—ਡਾ. ਵਰਿਆਮ ਸਿੰਘ ਸੰਧੂ ........ ੧੪

ਇਸ ਵਾਰ ਚੀਨ ਵਿਚ ਕੀ ਵੇਖਿਆ
—ਤਰਲੋਚਨ ਸਿੰਘ ........ ੧੮

ਨਾਨਕਸ਼ਾਹੀ ਕਲੰਡਰ—ਹਮੇਸ਼ਾਂ ਖਬਰਾਂ ਵਿਚ ਕਿਉਂ ?
—ਤਰਲੋਚਨ ਸਿੰਘ ........ ੧੯

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਪਹਿਲੀ ਮਿਆਰੀ ਪੁਸਤਕ
—ਪਿਆਰਾ ਸਿੰਘ ਭੋਗਲ ........ ੨੨

ਕੁਰਬਾਨ ਕੂਕਿਆਂ ਤੋਂ
—ਨਿਰੰਜਨ ਸਿੰਘ ਨੂਰ ........ ੨੨

ਆਜ਼ਾਦੀ ਸੰਗਰਾਮ ਵਿੱਚ ਜਨਵਰੀ ਦਾ ਮਹੀਨਾ
—ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ........ ੨੫

ਪੜ੍ਹਨ ਦੇ ਸ਼ੌਕ ਜਿਹਾ ਵਰਦਾਨ ਕੋਈ ਨਾ
—ਡਾ. ਸੁਰਿੰਦਰ ਮੰਡ ........ ੨੯

ਮਿੱਟੀ ਦੀ ਮੌਤ —ਡਾ. ਅਜੀਤ ਸਿੰਘ ........ ੩੧

ਆਖ਼ਰੀ ਵਾਰ ਸਮੁੰਦਰੋਂ ਪਾਰ
—ਤਾਰਾ ਸਿੰਘ ਅਨਜਾਣ ........ ੩੩

ਅਭੁੱਲ ਯਾਦਾਂ —ਗੁਰਬਖਸ਼ ਸਿੰਘ ਮਠਾੜੂ ........ ੩੭

ਨਿਸ਼ਕਾਮ ਸੇਵਕ ਮਹੰਤ ਆਤਮਾ ਸਿੰਘ ਸਨਖਤਰਾ
—ਗੁਰਸ਼ਰਨ ਸਿੰਘ ਸਨਖਤਰਾ ........ ੪੦

ਖ਼ਬਰਨਾਮਾ ........ ੪੧

ਪ੍ਰਤੀਕਿਰਿਆ ........ ੪੭





Namdhari Elibrary NamdhariElibrary@gmail.com

# ਸ਼ਹੀਦੀ ਰੁੱਤ

ਰਾਤਾਂ ਵੱਡੀਆਂ ਤੇ ਦਿਨ ਛੋਟੇ ਵਾਲੇ ਮਹੀਨੇ ਦਸੰਬਰ ਜਨਵਰੀ ਦੇ ਦਿਨ ਭਾਰੀ ਠੰਡ ਦੇ ਦਿਨ ਹਨ। ਇਹ ਸਿਖਾਂ ਦੀਆਂ ਕੁਰਬਾਨੀਆਂ ਦੀ ਦਰਦਨਾਕ ਕਹਾਣੀਆਂ ਦੇ ਵੀ ਦਿਨ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਪੁਰਬ ਦੇ ਵੀ ਮਹੀਨੇ ਹਨ ਅਤੇ ਚਮਕੌਰ-ਸਰਹੰਦ ਦੇ ਦਰਦੀਲੇ ਸਾਕਿਆਂ ਦੇ ਵੀ ਦਿਨ ਹਨ। ਪੰਜਾਬ ਦੇ ਇਤਿਹਾਸ ਨੂੰ ਨਿਰਣਾਇਕ ਦਿਸ਼ਾ ਦੇਣ ਵਾਲੇ ਇਹ ਦਿਨ ਹਨ। ਇਹ ਮੁਗਲ ਕਾਲ ਦੀ ਜੜ੍ਹ ਪੁੱਟਣ ਦੇ ਆਰੰਭ ਦੇ ਸਾਕੇ ਵੀ ਹਨ ਅਤੇ ਅੰਗਰੇਜ਼ ਕਾਲ ਦੇ ਖਾਤਮੇ ਦਾ ਮੁੱਢ ਬਨਣ ਵਾਲਾ ਮਹਾਨ ਸਾਕਾ ਵੀ ਇਸੇ ਮਹੀਨੇ ਹੋਇਆ। ਸੰਨ ੧੮੭੨ ਦੀ ਜਨਵਰੀ ੧੭-੧੮ ਨੂੰ ਮਾਲੇਰਕੋਟਲੇ ਦੇ ਰਕੜ ਵਿਚ ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ। ਇਹਨਾਂ ਦਿਨਾਂ ਵਿਚ ਕਾਕਾ ਬਿਸ਼ਨ ਸਿੰਘ ਦੀ ਸ਼ੁਜਾਅਤ ਭਰੀ ਸ਼ਹੀਦੀ ਹੋਈ ਅਤੇ ਸ਼ਹੀਦ ਵਰਿਆਮ ਸਿੰਘ ਇੱਟਾਂ ਦੇ ਪੜ੍ਹਲ ਤੇ ਖਲੋ ਕੇ ਤੋਪ ਦਾ ਹਾਣੀ ਬਣਿਆ। ਇਹਨਾਂ ਹੀ ਦਿਨਾਂ ੧੭-੧੮ ਜਨਵਰੀ ਦੀ ਬਰਫੀਲੀ ਕੱਕਰੀਲੀ ਲੰਬੀ ਕਾਲੀ ਬੋਲੀ ਰਾਤ ਨੂੰ ਨਾਮਧਾਰੀ ਕੂਕਾ ਅੰਦੋਲਨ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਬਹੁਤ ਕਰੀਬੀ ਪਰਮੁਖ ਸੇਵਕਾਂ ਸਾਥੀਆਂ ਸੂਬਿਆਂ ਸਹਿਤ ਦੇਸ਼ ਨਿਕਾਲਾ ਦਿੱਤਾ ਗਿਆ। ਇਤਿਹਾਸ ਦੇ ਇਹਨਾਂ ਅਤਿ ਵਿਸ਼ੇਸ਼ ਦਿਨਾਂ ਦੀ ਗਾਥਾ ਸਾਲ ਕੁ ਬਾਦ ਸਾਡੇ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਅਸੀਂ ਇਡੇ ਮਹਾਨ ਸ਼ਹੀਦੀ ਪੁਰਬਾਂ ਤੇ ਇਕੱਠੇ ਹੋ ਕੇ ਸ਼ਰਧਾ ਫੁਲ ਭੇਟ ਕਰਦੇ ਹਾਂ।

ਵਰਿਆਮ ਵਿਚ ਇਹਨਾਂ ਦਿਨਾਂ ਨੂੰ ਅਕਸਰ ਯਾਦ ਕੀਤਾ ਜਾਂਦਾ ਹੈ ਅਤੇ ਵਰਿਆਮ ਦੇ ਮੁਖ ਪੰਨੇ 'ਤੇ ਮਲੇਰਕੋਟਲੇ ਵਿਚ ਤੋਪਾਂ ਨਾਲ ਉਡਾਏ ਜਾਂਦੇ ਸਿੰਘਾਂ ਦੇ ਸਾਕੇ ਦੀ ਤਸਵੀਰ ਅਕਸਰ ਛੱਪਦੀ ਹੈ ਜੋ ਘਰ ਘਰ ਲੱਗੀ ਵੀ ਹੋਈ ਹੈ। ਇਸ ਵਾਰ ਮੁਖ ਪੰਨੇ ਤੇ ਇਸ ਸ਼ਹੀਦੀ ਦੇ ਪਰਮੁਖ ਜਥੇਦਾਰ, ਹੀਰਾ ਸਿੰਘ ਸਕਰੌਦੀ ਵਾਲੇ ਅਤੇ ਸ਼ਹੀਦੀ ਜਥੇ ਦੀ ਤਸਵੀਰ ਹੈ। ਜਥੇਦਾਰ ਹੀਰਾ ਸਿੰਘ ਨੇ ਕਿਰਪਾਨ ਨਾਲ ਲਕੀਰ ਖਿੱਚ ਕੇ ਆਖਿਆ ਸੀ ਕਿ ਇਸ ਲਕੀਰ ਨੂੰ ਓਹ ਹੀ ਟੱਪੇ ਜਿਸ ਨੇ ਸਿਰ ਦੇਣਾ ਹੈ। ਮਲੇਰਕੋਟਲੇ ਸਾਕੇ ਬਾਦ ਵੀ ਉਹਨਾਂ ਨੇ ਕਿਹਾ ਸੀ ਅਸੀਂ ਤਾਂ ਹੁਣ ਸਿਰ ਦੇਣੇ ਹਨ। ਹੋਰ ਜਿਸਨੇ ਜਾਣਾ ਹੈ ਚਲੇ ਜਾਵੇ। ਇਸ ਤਰ੍ਹਾਂ ੬੮ ਸੂਰਮਿਆਂ ਦਾ ਜੱਥਾ ਮਲੇਰਕੋਟਲਾ ਵਿਚ ਸ਼ਹੀਦੀ ਪਾਉਣ ਨੂੰ ਹਾਜ਼ਰ ਸੀ। ਓਹਨਾਂ ਵਿਚੋਂ ਦੋ ਮਾਈਆਂ ਨੂੰ ਛੱਡ ਕੇ ਬਾਕੀ ੬੬ ਸਿੰਘਾਂ ਨੂੰ ਦੋ ਦਿਨਾਂ ਵਿਚ ਬਗੈਰ ਅਪੀਲ ਦਲੀਦ ਵਕੀਲ ਦੇ ਤੋਪਾਂ ਨਾਲ ਉਡਾਇਆ ਗਿਆ ਸੀ। ਭਾਈ ਹੀਰਾ ਸਿੰਘ ਬਾਰੇ ਜ਼ਿਕਰ ਬਹੁਤ ਵਿਸਥਾਰ ਨਾਲ ਪਹਿਲੀ ਵਾਰੀ ਵਰਿਆਮ ਦੇ ਇਸ ਅੰਕ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਇਹ ਸ. ਸੁਵਰਨ ਸਿੰਘ ਵਿਰਕ ਦੀ ਸਿਰੜੀ ਖੋਜ ਅਤੇ ਮਿਹਨਤ ਦਾ ਸਿੱਟਾ ਹੈ ਜੋ ਪਹਿਲੀ ਵਾਰ ਅਜਿਹੀ ਲਿਖਤ ਪਾਠਕਾਂ ਦੇ ਰੂ ਬ ਰੂ ਹੋ ਰਹੀ ਹੈ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਪ੍ਰਮੁੱਖ ਵਕੀਲ ਵੀ ਹਨ ਅਤੇ ਦੇਸ਼ ਆਜ਼ਾਦੀ ਲਈ ਸ਼ਹੀਦ ਹੋਣ ਵਾਲਿਆਂ ਦੇ ਅਦਾਲਤੀ ਕੇਸਾਂ ਦੀ ਬੜੀ ਡੂੰਘੀ ਜਾਣਕਾਰੀ ਰੱਖਦੇ ਹਨ। ਓਹ ਸ਼ਹੀਦਾਂ ਲਈ ਕਾਨੂੰਨੀ ਲੜਾਈ ਵੀ ਲੜਦੇ ਹਨ। ਇਸ ਅੰਕ ਤੋਂ ਉਹ ਮਹੀਨੇਵਾਰ ਸ਼ਹੀਦਾਂ ਦੀ ਡਾਇਰੀ ਵਰਿਆਮ ਵਿਚ ਦੇ ਰਹੇ ਹਨ। ਹੋਰ ਵੀ ਬਹੁਤ ਸਾਰੀ ਛਪਣ ਸਮੱਗਰੀ ਵਤਨ ਤੋਂ ਮਰ ਮਿਟਣ ਵਾਲਿਆਂ ਦੀ ਯਾਦ ਮਘਦੀ ਰੱਖਣ ਵਾਸਤੇ ਇਸ ਅੰਕ ਵਿਚ ਹੈ। ਅਸੀਂ ਆਪਣੇ ਵਿਤ ਅਨੁਸਾਰ ਇਹ ਯਾਦ ਦੀ ਲਾਟ ਜਲਦੀ ਰੱਖਣ ਦਾ ਜਤਨ ਕੀਤਾ ਹੈ।

ਸਰਹੰਦ, ਚਮਕੌਰ ਦੇ ਸਾਕਿਆਂ ਬਾਰੇ ਸ਼ਹੀਦੀ ਮੇਲਿਆਂ ਨੂੰ ਮਨੋਰੰਜਨ ਅਤੇ ਖਾਣ ਪੀਣ ਦੇ ਮੇਲਿਆਂ ਵਜੋਂ ਮਨਾਉਣ ਦੀ ਪ੍ਰਵਿਰਤੀ ਨੂੰ ਠੱਲ ਪਾਉਣ ਲਈ ਅਤੇ ਕੇਵਲ ਅਕੀਦਤ ਅਤੇ ਸ਼ਰਧਾਂਜਲੀ ਵਜੋਂ ਗੰਭੀਰਤਾ ਨਾਲ ਸ਼ਹੀਦਾਂ ਦੀ ਯਾਦ ਵਿਚ ਨਤਮਸਤਕ ਹੋਣ ਲਈ ਮਨਾਉਣ ਬਾਰੇ ਸਿੰਘ ਸਾਹਿਬਾਨ ਦੇ ਫੈਸਲੇ ਦੀ ਅਸੀਂ ਸ਼ਲਾਘਾ ਕਰਦੇ ਹਾਂ।...ਨਾਮਧਾਰੀ ਦਰਬਾਰ ਤਾਂ ਕਈ ਸਾਲਾਂ ਤੋਂ ਇਹ ਕਹਿੰਦਾ ਆਇਆ ਹੈ ਅਤੇ ਮਤੇ ਵੀ ਪਾਸ ਕਰ ਚੁੱਕਾ ਹੈ। ਇਹ ਫੈਸਲਾ ਸ਼ਲਾਘਾਯੋਗ ਹੈ। ਸਭ ਸਿਆਸੀ ਪਾਰਟੀਆਂ ਨੂੰ ਵੀ ਇਸ ਤੇ ਫੁਲ ਚੜ੍ਹਾਉਣੇ ਚਾਹੀਦੇ ਹਨ।

*—ਜਗਦੀਸ਼ ਸਿੰਘ ਵਰਿਆਮ*

Namdhari Elibrary  NamdhariElibrary@gmail.com

## ਸਰਦਾਰਨੀ ਜਸਪਾਲ ਕੌਰ ਟਰੱਸਟ ਦੀ ਮੀਟਿੰਗ

ਪੰਜਾਬੀ ਭਾਸ਼ਾ ਨੂੰ ਇਹਦਾ ਮਾਣ ਸਤਿਕਾਰ ਦਿਵਾਉਣ ਲਈ ਕਾਰਜਸ਼ੀਲ ਵਿਅਕਤੀਆਂ, ਸੰਸਥਾਵਾਂ 'ਚ ਅੱਜ ਇੱਕ ਹੋਰ ਨਿੱਗਰ ਇਜ਼ਾਫਾ ਹੋਇਆ ਜਦੋਂ ਇਂ. ਸੱਗੂ (ਰਾਣਾ) ਦੇ ਉੱਦਮ ਨਾਲ ਸਰਦਾਰਨੀ ਜਸਪਾਲ ਕੌਰ ਟਰੱਸਟ ਦੀ ਪਲੇਠੀ ਆਮ ਸਭਾ ਜਨਤਾ ਕਲੋਨੀ, ਨਵੀਂ ਦਿੱਲੀ ਵਿਖੇ ਹੋਈ। ਸਵਰਗੀ ਸਰਦਾਰਨੀ ਜਸਪਾਲ ਕੌਰ ਹੁਰਾਂ ਨੇ ਪੰਜਾਬੀ ਭਾਸ਼ਾ ਦੀ ਪਹਿਚਾਣ ਬਣਾਉਣ ਲਈ, ਮਾਂ-ਬੋਲੀ ਨੂੰ ਸਰਕਾਰੇ ਦਰਬਾਰੇ ਕਬੂਲ ਕਰਵਾਉਣ ਲਈ ਦਿੱਲੀ ਅੰਦਰ ਕਾਬਲੇ-ਗੌਰ ਕੰਮ ਕੀਤਾ ਹੈ। ਸਕੂਲ ਅਧਿਆਪਕਾ ਹੁੰਦਿਆਂ ਉਹਨਾਂ ਪੰਜਾਬੀ ਜ਼ੁਬਾਨ ਨੂੰ ਸਰਲ ਤਰੀਕੇ ਨਾਲ ਬੱਚਿਆਂ ਸਾਹਮਣੇ ਪੇਸ਼ ਕਰਨ ਲਈ ਕੇਂਦਰੀ ਬੋਰਡ ਆਫ ਸਕੂਲ ਐਜੂਕੇਸ਼ਨ ਦੀਆਂ ਪੰਜਾਬੀ ਸਿਲੇਬਸ ਦੀਆਂ ਕਿਤਾਬਾਂ ਲਈ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ।

ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੇ ਵੱਡੇ ਸਪੁੱਤਰਾ ਇਂ. ਤੇਜਵੰਤ ਸਿੰਘ ਸੱਗੂ (ਰਾਣਾ) ਦੇ ਯਤਨਾਂ ਸਦਕਾ ਸਰਦਾਰਨੀ ਜਸਪਾਲ ਕੌਰ ਟਰੱਸਟ ਹੋਂਦ 'ਚ ਆਇਆ ਹੈ। ਜਿਸ ਦਾ ਮੁੱਖ ਉਦੇਸ਼ ਹੀ ਪੰਜਾਬੀ ਜ਼ੁਬਾਨ ਦੀ ਅਹਿਮੀਅਤ ਨੂੰ ਸਵਿਕਾਰਨਾ, ਇਸਦੀ ਮਕਬੂਲੀਅਤ ਲਈ ਜਦੋ-ਜਹਿਦ ਕਰਨਾ, ਇਸਦੇ ਵਿਕਾਸ ਲਈ ਵੱਖ-ਵੱਖ ਢੰਗਾਂ ਨਾਲ ਲੋਕਾਂ ਨੂੰ ਜਾਗਰੂਕ ਕਰਵਾਉਣ ਅਤੇ ਯਤਨਸ਼ੀਲ ਸ਼ਖਸੀਅਤ ਨੂੰ ਪ੍ਰੋਤਸਾਹਿਤ, ਸਨਮਾਨਿਤ ਕਰਨਾ ਹੈ।

ਸਰਦਾਰਨੀ ਜਸਪਾਲ ਕੌਰ ਟਰੱਸਟ ਦੀ ਪਹਿਲੀ ਆਮ ਸਭਾ 'ਚ ੧੨ ਦਸੰਬਰ ੨੦੧੦ ਨੂੰ ਇਂ. ਤੇਜਵੰਤ ਸਿੰਘ ਸੱਗੂ ਨੂੰ ਚੇਅਰਮੈਨ, ਸ. ਗੁਰਭੇਜ ਸਿੰਘ ਗੁਰਾਇਆ ਨੂੰ ਜਨਰਲ ਸਕੱਤਰ ਅਤੇ ਸ. ਕੰਵਲਜੀਤ ਸਿੰਘ ਨੂੰ ਖਜ਼ਾਨਚੀ ਚੁਣਿਆ ਗਿਆ।

ਸ. ਜਗਦੀਸ਼ ਸਿੰਘ ਵਰਿਆਮ, ਸ. ਹਰਵਿੰਦਰ ਸਿੰਘ ਹੰਸਪਾਲ, ਸ੍ਰੀ ਜਗਦੀਸ਼ ਕੌਸ਼ਲ, ਸ. ਗੁਰਬਚਨ ਸਿੰਘ ਭੁੱਲਰ, ਪ੍ਰੋ. ਵਰਿਆਮ ਸਿੰਘ ਸੰਧੂ, ਪ੍ਰੋ. ਨਰਿੰਦਰ ਸਿੰਘ ਅਤੇ ਸ੍ਰੀ ਆਰ. ਐਨ. ਗੋਇਲ ਹੁਰਾਂ ਨੂੰ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ ਕੀਤਾ ਗਿਆ।

ਇਂ. ਤੇਜਵੰਤ ਸਿੰਘ ਸੱਗੂ (ਰਾਣਾ) ਨੇ ਸਭਾ ਹਾਜ਼ਰ ਮੈਂਬਰ ਨੂੰ ਟਰੱਸਟ ਦੇ ਉਦੇਸ਼ਾਂ ਤੋਂ ਜਾਣੂ ਕਰਵਾਇਆ ਅਤੇ ਟਰੱਸਟ ਵਲੋਂ ਸਰਦਾਰਨੀ ਜਸਪਾਲ ਕੌਰ ਹੁਰਾਂ ਦੇ ਨਾਂ ਤੇ ਸਲਾਨਾ ਅਵਾਰਡ ਕਾਇਮ ਕਰਕੇ ਫਰਵਰੀ-ਮਾਰਚ 'ਚ ਸਮਾਗਮ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ। ਟਰੱਸਟੀ ਸ. ਬਲਕਾਰ ਸਿੰਘ, ਡਾ. ਅਰੁਣ ਗੋਇਲ, ਸ੍ਰੀ ਜਗਦੀਸ਼ ਕੌਸ਼ਲ ਅਤੇ ਰਜਨੀਸ਼ ਕੌਰ ਹੁਰਾਂ ਆਪਣੇ ਸੁਝਾਅ ਦਿੱਤੇ। ਸੰਪਾਦਕ ਵਰਿਆਮ ਸ. ਜਗਦੀਸ਼ ਸਿੰਘ ਨੇ ਇਸ ਨਵੇਕਲੇ ਉੱਦਮ ਦੀ ਸ਼ਲਾਘਾ ਕਰਦਿਆਂ ਨਿੱਗਰ ਸੁਝਾਅ ਦਿੱਤੇ। ਅੰਤ ਵਿੱਚ ਰਾਣਾ ਸੱਗੂ ਹੁਰਾਂ ਸਭ ਦਾ ਧੰਨਵਾਦ ਕੀਤਾ।

## ਰਹੂ ਜੱਗ ਤੇ ਅਮਰ ਕਹਾਣੀ



*—ਜੋਗਿੰਦਰ ਸਿੰਘ ਮੁਕਤਾ*

ਸਮਿਆਂ ਦੀ ਪੱਟੀ ਤੇ ਲਿਖਗੇ
ਸੂਰਬੀਰ ਸਰਨਾਵਾ
ਹੱਸ ਹੱਸ ਪ੍ਰਵਾਨ ਚੜ੍ਹੇ ਲਾੜੀ ਮੌਤ
ਨਾਲ ਲੈ ਲਾਵਾਂ

ਦੋ ਕੋਮਲ ਫੁੱਲਾਂ ਜਹੇ ਸੁੰਦਰ ਮੁਖ ਗੁਲਾਬੀ ਚਿਹਰੇ
ਨਿਰਮਲ ਨਿਰਵੈਰ ਰੂਹ ਸੀ ਨਿਰਦੋਸ਼ ਜਾਲਮਾਂ ਘੇਰੇ
ਮਮਤਾ ਮਾਂ ਜੀਤੋ ਦੀ ਅਜੇ ਨਾ ਮਾਣੀਆਂ ਰਜ ਕੇ ਛਾਵਾਂ
ਸਮਿਆਂ ਦੀ ਪੱਟੀ ਤੇ............

ਮਾਂ ਗੁਜਰੀ ਸੰਗ ਪੋਤੇ ਠੰਡੇ ਬੁਰਜ ਦੇ ਪਾਲੇ ਠਰਦੇ
ਕਿੱਥੇ ਦਸ਼ਮੇਸ਼ ਪਿਤਾ ਬੱਚੇ ਮਾਂ ਨਾਲ ਗੱਲਾਂ ਕਰਦੇ
ਬੱਚਿਓ ਘਬਰਾਇਓ ਨਾ ਦਾਦੀ ਦੇਂਦੀ ਨੇਕ ਸਲਾਹਵਾਂ
ਸਮਿਆਂ ਦੀ ਪੱਟੀ ਤੇ............

ਸਿਰ ਕੜਕੇ ਕਹਿਰ ਲੱਖਾਂ ਚੱਪਾ ਚੱਪਾ ਜਾਪਦੇ ਵੈਰੀ
ਕਿਹਾ ਆਨ ਸਿਪਾਹੀਆਂ ਨੇ ਸੂਬੇ ਸਦਿਆ ਵਿਚ ਕਚੇਹਰੀ
ਲਾ ਹਥੀਂ ਹਥਕੜੀਆਂ ਜਾਲਮ ਲੈਗੇ ਬੰਨਕੇ ਬਾਹਵਾਂ
ਸਮਿਆਂ ਦੀ ਪੱਟੀ ਤੇ............

ਗੁਰ ਫਤਹਿ ਬੁਲਾਈ ਜਾਂ ਸੂਬਾ ਲੋਹਿਓਂ ਲਾਖਾ ਹੋਇਆ
ਕਿਹਾ ਝਿੜਕ ਸਿਪਾਹੀਆਂ ਨੂੰ ਬੱਚਿਆਂ ਜ਼ਹਿਰ ਜਿਗਰ
ਵਿਚ ਚੋਇਆ
ਮਨ ਦੀਨ ਸਲਾਮ ਕਰੋ ਕਰੀਏ ਪੂਰੀਆਂ ਕੁਲ ਇਛਾਵਾਂ
ਸਮਿਆਂ ਦੀ ਪੱਟੀ ਤੇ............

ਮਨੀ ਦੀਨ ਮਾਸੂਮਾਂ ਨਾ ਕੀਤੇ ਹਾਕਮਾਂ ਜਤਨ ਬਥੇਰੇ
ਚਿਣ ਦਿਉ ਦੀਵਾਰ ਅੰਦਰ ਜੇਕਰ ਮੰਨਦੇ ਨਹੀਂ ਪਰੇਰੇ
ਕਰ ਛਾਂ ਤਲਵਾਰਾਂ ਦੀ ਜ਼ਾਲਮਾਂ ਦਿੱਤੀਆਂ ਸਖਤ ਸਜ਼ਾਵਾਂ
ਸਮਿਆਂ ਦੀ ਪੱਟੀ ਤੇ............

ਜ਼ੋਰਾਵਰ ਫਤਹਿ ਸਿੰਘ ਦੀ ਜਗ ਤੇ ਸਦਾ ਰਹੂ ਜੱਗ ਤੇ ਅਮਰ
ਕਹਾਨੀ
ਪਰਚੇ ਚੋਂ ਪਾਸ ਹੋਇ ਵਾਰੀ ਧਰਮ ਲਈ ਜ਼ਿੰਦਗਾਨੀ
ਧੰਨ-ਧੰਨ ਜਗ ਤੇ ਮੁਕਤਾ ਮਾਤਾ ਗੁਜਰੀ ਵਰਗੀਆਂ
ਮਾਵਾਂ
ਸਮਿਆਂ ਦੀ ਪੱਟੀ ਤੇ............

ਫੋਨ-੯੯੯੨੩-੩੯੫੨੪



Namdhari Elibrary NamdhariElibrary@gmail.com




Namdhari Elibrary NamdhariElibrary@gmail.com



## ਕੂਕਾ ਅੰਦੋਲਨ ਦਾ ਸ਼ਿਰੋਮਣੀ ਸ਼ਹੀਦ :

# ਭਾਈ ਹੀਰਾ ਸਿੰਘ "ਸਕਰੌਦੀ"

*—ਸੁਵਰਨ ਸਿੰਘ ਵਿਰਕ*

ਸ਼ਹੀਦ ਉਸ ਨੂੰ ਕਿਹਾ ਜਾਂਦਾ ਹੈ ਜੋ ਆਪਣੇ ਅਕੀਦੇ ਦੀ ਸ਼ਹਾਦਤ ਭਾਵ ਗਵਾਹੀ ਆਪਣਾ ਸਿਰ ਦੇ ਕੇ ਦਿੰਦਾ ਹੈ। ਕੋਈ ਬੰਦਾ ਜੋ ਬਚਨ ਮੂੰਹੋਂ ਕੱਢ ਰਿਹਾ ਹੈ, ਉਸ ਪ੍ਰਤੀ ਉਸਦੀ ਵਫਾਦਾਰੀ ਕਿਤਨੀ ਕੁ ਹੈ, ਇਸ ਦੀ ਪਰਖ ਲਈ ਪੰਚਾਇਤਾਂ ਜਾਂ ਅਦਾਲਤਾਂ ਵਿਚ ਅਕਸਰ ਗਵਾਹੀਆਂ ਮੰਗੀਆਂ ਜਾਂਦੀਆਂ ਹਨ। ਗਵਾਹੀਆਂ ਦੀਆਂ ਅੱਗੋਂ ਕਈ ਕਿਸਮਾਂ ਹੁੰਦੀਆਂ ਹਨ ਜਿਹਾ ਕਿ ਦਸਤਾਵੇਜ਼ੀ ਗਵਾਹੀ, ਮੌਕੇ ਦੀ ਗਵਾਹੀ, ਘਟਨਾਕ੍ਰਮ ਦੀ ਗਵਾਹੀ ਇਤਿਆਦਿ। ਕਿਸੇ ਵਿਅਕਤੀ ਦੀ ਕਿਸੇ ਮੁਆਮਲੇ ਵਿਚ ਨਿਰਦੋਸ਼ਤਾ ਸਿੱਧ ਕਰਨ ਲਈ, ਕਈ ਵੇਰ ਕੋਈ ਹੋਰ ਵਿਅਕਤੀ ਪਰ੍ਹੇ ਪੰਚਾਇਤ ਵਿਚ ਉਸ ਦੇ ਹੱਕ ਵਿਚ ਗਵਾਹੀ ਦੇ ਕੇ ਉਸਨੂੰ ਮੁਕਤ ਕਰਵਾਉਂਦਾ ਹੈ। ਕਈ ਵੇਰ ਪੰਚਾਇਤਾਂ ਸੰਭਾਵੀ ਮੁਜਰਿਮ ਤੋਂ ਹੀ ਉਸ ਦੀ ਦੁੱਧ-ਪੁੱਤ ਆਦਿ ਕੀਮਤੀ ਸ਼ੈਆਂ ਦੀ ਗਵਾਹੀ ਜਾਂ ਉਸਦੇ ਇਸ਼ਟ ਦੀ ਗਵਾਹੀ ਮੰਗ ਕੇ ਉਸਨੂੰ ਪਾਕ ਕਰ ਦਿੰਦੀਆਂ ਹਨ। ਪ੍ਰੰਤੂ ਗਵਾਹੀਆਂ ਦੀਆਂ ਇਹਨਾਂ ਸਾਰੀਆਂ ਕਿਸਮਾਂ ਵਿਚੋਂ, ਜਦੋਂ ਕੋਈ ਵਿਅਕਤੀ ਆਪਣੇ ਨਿਸ਼ਾਨੇ ਪ੍ਰਤੀ, ਆਪਣੀ ਨਿਸ਼ਠਾ ਸਿੱਧ ਕਰਨ ਲਈ ਸਰੀਰ ਹੀ ਵਾਰ ਦੇਵੇ ਤਾਂ ਇਸਨੂੰ ਸਭ ਤੋਂ ਸਰੇਸ਼ਠ ਗਵਾਹੀ ਜਾਂ ਸ਼ਹਾਦਤ ਕਿਹਾ ਜਾਂਦਾ ਹੈ ਅਤੇ ਅਜੇਹਾ ਕਰਨ ਵਾਲਾ ਸ਼ਹੀਦ ਅਖਵਾਉਂਦਾ ਹੈ। ਇਸੇ ਲਈ ਸ਼ਹੀਦ ਦੀ ਭਾਵਨਾ ਪ੍ਰਤੀ ਕਿਸੇ ਸ਼ੱਕ ਸ਼ੁਬਹੇ ਦੀ ਗੁੰਜਾਇਸ਼ ਨਹੀਂ ਰਹਿੰਦੀ। ਉਸਦਾ ਰੁਤਬਾ ਬਹੁਤ ਬੁਲੰਦ ਗਿਣਿਆ ਜਾਂਦਾ ਹੈ। ਵਿਸ਼ਵ ਇਤਿਹਾਸ ਵਿਚ ਸ਼ਹੀਦਾਂ ਦਾ ਜ਼ਿਕਰ ਅਕਸਰ ਬੜੇ ਮਾਨ ਸਨਮਾਨ ਨਾਲ ਕੀਤਾ ਜਾਂਦਾ ਹੈ। ਕਿਤੇ ਉਹ ਯੁੱਧ ਭੂਮੀ ਵਿਚ ਲੜਦਿਆਂ ਸ਼ਹੀਦ ਹੁੰਦੇ ਹਨ ਕਿਤੇ ਆਪਣੇ ਤੋਂ ਵਕਤੀ ਤੌਰ ਤੇ ਸ਼ਕਤੀਸ਼ਾਲੀ ਵਿਰੋਧੀ ਦੇ ਹੱਥੋਂ ਤਸੀਹੇ ਦੇ ਕੇ ਕੁਰਬਾਨ ਕੀਤੇ ਜਾਂਦੇ ਹਨ। ਇਤਿਹਾਸ ਦੇ ਪਹੀਏ ਨੂੰ ਅਗਲੇਰੀ ਦਿਸ਼ਾ ਵਿਚ ਗਤੀ ਦੇਣ ਲਈ ਸਪਾਰਟਾਕਸ, ਸੁਕਰਾਤ, ਹਜ਼ਰਤ ਈਸਾ, ਮਨਸੂਰ, ਸ਼ਮਸ਼ ਤਬਰੇਜ਼, ਗੁਰੂ ਅਰਜਨ ਦੇਵ, ਸੂਫੀ ਫਕੀਰ ਸਰਮੱਦ, ਗੁਰੂ ਤੇਗ ਬਹਾਦਰ ਸਾਹਿਬ, ਦਸਵੇਂ ਪਾਤਸ਼ਾਹ ਦੇ ਚਾਰ ਸਾਹਿਬਜ਼ਾਦਿਆਂ ਅਤੇ ਉਹਨਾਂ ਦੇ ਹਜ਼ਾਰਾਂ ਸਿੰਘਾਂ ਨੂੰ ਆਪਣੀਆਂ ਸ਼ਹੀਦੀਆਂ ਦੇਣੀਆਂ ਪਈਆਂ। ਸੱਚ ਹਮੇਸ਼ਾ ਸਾਪੇਖਿਕ ਹੁੰਦਾ ਹੈ ਅਤੇ ਵੇਲੇ ਦੀਆਂ ਕਾਬਜ਼ ਧਿਰਾਂ ਨੂੰ ਜਿਸ ਸੱਚ ਦੀ ਇਹ ਸ਼ਹੀਦ ਪ੍ਰਤੀਨਿਧਤਾ ਕਰਦੇ ਸਨ ਉਹ ਵਾਰਾ ਨਹੀਂ ਸੀ ਖਾਂਦਾ। ਇਸ ਲਈ ਇਹਨਾਂ ਨੂੰ ਆਪਣੇ ਰਾਹ ਵਿਚੋਂ ਤਾਕਤ ਦੇ ਜ਼ੋਰ ਨਾਲ ਹਟਾ ਕੇ, ਉਹ ਕੁਝ ਸਮੇਂ ਲਈ ਬੇਸ਼ਕ ਸੁਰੱਖਿਅਤ ਮਹਿਸੂਸ ਕਰਦੇ ਸਨ, ਪਰ ਅੰਤਿਮ ਜਿੱਤ ਸ਼ਹੀਦਾਂ ਵਾਲੇ ਸੱਚ ਦੀ ਹੁੰਦੀ ਆਈ ਹੈ। ਇਸੇ ਨਿਸ਼ਚੇ ਤਹਿਤ ਹੀ, ਉਹ ਬੇਝਿਜਕ ਬੇਖੌਫ ਆਪਣਾ ਸਰੀਰ ਰੂਪੀ ਠੀਕਰਾ, ਜਾਬਰ ਹਾਕਮਾਂ ਦੇ ਸਿਰ ਭੰਨਣ ਲੱਗਿਆਂ ਰਤਾ ਭਰ ਵੀ ਝਿਜਕਦੇ ਨਹੀਂ ਰਹੇ। ਸਤਿਗੁਰੂ ਰਾਮ ਸਿੰਘ ਜੀ ਦੁਆਰਾ, ਮਨੁੱਖੀ ਗੌਰਵ ਦੀ ਸਥਾਪਤੀ ਲਈ ਵਿੱਢੇ, ਕੂਕਾ ਅੰਦੋਲਨ ਦੇ ਸ਼ਹੀਦਾਂ ਦੀ ਗਿਣਤੀ ਵੀ ਇਕ ਸੈਂਕੜਾ ਤੋਂ ਉਪਰ ਹੈ। ਇਹਨਾਂ ਵਿਚੋਂ ਸ਼ਿਰੋਮਣੀ-ਸ਼ਹੀਦ ਹੋਏ ਹਨ, ਭਾਈ ਹੀਰਾ ਸਿੰਘ ਜੀ ਸਕਰੌਦੀ ਵਾਲੇ।

ਅੱਜ ਕੱਲ੍ਹ ਜ਼ਿਲ੍ਹਾ ਸੰਗਰੂਰ ਦਾ ਭਾਗ ਹੋਣ ਵਾਲਾ ਪਿੰਡ ਸਕਰੌਦੀ, ਕਦੇ ਰਿਆਸਤ ਪਟਿਆਲਾ ਵਿਚ ਸ਼ਾਮਲ ਹੁੰਦਾ ਸੀ। ਇਹ ਜ਼ਮੀਨ ਦੀ ਮਾਲਕੀ ਵਾਲੇ ਗਰੇਵਾਲ ਜੱਟਾਂ ਦਾ ਪਿੰਡ ਸੀ। ਨਾਮਧਾਰੀ ਇਤਿਹਾਸ ਵਿਚ ਵਿਖਿਆਤ ਸਾਕਾ ਮਲੇਰਕੋਟਲੇ ਦੇ ਮੁਹਰੈਲ ਅਥਵਾ ਮੋਢੀ ਜਥੇਦਾਰ ਭਾਈ ਹੀਰਾ ਸਿੰਘ ਅਤੇ ਚਾਚੇ ਤਾਇਓਂ ਭਰਾ ਲੱਗਦੇ ਲਹਿਣਾ ਸਿੰਘ, ਅਨੂਪ ਸਿੰਘ ਅਤੇ ਚੌਥੇ ਭਾਈ ਮਿੱਤ ਸਿੰਘ ਜੋ ਮਜ਼੍ਹਬੀ ਸਿੱਖ ਪਰਿਵਾਰ ਵਿਚੋਂ ਸਨ, ਇਸੇ ਨਗਰ ਦੇ ਹੋਣ ਕਾਰਨ ਅੱਜ ਕੱਲ੍ਹ ਇਹਨੂੰ "ਸਿੰਘਾਂ ਦੀ ਸਕਰੌਦੀ" ਵੀ ਕਿਹਾ ਜਾਂਦਾ ਹੈ। ਕੂਕਾ-ਅੰਦੋਲਨ ਵਿਚ, ਇਸ ਪਿੰਡ ਦੇ ਇਤਿਹਾਸ ਦਾ ਵਰਣਨ, ਸੁਨਹਿਰੀ ਅੱਖਰਾਂ ਵਿਚ ਅੰਕਿਤ ਹੈ।

ਭਾਈ ਹੀਰਾ ਸਿੰਘ ਦੇ ਪਿਤਾ ਦਾ ਨਾਮ ਸ. ਕਾਹਨ ਸਿੰਘ ਅਤੇ ਮਾਤਾ ਦਾ ਨਾਮ ਮਤਾਬ ਕੌਰ ਸੀ। ੧੭ ਜਨਵਰੀ ੧੮੭੨ ਈ. ਨੂੰ ਸ਼ਾਮ ਚਾਰ ਵਜੇ ਤੋਂ ਬਾਅਦ, ਮਲੇਰਕੋਟਲੇ ਦੇ ਰੱਕੜ ਵਿਚ ਸ਼ਹੀਦ ਹੋਣ ਵੇਲੇ ਉਸਦੀ ਉਮਰ ਸਿਰਫ ੨੯ ਸਾਲ ਸੀ। ਗਿਆਨੀ ਕਾਲਾ ਸਿੰਘ ਨੰਗਲ ਵਾਲੇ ਜਿਹਨਾਂ ਪਾਸ, ਕੋਟਲਾ ਸਾਕੇ ਨਾਲ ਸਬੰਧਿਤ ਵੀਰਾਂਗਣਾਂ ਮਾਈ ਇੰਦ ਕੌਰ, ਜਿਸਦਾ ਪਤੀ ਨੰਦ ਸਿੰਘ ਪਿੰਡ ਹੰਡਿਆਇਆ ਮਲੌਦ ਵਿਖੇ ਪਹਿਲੀ ਝੜਪ ਸਮੇਂ ਸ਼ਹੀਦ ਹੋ ਗਿਆ ਸੀ, ਅਕਸਰ



Namdhari Elibrary NamdhariElibrary@gmail.com

ਆਇਆ ਜਾਇਆ ਕਰਦੇ ਸਨ। ਉਹਨਾਂ ਨੇ ਮਾਈ ਇੰਦ ਕੌਰ ਤੋਂ ਸੁਣ ਕੇ ਸ਼ਹੀਦਾਂ ਦੇ ਪਰਿਵਾਰਾਂ ਦੇ ਅਗੇਤਰ ਪਿਛੇਤਰ ਲੱਭੇ ਅਤੇ ਨਾਮਧਾਰੀ ਸਿੰਘਾਂ ਦਾ "ਪੰਥ ਪਰਕਾਸ਼" ਵੀ ੧੯੧੪-੧੫ ਵਿਚ ਛਾਪਿਆ। ਗਿਆਨੀ ਜੀ ਦੀਆਂ ਲਿਖਤਾਂ ਵਿਚੋਂ ਉਹਨਾਂ ਦੇ ਸਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਹੋਰਾਂ ਕੁਝ ਟਰੈਕਟ ਆਦਿ ਛਪਵਾਏ ਜਿਹਨਾਂ ਦੇ ਆਧਾਰ ਤੇ ਭਾਈ ਨਿਰੰਜਨ ਸਿੰਘ 'ਮ੍ਰਿਗੇਸ਼' ਨੇ ਪੰਜਾਬੀ ਕਵਿਤਾ ਵਿਚ 'ਸਾਕਾ ਮਲੇਰਕੋਟਲਾ' ਲਿਖਿਆ ਇਸ ਦੇ ਮੁਤਾਬਿਕ ਭਾਈ ਹੀਰਾ ਸਿੰਘ ਹੋਰਾਂ ਦੀ ਪਰਿਵਾਰਿਕ ਜਾਣਕਾਰੀ ਇਉਂ ਮਿਲਦੀ ਹੈ :

"ਹੀਰਾ ਸਿੰਘ ਪਿੰਡ ਸਕਰੌਦੀ ਗੋਤ ਗਰੇਵਾਲ
ਪਿਤਾ ਕਾਹਨ ਸਿੰਘ ਦਾ ਭੁਜੰਗੀ ਬਲਕਾਰੀ ਸੀ।
ਉਮਰ ਅਠਾਈ ਸਾਲ ਮਾਤਾ ਸੀ ਮਤਾਬ ਕੌਰ,
ਮੋਢੀ ਜਥੇਦਾਰ ਹੋ ਸ਼ਹੀਦ ਜਿੰਦ ਵਾਰੀ ਸੀ।"[1]

ਬੀਬੀ ਸੁਰਿੰਦਰ ਕੌਰ ਖਰਲ ਅਨੁਸਾਰ ਸਾਕੇ ਵਿਚ ਇਸ ਪਰਿਵਾਰ ਦੇ ਜੋ ਤਿੰਨ ਸ਼ਹੀਦ ਹੋਏ ਭਾਈ ਹੀਰਾ ਸਿੰਘ ਪੁੱਤਰ ਕਾਹਨ ਸਿੰਘ, ਭਾਈ ਲਹਿਣਾ ਸਿੰਘ ਅਤੇ ਅਨੂਪ ਸਿੰਘ ਦੋਵੇਂ ਪੁੱਤਰ ਮਹਿਤਾਬ ਸਿੰਘ ਪਿੰਡ ਸਕਰੌਦੀ ਦੀ ਪੱਤੀ ਨੰਦ ਸਿੰਘ ਵਿਚੋਂ ਸਨ। ਸ. ਨੰਦ ਸਿੰਘ ਇਹਨਾਂ ਤਿੰਨਾਂ ਸ਼ਹੀਦਾਂ ਦੇ ਪੜਦਾਦੇ ਸਨ।[2]

ਇਉਂ ਹੀਰਾ ਸਿੰਘ ਹੋਰਾਂ ਦਾ ਜਨਮ ੧੮੪੪ ਈ. ਦੇ ਲਾਗੇ ਚਾਗੇ ਬਣਦਾ ਹੈ। ਜਦੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ ਦਾ ਰਾਜ ਭਾਗ ਤਕਰੀਬਨ ਆਖਰੀ ਸਾਹਾਂ ਤੇ ਸੀ। ਪਰ ਇਹ ਇਲਾਕਾ ਸਿੱਖ ਰਿਆਸਤੀ ਇਲਾਕਾ ਸੀ ਇਸ ਲਈ ਇਧਰ ਰਣਜੀਤ ਸਿੰਘ ਦਾ ਰਾਜ-ਭਾਗ ਖੁੱਸਣ ਦਾ ਉਹੋ ਜਿਹਾ ਹੇਰਵਾਂ ਆਮ ਸਿੱਖਾਂ ਨੂੰ ਨਹੀਂ ਸੀ ਜਿਹੋ ਜਿਹਾ ਪੰਜਾਬ ਦੇ ਖਾਲਸਾ ਰਾਜ ਵਾਲੇ ਹਿਸੇ ਵਿਚ ਸੀ। ਦੂਜਾ ਕਾਰਨ, ਫੂਲਕੀਆਂ ਰਿਆਸਤਾਂ ਨੂੰ, ਅੰਗਰੇਜ਼ ਸਰਕਾਰ ਨਾਲ ਸੰਧੀ ਕਰਨ ਕਰਕੇ ਅਜੇ ਅੰਗਰੇਜ਼ੀ ਰਾਜ ਏਨਾ ਭੈੜਾ ਵੀ ਨਹੀਂ ਸੀ ਲੱਗਦਾ। ਇਸ ਦਾ ਅਸਰ ਰਿਆਸਤੀ ਸਿੱਖ ਵਸੋਂ ਤੇ ਵੀ ਸੀ, ਜੋ ਇਹਨਾਂ ਰਾਜਿਆਂ ਨੂੰ ਗੁਰੂ ਸਾਹਿਬ ਤੋਂ ਵਰੋਸਾਏ ਸਮਝਦੇ ਸਨ। ਇਕ ਭਾਈ ਥੰਮਣ ਸਿੰਘ ਪਟਿਆਲਾ ਰਾਜ ਦੀ, ਨਜ਼ਾਮਤ ਬਰਨਾਲਾ ਦੇ ਪਿੰਡ ਫਰਵਾਹੀ ਤੇਲੀਆਂ ਵਾਲੀ ਵਿਚ ਹੋਏ ਹਨ। ਉਹ ਵਰਤਾ ਕੇ ਛਕਣ ਵਾਲੇ ਤਪੱਸਵੀ ਸਨ। ਬਿਰਤੀ ਮਸਤਾਨੀ ਵਿਚ ਬਹੁਤ ਸਾਰੇ ਤੇਲ ਦੀ ਮਸਾਲ ਬਾਲਕੇ ਰੋਸ਼ਨੀ ਕੀਤੀ ਅਤੇ ਕਹਿਣ ਲੱਗੇ ਕਿ ਇਹ ਰੋਸ਼ਨੀ, ਰੂਸ ਦੇ ਹਿੰਦ ਵਿਚ ਆਉਣ ਦੀ ਖੁਸ਼ੀ ਵਿਚ ਕੀਤੀ ਹੈ ਜਿਹਨੇ ਸਿੱਖ ਰਿਆਸਤਾਂ ਤੇ ਚੌਬਲਦਾ ਸੁਹਾਗਾ ਫੇਰਨਾ ਹੈ। ਸਿੱਖਾਂ ਨੂੰ ਇਹ ਗੱਲ ਚੰਗੀ ਨਾ ਲੱਗੀ ਕਿ ਇਹ ਗੁਰੂ ਤੋਂ ਵਰੋਸਾਈਆਂ ਰਿਆਸਤਾਂ ਨੂੰ ਅਪਸ਼ਬਦ ਬੋਲ ਰਿਹਾ ਹੈ। ਸ਼ਕਾਇਤ ਹੋਣ ਤੇ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਆਪਦੀ ਜ਼ੁਬਾਨ ਕਟਵਾ ਦਿੱਤੀ। ਇਸ ਘਟਨਾ ਤੋਂ ਕਈ ਵਰ੍ਹੇ ਬਾਦ ਪਿੰਡ ਬੱਛੋਆਣਾ ਥਾਣਾ ਬੁਢਲਾਡਾ ਵਿਚ ਆਪ ਦਾ ਦੇਹਾਂਤ ਹੋਇਆ। ਫਰਵਾਹੀ ਵਿਚ ਡੇਰਾ ਤੇ ਬੱਛੋਆਣਾ ਵਿਚ ਸਮਾਧ ਬਣੀ ਹੈ।[3] ਇਹ ਗੱਲ ਸਾਬਤ ਕਰਦੀ ਹੈ ਕਿ ਉਚੀ ਬਿਰਤੀ ਵਾਲੇ ਮਸਤਾਨੇ ਸਿੰਘਾਂ ਨੂੰ, ਸਿੱਖ ਰਾਜਿਆਂ ਦੁਆਰਾ ਫਰੰਗੀ ਦੀ ਤਾਬਿਆਦਾਰੀ ਕਰਕੇ, ਉਸਦਾ ਹੱਥ-ਠੋਕਾ ਬਣਨਾ ਚੰਗਾ ਨਹੀਂ ਸੀ ਲੱਗਦਾ ਭਾਵੇਂ ਆਮ ਸਿੱਖਾਂ ਦਾ ਨਜ਼ਰੀਆ ਇਹਨਾਂ ਪ੍ਰਤੀ ਹਮਦਰਦੀ ਵਾਲਾ ਸੀ। ਆਮ ਸਿੱਖ ਜਨਤਾ ਦੀ, ਇਹਨਾਂ ਰਿਆਸਤਾਂ ਨਾਲੋਂ ਹਮਦਰਦੀ ਖੁੱਸਣ ਦੇ ਕਾਰਨਾਂ ਵਿਚ, ਸਿੱਖ-ਅੰਗਰੇਜ਼ ਲੜਾਈਆਂ ੧੮੫੭ ਦਾ ਪਹਿਲਾ ਵਿਦਰੋਹ ਅਤੇ ਕੂਕਾ ਵਿਦਰੋਹ ਸਮੇਂ ਇਹਨਾਂ ਦੀ ਅੰਗਰੇਜ਼ ਪ੍ਰਸਤ ਭੂਮਿਕਾ ਹੀ ਹੈ।

ਸੋ, ਵਕਤ ਦੇ ਰਿਵਾਜ ਅਨੁਸਾਰ ਭਾਈ ਕਾਹਨ ਸਿੰਘ ਸਕਰੌਦੀ, ਜ਼ਮੀਨ ਜ਼ਿਆਦਾ ਖੁੱਲ੍ਹੀ ਨਾ ਹੋਣ ਕਾਰਨ, ਪਟਿਆਲਾ ਸ਼ਹਿਰ ਵਿਚ ਰਿਆਸਤ ਦੀ ਮੁਲਾਜ਼ਮਤ ਵਿਚ ਚਲਾ ਗਿਆ ਅਤੇ ਗੱਭਰੂ ਹੋਣ ਤੇ ਆਪਣੇ ਪੁੱਤਰ ਹੀਰਾ ਸਿੰਘ ਨੂੰ ਵੀ ਉੱਥੇ ਹੀ ਆਪਣੇ ਪਾਸ ਰਿਆਸਤ ਦੇ ਬਸਤਰਖਾਨੇ ਵਿਚ ਭਰਤੀ ਕਰਵਾ ਦਿੱਤਾ।[4] ਹੀਰਾ ਸਿੰਘ ਦੇ ਪਟਿਆਲਾ ਸਰਕਾਰ ਦੀ ਨੌਕਰੀ ਵਿਚ ਜਾਣ ਦਾ ਸੰਨ ੧੮੬੫ ਈ. ਸੰਭਾਵਿਤ ਹੈ। ਉਸ ਸਮੇਂ ਪਟਿਆਲੇ ਦੀ ਗੱਦੀ ਤੇ ਮਹਾਰਾਜਾ ਮਹਿੰਦਰ ਸਿੰਘ ਬੈਠਦਾ ਸੀ। ਹੀਰਾ ਸਿੰਘ ਨੂੰ ਇਹ ਨੌਕਰੀ ਮਸਾਂ ਤਿੰਨ ਚਾਰ ਸਾਲ ਹੀ ਕਰਨੀ ਮਿਲੀ ਕਿਉਂਕਿ ਉਸ ਦੇ ਕਰਨ ਵਾਲੇ ਹੋਰ ਵਡੇਰੇ ਕੰਮ ਸਨ, ਜਿਹਨਾਂ ਸਦਕਾ ਉਸਨੇ ਆਪਣੇ ਪਿੰਡ, ਪਰਿਵਾਰ, ਇਲਾਕੇ ਤੇ ਮੁਲਕ ਦਾ ਨਾਮ ਦੇਸਾਂ ਦੇਸਾਂਤਰਾਂ ਵਿਚ ਉਘਾ ਕਰਨਾ ਸੀ।

ਜੇ. ਡੋਨੋਂਵਨ (Donovan), ਦੁਰਾਹਾ (ਲੁਧਿਆਣਾ) ਵਿਖੇ, ਦਿੱਲੀ ਰੇਲਵੇ ਦੇ ਅਧਿਕਾਰੀ ਨੂੰ ਜੋ ਪੱਤਰ ੩੦ ਸਿਤੰਬਰ ੧੮੬੮ ਨੂੰ ਵਾਇਸਰਾਏ ਹਿੰਦ ਨੂੰ ਲਿਖਿਆ, ਉਸ ਮੁਤਾਬਿਕ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਸ. ਮੰਗਲ ਸਿੰਘ ਬਿਸ਼ਨਪੁਰਾ ਨੇ, ਗੁਰੂ ਰਾਮ ਸਿੰਘ ਨੂੰ ਉਸਦੀਆਂ ਅੰਗਰੇਜ਼ ਸਰਕਾਰ ਵਿਰੋਧੀ ਤਿਆਰੀਆਂ ਲਈ, ਚਾਰ ਲੱਖ ਰੁਪੈ ਦਿਤੇ ਹਨ ਅਤੇ ਵੇਲਾ ਆਉਣ ਤੇ ਨਾਭਾ, ਪਟਿਆਲਾ, ਜੀਂਦ ਆਦਿ ਸਾਰੇ ਸਿੱਖ ਰਾਜੇ ਅਤੇ ਹੋਰ ਇਲਾਕਾਈ ਮੁਖੀ ਆਪਣੀਆਂ ਸੈਨਾਵਾਂ ਤੇ ਅਸਲੇ ਸਮੇਤ ਗੁਰੂ ਰਾਮ ਸਿੰਘ ਨਾਲ ਮਿਲ ਜਾਣਗੇ, ਇਸ ਲਈ ਇਸ ਮੁਲਕ ਵਿਚ ਵੱਧ ਤੋਂ ਵੱਧ ਯੋਰਪੀਨ ਸੈਨਾ ਤਾਈਨਾਤ ਕੀਤੀ ਜਾਵੇ।[5] ਇਸ ਉਹ

Namdhari Elibrary ਵਰਿਆਮ ਜਨਵਰੀ-ਮਾਰਚ NamdhariElibrary@gmail.com

ਸਮਾਂ ਸੀ ਜਦੋਂ ਮਹਾਰਾਜਾ ਪਟਿਆਲਾ ਦੇ ਕੂਕਾ ਬਨਣ ਦੀ ਅਫਵਾਹ ਜੋਰਾਂ ਤੇ ਸੀ। ਨਾਮਧਾਰੀ ਪੰਥ ਦਾ ਤਦੋਂਕਾ ਇਤਿਹਾਸਕਾਰ, ਭਾਈ ਸੰਤੋਖ ਸਿੰਘ ਬਾਹੋਵਾਲ ਵੀ ਇਸ ਘਟਨਾ ਵੱਲ ਇਸ਼ਾਰਾ ਕਰਦਾ ਹੈ ਕਿ ਭਾਈ ਹੀਰਾ ਸਿੰਘ ਸਕਰੌਦੀ ਦੇ ਪਿਤਾ ਨੇ ਨਾਮਧਾਰੀ ਸਿੰਘਾਂ ਦਾ ਭਜਨ ਲਿਆ ਹੋਇਆ ਸੀ। ਉਸਦੀ ਮਰਜ਼ੀ ਹੋਈ ਕਿ ਸ੍ਰੀ ਭੈਣੀ ਸਾਹਿਬ ਤੋਂ ਸਿੰਘ ਲਿਆ ਕੇ ਪਾਠਾਂ ਦੇ ਭੋਗ ਪੁਆਏ ਜਾਣ। ਸਤਿਗੁਰੂ ਜੀ ਨੇ ਪੱਚੀ ਸਿੰਘ ਪਾਠੀ, ਦੋ ਸੂਬੇ ਅਤੇ ਰਾਗੀ ਭੇਜੇ। ਰਾਜੇ ਦੇ ਬਾਗ ਵਿਚ ਤੰਬੂ ਲੁਆ ਕੇ ਡੇਰੇ ਲੁਆ ਦਿੱਤੇ। ਇਕ ਦੂਲਾ ਸਿੰਘ ਸਿਪਾਹੀ ਜੋ ਮਸ਼ਕਰਾ ਸੀ ਉਸਨੂੰ ਰਾਜੇ ਨੇ ਕਿਹਾ ਜਾਹ ਕੂਕਿਆਂ ਦਾ ਭਜਨ ਪੁੱਛ ਆ ਅਤੇ ਆ ਕੇ ਦੱਸੀਂ। ਪਰ ਭਜਨ ਨੇ ਉਸਦੀ ਬਿਰਤੀ ਬਦਲ ਦਿੱਤੀ। ਉਸ ਰਾਜੇ ਨੂੰ ਭਜਨ ਸਿੰਘਾਂ ਦੇ ਹੁਕਮ ਦੇਣ ਤੇ ਦੱਸ ਦਿੱਤਾ। ਰਾਜੇ ਨੇ ਲੰਗਰ ਦੀ ਅਰਜ਼ ਕੀਤੀ। ਸਿੰਘਾਂ ਦੀ ਸ਼ਰਤ ਸੀ ਕਿ ਸਾਥੋਂ ਭਜਨ ਪੁੱਛੇਗਾ ਤਾਂ ਛਕਾਂਗੇ। ਨਾ ਉਸ ਭਜਨ ਪੁੱਛਿਆ ਨਾ ਉਸਦਾ ਲੰਗਰ ਹੋਇਆ। ਰਾਜੇ ਨੇ ਅੰਗਰੇਜ਼ ਸਰਕਾਰ ਦਾ ਭੈਅ ਦੱਸਿਆ ਕਿਉਂਕਿ ਉਹ ਅਜੇ ਬਾਲਗ ਨਹੀਂ ਸੀ ਹੋਇਆ ਤੇ ਰਾਜ ਪ੍ਰਬੰਧ "ਕੌਂਸਲ ਆਫ ਰੀਜੈਂਸੀ" ਦੇ ਹੱਥ ਸੀ। ਪਰ ਉਸ ਦੀ ਫੌਜ ਦੇ ਬਹੁਤ ਸਾਰੇ ਸਿਪਾਹੀਆਂ ਨੇ ਭਜਨ ਲਿਆ। ਜਦੋਂ ਰਾਜੇ ਨੂੰ ਮਾਲੂਮ ਹੋਇਆ ਕਿ ਪਟਿਆਲਾ ਸ਼ਹਿਰ ਵਿਚ ਕੂਕਿਆਂ ਦੇ ਦੀਵਾਨਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਉਹਨਾਂ ਦੇ ਸੰਗਠਨ ਵਿਚ ਸ਼ਾਮਲ ਹੋਣ ਲੱਗ ਪਏ ਹਨ ਤਾਂ ਉਸ ਜਿਹਨਾਂ ਸਿੰਘਾਂ ਨੇ ਭਜਨ ਲਿਆ ਸੀ ਉਹਨਾਂ ਦੇ ਨਾਵੇਂ ਕੱਟ ਦਿੱਤੇ ਆਪਣੇ ਵੱਖ ਵੱਖ ਮਹਿਕਮਿਆਂ ਵਿਚੋਂ ਅਤੇ ਨਾਮਧਾਰੀ ਸਿੰਘ ਜੋ ਸੂਬਾ ਕਾਹਨ ਸਿੰਘ 'ਚੱਕਵਾਲੇ' ਦੀ ਅਗਵਾਈ ਵਿਚ ਦੀਵਾਨ ਲਾ ਰਹੇ ਸਨ ਉਹਨਾਂ ਨੂੰ ਰਾਤੋ ਰਾਤ ਹੀ ਪਟਿਆਲਾ ਛੱਡਣ ਦਾ ਹੁਕਮ ਚਾਹੜ ਦਿੱਤਾ। ਸ਼ਹੀਦੀ ਜਥਾ ਮਲੇਰਕੋਟਲੇ ਦੇ ਨਾਇਬ ਜਥੇਦਾਰ ਭਾਈ ਲਹਿਣਾ ਸਿੰਘ ਦਾ ਨਾਵਾਂ ਵੀ ਕੱਟ ਦਿੱਤਾ ਗਿਆ।[6] ਇਹ ਘਟਨਾ ੧੮੬੮ ਈ. ਦੀ ਹੈ ਸਰਦੀਆਂ ਦੇ ਮੌਸਮ ਦੀ।

ਹੀਰਾ ਸਿੰਘ ਦੀ ਮਾਈ ਨੇ ਭਜਨ ਬਾਬਾ ਗਿਆਨੀ ਸਿੰਘ ਸੂਬੇ (ਉਰਫ ਰਤਨ ਸਿੰਘ ਮੰਡੀ ਕਲਾਂ) ਤੋਂ ਲਿਆ ਸੀ। ਸੰਨ ੧੮੬੯ ਦੀ ਦੀਪਾਵਲੀ ਸਮੇਂ ਸਕਰੌਦੀ ਪਿੰਡ ਵਿਚ ਹੋਏ ਇਕ ਵੱਡੇ ਮੇਲੇ ਸਮੇਂ ਜੋ ਸਤਿਗੁਰੂ ਜੀ ਨੇ ਮਾਈ ਦੇ ਕਹਿਣ ਤੇ ਕਰਵਾਇਆ ਸੀ ਦਰਸ਼ਨ ਦਿੱਤੇ। ਮਾਈ ਦੇ ਮੇਲੇ ਤੇ ਪਟਿਆਲੇ ਤੋਂ ਛੁੱਟੀ ਲੈ ਕੇ ਭਾਈ ਹੀਰਾ ਸਿੰਘ ਵੀ ਆਪਣੇ ਸੰਗੀਆਂ-ਸਾਥੀਆਂ ਸਮੇਤ ਆਇਆ। ਮੇਲਾ ਵੇਖਿਆ, ਸੇਵਾ ਕੀਤੀ ਅਤੇ ਫਿਰ ਜਦੋਂ ਉਸਨੂੰ ਵੀ ਪ੍ਰੇਮ ਦੀ ਖਿੱਚ ਪਈ ਉਸ ਵੀ ਸੂਬਾ ਕਾਹਨ ਸਿੰਘ ਚੱਕਵਾਲੇ ਤੋਂ ਨਾਮ ਦੀ ਦਾਤ ਹਾਸਲ ਕਰਕੇ ਸੰਤ ਖਾਲਸੇ ਨਾਲ ਪੱਕੀ-ਪੀਢੀ ਗੰਢ ਪਾ ਲਈ। ਉਸਨੂੰ ਨਾਮ ਦੁਆਉਣ ਦੀ ਸਿਫਾਰਸ਼ ਸਤਿਗੁਰਾਂ ਪਾਸ ਵੀ ਹੀਰਾ ਸਿੰਘ ਦੀ ਮਾਈ ਨੇ ਕੀਤੀ ਸੀ। ਮਾਈ ਵੀ ਦਾਤੇ, ਭਗਤ ਜਾਂ ਸੂਰਮੇ ਪੁੱਤਰ ਦੀ ਮਾਂ ਬਣ ਕੇ ਸਪੁੱਤੀ ਹੋਣਾ ਚਾਹੁੰਦੀ ਸੀ। ਉਸਦੀ ਇਹ ਮਨਸ਼ਾ ਛੇਤੀ ਹੀ ਪੂਰੀ ਹੋਣ ਵਾਲੀ ਸੀ। ਹੀਰਾ ਸਿੰਘ ਨਾਮ ਦੀ ਦਾਤ ਲੈ ਕੇ 'ਸੂਰਬੀਰ ਸਿੰਘ ਸਜਿਆ। ਮਾਲਾ ਨਾਲ ਪਰੋਤਾ। ਅੰਮ੍ਰਿਤ ਛਕਿਆ ਤੇ ਫਿਰ ਨਾਵਾਂ ਕਟਵਾਇ ਲਿਆ। ਰਾਤ ਦਿਨ ਭਜਨ ਕਰਨਾ ਅਰੰਭ ਦਿੱਤਾ। ਨਾਮ ਦੇ ਰੰਗ ਵਿਚ ਮਸਤ ਹੋਇਆ। ਦਿਆਲਗੜੀਆ ਵਸਾਵਾ ਸਿੰਘ, ਭੂਪ ਸਿੰਘ, ਵਰਿਆਮ ਸਿੰਘ, ਭਾਈ ਹੀਰਾ ਸਿੰਘ ਦੇ ਨਾਲ ਜਥਾ ਹੋ ਗਿਆ। ਲੈਹਣਾ ਸਿੰਘ, ਅਨੂਪ ਸਿੰਘ ਦੋਨੋਂ ਚਾਚੇ ਤਾਏ ਦੇ ਪੁੱਤ ਭਰਾ ਸਨ। ਇਹ ਵੀ ਰਲ ਕੇ ਉਠਨੇ ਬੈਠਨੇ ਲਗੇ। ੧੯੨੬ ਕੀ ਦੀਪ ਮਾਲਾ ਪਰ ਮੇਲਾ ਰਚਿਆ।"[7]

ਇਉਂ ਇਸ ਮੇਲੇ ਦੇ ਬਹਾਨੇ ਸਾਕਾ ਮਲੇਰਕੋਟਲਾ ਤੋਂ ਦੋ ਕੁ ਸਾਲ ਪਹਿਲਾਂ ਭਾਈ ਹੀਰਾ ਸਿੰਘ ਨੇ ਕੂਕਾ ਜਥੇਬੰਦੀ ਵਿਚ ਭਰਤੀ ਹੋ ਕੇ, ਉਸਦੇ ਅਗਵਾਨੂੰ ਦਸਤੇ ਦੇ ਤੌਰ ਤੇ ਆਪਣੇ 'ਮਸਤਾਨਾ ਦਲ' ਦਾ ਗਠਨ ਸ਼ੁਰੂ ਕਰ ਦਿੱਤਾ ਤਾਂਕਿ ਵਕਤ ਆਉਣ ਤੇ ਉਹ ਆਪਣੇ ਜ਼ਿੰਮੇ ਲੱਗੇ ਇਤਿਹਾਸਕ ਯੋਗਦਾਨ ਨੂੰ ਸੁਚੱਜੇ ਢੰਗ ਨਾਲ ਨਿਭਾਅ ਸੱਕਣ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਜਦੋਂ ਪਟਿਆਲੇ ਦੀ ਮੁਲਾਜ਼ਮਤ ਵਿਚੋਂ ਨਾਵਾਂ ਕਟਾ ਕੇ ਹੀਰਾ ਸਿੰਘ ਹੋਰੀਂ ਆਏ ਤਾਂ ਸੌ ਸਵਾਰ-ਭਾਈ ਹੀਰਾ ਸਿੰਘ ਹੋਰਾਂ ਦੇ ਭਾਈਚਾਰੇ ਦੇ ਇਕੋ ਦਿਨ ਪਟਿਆਲੇ ਦੀ ਨੌਕਰੀ ਛੱਡ ਆਏ ਸਨ। ਹੁਣ ਜਦੋਂ ਇਹ ਰੰਗ ਵਿਚ ਹੋ ਗਏ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ, ਮਾਤਾ ਵਲੋਂ ਕੀਤੇ ਮੇਲੇ ਦੇ ਭੋਗ ਬਾਅਦ, ਇਕ ਦਿਨ ਹੋਰ ਇੱਥੇ ਸਕਰੌਦੀ ਰੋਕਣ ਲਈ ਕਹਿੰਦੇ ਹਨ–"ਮਹਾਰਾਜ ਮਾਈ ਨੇ ਤਾਂ ਮੇਲਾ ਕਰ ਲਿਆ, ਹੁਣ ਅਸੀਂ ਮੇਲੀ ਕਰ ਲਈਏ, ਸਾਧ-ਸੰਗਤ ਇਕ ਦਿਨ ਹੋਰ ਦਰਸ਼ਨ ਦੇਵੇ।" ਜਿਹੜੀ ਇਹਨਾਂ ਦੇ ਘਰੋਂ ਬੀਬੀ ਸੀ ਉਹ ਸਰਦਾਰਾਂ ਦੀ ਲੜਕੀ ਸੀ। ਇਹਨਾਂ ਨੂੰ ਲੱਗ ਗਿਆ ਸੀ ਰੰਗ।"[8]

ਫਿਰ ਭਾਈ ਹੀਰਾ ਸਿੰਘ ਆਪਣੇ ਸਿੰਘਾਂ ਸਮੇਤ ਗੁਰਦੁਆਰੇ ਸ੍ਰੀ ਭੈਣੀ ਸਾਹਿਬ ਆ ਗਏ ਸਤਿਗੁਰੂ ਜੀ ਦੇ ਦੌਰੇ ਦੇ ਨਾਲ ਹੀ। ਇੱਥੇ ਆਪਣੇ ਜਥੇ ਸਮੇਤ ਰਾਤ ਨੂੰ ਅਕਾਲ ਬੁੰਗੇ ਹੀ ਬਿਰਾਜਦੇ। ਸਤਿਗੁਰੂ ਜੀ ਕਦੀ ਕਦੀ ਇਹਨਾਂ ਦੀ ਸ਼ਾਮ ਨੂੰ ਖਬਰ ਸਾਰ ਪੁੱਛ ਜਾਂਦੇ, ਦਰਸ਼ਨ ਮੇਲੇ ਦੇ ਜਾਂਦੇ। ਹੁਣ ਇਹ ਦੋ



Namdhari Elibrary NamdhariElibrary@gmail.com

ਸਵਾ ਦੋ ਸਾਲ ਦਾ ਭਾਈ ਹੀਰਾ ਸਿੰਘ ਜੀ ਦਾ ਸਮਾਂ ਉਹਨਾਂ ਦੀ ਸੰਗਤ ਵਿਚ ਹੀ ਦੌਰੇ ਨਾਲ ਜਾਂ ਸ੍ਰੀ ਭੈਣੀ ਸਾਹਿਬ ਹੀ ਬਤੀਤ ਹੋਇਆ। ਆਪ ਦੀ ਸਿੰਘਣੀ ਪਟਿਆਲੇ ਹੀ ਸੀ ਅਜੇ ਅਤੇ ਸਰਕਾਰੀ ਖਜ਼ਾਨੇ ਵਿਚੋਂ ਕੁਝ ਸਮਾਂ ਆਪ ਦੀ ਤਨਖਾਹ ਉਸਨੂੰ ਮਿਲ ਜਾਂਦੀ ਰਹੀ। ਪਰ ਬਾਅਦ ਵਿਚ ਜਦੋਂ ਤਨਖਾਹ ਉੱਕਾ ਬੰਦ ਹੋ ਗਈ ਤਾਂ ਕੁਝ ਸਮਾਂ ਉਹ ਬੀਬੀ ਵੀ ਸੰਗਤ ਵਿਚ ਆਪ ਨਾਲ ਆ ਰਹਿਣ ਲੱਗ ਪਈ। ਭੈਣੀ ਸਾਹਿਬ ਤੋਂ ਕੁਝ ਧਨ, ਜੋ ਆਪ ਪਿੰਡੋਂ ਲਿਆਏ ਸਨ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪਣੀ ਮਾਤਾ ਨੂੰ ਵਾਪਸ ਕਰ ਦਿੱਤਾ। ਫਿਰ ਆਪਣੇ ਜਥੇ ਦੇ ਸਿੰਘਾਂ ਸਮੇਤ ਰੜ (ਮਲੇਰਕੋਟਲਾ ਰਿਆਸਤ) ਪਿੰਡ ਵਿਚ ਆਪਣਿਆਂ ਨਾਨਕਿਆਂ ਪਾਸ ਜਾ ਰਹੇ ਅਤੇ ਉਹਨਾਂ ਨੂੰ ਵੀ ਆਪਣੇ ਦਲ ਵਿਚ ਸ਼ਾਮਲ ਹੋਣ ਲਈ ਉਤਸਾਹਿਤ ਕੀਤਾ।

ਮਾਰਚ ੧੯੭੦ ਵਿਚ ਅਨੰਦਪੁਰ ਸਾਹਿਬ ਦੇ ਦੂਜੇ ਹੋਲੇ ਮਹੱਲੇ ਤੇ ਬਾਬਾ ਬਿਸ਼ਨ ਸਿੰਘ ਕਾਬਲ ਵਾਲਾ ਵੀ ਆਇਆ ਸੀ। ਜਿਸ ਨੇ ਨਿਹੰਗ ਸਿੰਘਾਂ ਜਿਉਂ ਦੁਮਾਲੇ ਉੱਚੇ ਤੇ ਫਰਰੇ ਸਜਾਏ ਸਨ। ਇਸ ਬਿਸ਼ਨ ਸਿੰਘ ਦਾ ਵੀ ਭਾਈ ਹੀਰਾ ਸਿੰਘ ਹੋਰਾਂ ਨਾਲ ਚੰਗਾ ਮੇਲਜੋਲ ਬਣ ਗਿਆ ਸੀ। ਜਦੋਂ ਹੋਲੇ ਮਹੱਲੇ ਤੋਂ ਵਾਪਸ ਆਏ ਤਾਂ ਭਾਈ ਹੀਰਾ ਸਿੰਘ ਹੋਰਾਂ ਨੇ ਆਪਣੇ ਪਿੰਡਾਂ ਸਮੇਤ ਰਾਮਦਾਸਪੁਰੇ (ਸ੍ਰੀ ਭੈਣੀ ਸਾਹਿਬ) ਵਿਖੇ ਹੀ ਠਹਿਰਨ ਦਾ ਸੰਕਲਪ ਕੀਤਾ। ਪ੍ਰੰਤੂ ਆਪਦੀ ਮਸਤਾਨੀ ਬਿਰਤੀ ਨੂੰ ਵੇਖ ਕੇ ਮਾਤਾ ਅਤੇ ਸਿੰਘਣੀ ਪਰੇਸ਼ਾਨ ਹੋ ਕੇ, ਇਹਨਾਂ ਨੂੰ ਘਰ ਭੇਜਣ ਲਈ ਸਤਿਗੁਰੂ ਜੀ ਪਾਸ ਅਰਜ਼ ਕੀਤੀ। ਇਹ ਜਿੱਥਿ ਟਿਕੇ ਹੋਏ ਸਨ ਸਤਿਗੁਰੂ ਜੀ ਉੱਥੇ ਪੁੱਜੇ। ਬਾਹੋਵਾਲ ਜੀ ਲਿਖਦੇ ਹਨ, "ਸਤਿਗੁਰੂ ਜੀ ਭੀ ਗਏ। ਬਚਨ ਕੀਤਾ ਹੀਰਾ ਸਿੰਘ, ਤੁਸੀਂ ਘਰ ਜਾਵੋ ਹਲ ਵਾਹੋ ਅਤੇ ਘਰ ਮੈ ਰਹੋ। ਹੀਰਾ ਸਿੰਘ ਨੇ ਕਿਹਾ ਕਿ ਹਲ ਤਾਂ ਅਸੀਂ ਫੂਕ ਦਿੱਤੇ ਹੈਂ। ਲਹਿਣਾ ਸਿੰਘ ਨੇ ਕਿਹਾ ਕਿ ਹਲ ਤਾਂ ਮੈਂ ਬੀ ਫੂਕ ਦਿੱਤਾ ਹੈ। ਨੰਦ ਸਿੰਘ ਅਨੂਪ ਸਿੰਘ ਏਨਾ ਨੇ ਕਹਿਆ ਅਸੀਂ ਬੀ ਫੂਕ ਦਿੱਤੇ ਹੈਂ ਹਲ। ਦੀਨ ਦਿਆਲ ਜੀ ਬੋਲਾ ਕੀਤਾ ਤੇਜੀ ਮੈਂ ਹੋਇਕੇ, ਹਲ ਤਾਂ ਫੂਕ ਦਿੱਤੇ ਹੈਂ ਤੇ ਕੰਮ ਜੁਲਾਹਿਆਂ ਦਾ ਕਰੋਗੇ? ਜਾਵੋ ਇਕ ਵਾਰੀ ਸਕਰੌਦੀ।...ਸ੍ਰੀ ਸਤਿਗੁਰੂ ਜੀ ਕਾ ਬਚਨ ਮੰਨ ਕੇ ਫੇਰ ਸਕਰੌਦੀ ਗਏ। ਜਾ ਕੇ ਅਖੰਡ ਪਾਠ ਧਰਿਆ। ਭੋਗ ਪੁਆਇਆ। ਧਰਮ ਅਰਥ ਧਨ ਲਾਵਨ ਲਗੇ। ਆਏ ਗਏ ਸਿੰਘਾਂ ਗਰੀਬਾਂ ਨੂੰ ਛਕਾਵਣਾ ਸ਼ੁਰੂ ਕੀਤਾ। ਦੇਗ ਤੇਗ ਦੇ ਧਨੀਂ। ਬੋਲ ਤੋਲ ਕੇ ਪੂਰੇ। ਧਰਮ ਰੀਤੀ ਧਾਰੀ, ਬਲੀ ਹਠੀਲੇ ਸਿੰਘ। ਕਰਕੇ ਬਚਨ ਪਾਲਨੇ ਵਾਲੇ। ਸਰੂਪ ਸਿੰਘਾਂ ਕੇ ਬਾਲਕਾਂ ਵਾਂਗੂੰ ਨਜ਼ਰ ਆਂਵਦੇ ਹੈਨ। ਹੰਸਾਂ ਵਾਂਗੂੰ ਸ਼ਕਲਾਂ। ਅੰਮ੍ਰਿਤ ਪ੍ਰੇਮ ਮੈ ਜਿਨ੍ਹਾਂ ਕੀ ਦੇਹ ਭਿਜੀ ਹੋਈ ਹੈ। ਸ਼ੇਰ ਵਾਂਗੂ ਬੋਲਾ ਗੱਜ ਕੇ ਕਰਦੇ ਹੈਂ। ਜਾਂ ਬੋਲਦੇ ਹੈਂ ਸ਼ਬਦ ਤਾਂ ਮਾਨੋ ਅੰਮ੍ਰਿਤ ਕੀ ਬਾਰਸ਼ ਹੁੰਦੀ ਹੈ। ਦਰਸ਼ਨ ਕਰਕੇ ਰੱਬ ਯਾਦ ਔਂਦਾ ਹੈ।

"ਭਾਈ ਹੀਰਾ ਸਿੰਘ ਕਾ ਸਰੀਰ ਦਰਮਿਆਨਾ ਸੀ। ਚੌਗਿਰਦ ਦਾੜ੍ਹਾ ਘੇਰੇਦਾਰ। ਜਦ ਬੋਲਦੇ ਹੈਂ ਤਾਂ ਮਾਨੋ ਧਰਤੀ ਨਾਲ ਬੋਲਦੀ ਹੈ। ਚਾਲੀ ਸੇਰਾ ਬੇਮੁਹਤਾਜ ਬੋਲਾ ਕਰਦੇ ਹੈ ਭਾਵੇਂ ਕੋਈ ਗੁੱਸਿ ਹੀ ਹੋਵੇ। ਜੋ ਸਿੰਘ ਆਵੇ ਬੜੇ ਪ੍ਰੇਮ ਨਾਲ ਸੇਵਾ ਕਰਨੀ। ਧਰਮਸਾਲ ਬਣਵਾਇ ਕੇ ਵਿਚ ਖੂਹੀ ਲਵਾਇ ਦਿੱਤੀ ਆਏ ਗਏ ਵਾਸਤੇ ਬਿਸਰਾਮ ਕੋ। ਸਵਾ ਪਹਿਰ ਸੇ ਇਸ਼ਨਾਨ ਕਰਨਾ। ਰਾਤ ਦਿਨ ਭਜਨ ਬਾਣੀ ਪੜ੍ਹਨੇ ਲਗੇ। ਦਸਵੇਂ ਪਾਤਸ਼ਾਹ ਜੀ ਦੀਆਂ ਬਾਣੀਆਂ ਪੜ੍ਹਨੀਆਂ ਤੇ ਕੰਠ ਭੀ ਕਰਨੇ ਲਗੇ। ਮਾਨ ਸਰੋਵਰ ਸੇ ਹੰਸ ਆਏ ਲੱਥੇ ਹੈਂ ਨਾਮ ਕੇ ਮੋਤੀ ਚੁਗਦੇ ਹੈਂ। ਕਈਆਂ ਸਿੰਘਾਂ ਕਾ ਜਥਾ ਇਕੱਤਰ ਹੋਇਆ। ਜੋ ਭਾਈ ਹੀਰਾ ਸਿੰਘ ਬਚਨ ਕਰੇ ਸੋਈ ਸਿੰਘਾਂ ਨੇ ਮੰਨਣਾਂ। ਦਿਬ ਦ੍ਰਿਸਟ ਖੋਲ੍ਹ ਦਿੱਤੀ। ਚਾਨਣਾ ਕਰ ਦੀਆ। ਅਗਮ ਨਿਗਮ ਕੀ ਸਭ ਖਬਰ ਹੋਈ। ਅਖੰਡ ਪਾਠ ਕਾ ਭੋਗ ਪਾਇਕੇ ਕਈ ਸਿੰਘਾਂ ਕੋ ਨਾਲ ਲੈ ਆਏ। ਦਰਸ਼ਨ ਕੀਤਾ ਸ੍ਰੀ ਸਤਿਗੁਰੂ ਜੀ ਕਾ ਰਾਮਦਾਸਪੁਰੇ ਮੈਂ।"[੭]

ਇਉਂ ਸਾਡਾ ਪ੍ਰਿਥਮ ਇਤਿਹਾਸਕਾਰ ਭਾਈ ਹੀਰਾ ਸਿੰਘ ਦਾ ਸਰੀਰਕ ਪੱਖੋਂ ਨਖਸ਼ਿਖ ਵਰਣਨ ਕਰਕੇ, ਉਸਦੇ ਸੁਭਾਉ, ਬਿਰਤੀ, ਸੰਗਠਨ ਕੁਸ਼ਲਤਾ ਅਤੇ ਗੁਰੂ ਚਰਨਾਂ ਪ੍ਰਤੀ ਉਸਦੀ ਪ੍ਰੀਤੀ ਨੂੰ ਬੜੇ ਨਪੇ ਤੁਲੇ ਸ਼ਬਦਾਂ ਵਿਚ ਪ੍ਰਗਟ ਕਰਦਾ ਹੈ। ਹੁਣ ਭਾਈ ਹੀਰਾ ਸਿੰਘ ਸਤਿਗੁਰੂ ਜੀ ਦੇ ਦਰਸ਼ਨਾਂ ਤੋਂ ਬਿਨਾਂ ਇਕ ਘੜੀ ਪਲ ਵੀ ਵਿਰਵਾ ਨਹੀਂ ਰਹਿਣਾ ਚਾਹੁੰਦਾ, ਜਿਸ ਤਰ੍ਹਾਂ ਦਮੋਦਰ ਕਵੀ ਦੇ ਸ਼ਬਦਾਂ ਵਿਚ ਰਾਂਝੇ ਨੂੰ ਮਿਲਣ ਤੋਂ ਪਹਿਲਾਂ ਗੁਜ਼ਰ ਚੁੱਕੇ ਵਕਤ ਬਾਬਤ, ਹੀਰ ਕੁੜੀ ਦਾ ਝੋਰਾ ਹੈ:

"ਜੋ ਦਿਨ ਰਾਂਝੇ ਬਾਝੋਂ ਗੁਜ਼ਰੇ, ਮੈਨੂੰ ਪੱਛੋਤਾਉ ਤਿਨ੍ਹਾਂ ਦਾ।"

ਬਾਬਾ ਬਿਸ਼ਨ ਸਿੰਘ ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਅਤੇ ਮਾਘੀ ਤੇ ਸ੍ਰੀ ਮੁਕਤਸਰ ਸਤਿਗੁਰੂ ਜੀ ਤੇ ਸੰਗਤ ਦਾ ਦੀਦਾਰਾ ਕੀਤੀ। ਜਦੋਂ ਸਤਿਗੁਰੂ ਜੀ ਭੈਣੀ ਸਾਹਿਬ ਨੂੰ ਪਰਤ ਗਏ ਤਾਂ ਬਾਬਾ ਜੀ ਮਸਤਾਨੇ ਦਲ ਨਾਲ ਸਕਰੌਦੀ ਜਾ ਹਾਜ਼ਰ ਹੋਏ। ਭਾਈ ਹੀਰਾ ਸਿੰਘ ਨੇ ਸਿੰਘਣੀ ਦੇ ਕੁਝ ਗਹਿਣੇ ਵੀ ਭਾਈ ਬਿਸ਼ਨ ਸਿੰਘ ਹੋਰਾਂ ਨੂੰ ਭੇਟ ਕੀਤੇ। ਖਿਆਲ ਕੀਤਾ ਜਾਂਦਾ ਹੈ ਕਿ ਉਹਨਾਂ ਦੇ ਕਾਬਲ ਅਤੇ ਰੂਸ ਦੇ ਲੰਮੇ ਕੂਟਨੀਤਿਕ ਸਫਰਾਂ ਦੀ ਭਾਈ ਹੀਰਾ ਸਿੰਘ ਹੋਰਾਂ ਨੂੰ ਕੁਝ ਟੋਹ ਜ਼ਰੂਰ ਹੋਵੇਗੀ, ਜਿਸ ਲਈ ਨਕਦ ਮਾਇਆ ਪਾਸ ਨਾ ਹੋਣ ਤੇ ਗਹਿਣੇ ਅਰਦਾਸ ਕਰਾਉਣ ਵਿਚ ਆਪਨੇ ਪਰਹੇਜ਼ ਨਾ ਕੀਤਾ। ਦੂਜਾ ਉਹ


Namdhari Elibrary NamdhariElibrary@gmail.com

ਆਪਣੀ ਸਿੰਘਣੀ ਨੂੰ ਮਨਮੱਤੀ ਲਿਬਾਸ ਆਦਿ ਤੋਂ ਵਰਜਣ ਲਈ ਵੀ ਗਹਿਣਿਆਂ ਨਾਲੋਂ ਉਹਦਾ ਮੋਹ ਤੋੜਨਾ ਚਾਹੁੰਦੇ ਸਨ। ਇਕ ਵੇਰ ਜਦੋਂ ਇਸੇ ਬੀਬੀ ਨੇ ਪਰਾਂਦੇ ਗੁੱਤਾਂ ਦੇ ਜੰਜਾਲ ਵਿਚ ਕੇਸ ਜਕੜੀ ਰੱਖੇ, ਜਿਹਨਾਂ ਦਾ ਰੋਜ਼ਾਨਾ ਇਸ਼ਨਾਨ ਵੀ ਗੁਰਸਿੱਖ ਮਰਿਆਦਾ ਦਾ ਭਾਗ ਹੈ ਤਾਂ ਭਾਈ ਹੀਰਾ ਸਿੰਘ ਨੇ ਲਹਿਣਾ ਸਿੰਘ ਭਰਾ ਦੀ ਮੱਦਦ ਨਾਲ ਬੀਬੀ ਦੀ ਪਰਾਂਦੇ ਵਾਲੀ ਗੁੱਤ ਹੀ ਕੱਟ ਕੇ ਲੰਮੇ ਬਾਂਸ ਨਾਲ ਬੰਨ੍ਹ ਕੇ ਉਹਦਾ ਪਰਦਰਸ਼ਨ ਵੀ ਕੀਤਾ। ਸੂਬਾ ਜਵਾਹਰ ਸਿੰਘ ਨੇ ਜਦੋਂ ਇਸ ਕਿਰਿਆ ਨੂੰ ਪਸੰਦ ਨਾ ਕਰਦਿਆਂ ਕੱਟੀ ਗੁੱਤ ਵਾਂਸ ਨਾਲੋਂ ਖੋਹਲ ਕੇ ਛੱਪੜ ਵਿਚ ਨਪਾ ਦਿੱਤੀ ਤਾਂ ਇਸ ਗੱਲ ਤੋਂ ਵੀ ਮਸਤਾਨਿਆਂ ਅਤੇ ਸੂਬਿਆਂ ਵਿਚਾਲੇ ਤਨਾਤਨੀ ਪੈਦਾ ਹੋ ਗਈ ਸੀ।[10]

ਅਪ੍ਰੈਲ ੧੯੭੧ ਈ. ਨੂੰ ਬਾਬਾ ਖੁਸ਼ਹਾਲ ਸਿੰਘ ਸੂਬੇ ਦੇ ਸੱਦੇ ਤੇ ਸਤਿਗੁਰੂ ਜੀ ਨੇ ਦਮਦਮੇ ਸਾਹਿਬ ਦੀ ਵੈਸਾਖੀ ਤੋਂ ਬਾਅਦ ਬਾਬਾ ਜੀ ਦੇ ਪਿੰਡ ਬਰਾਜ ਦਰਸ਼ਨ ਦਿੱਤੇ। ਇੱਥੋਂ ਜਦੋਂ ਵਾਪਸ ਮੁੜ ਰਹੇ ਸਨ ਤਾਂ ਸੂਬਾ ਗਿਆਨੀ ਸਿੰਘ ਦਾ ਭਰਾ ਹਰਨਾਮ ਸਿੰਘ ਮੰਡੀ ਕਲਾਂ ਮਾਈਆਂ ਬੀਬੀਆਂ ਦੇ ਜਥੇ ਦੇ ਨਾਲ ਨਾਲ ਤੁਰਦਾ ਮਸਤਾਨੇ ਸਿੰਘਾਂ ਨੂੰ ਚੰਗਾ ਨਾ ਲੱਗਾ। ਵਰਜਣ ਤੇ ਵੱਧ ਘੱਟ ਬੋਲਿਆ। ਮਸਤਾਨਿਆਂ ਨੇ ਘੋੜੀ ਤੋਂ ਲਾਹ ਕੇ ਚੰਗਾ ਸਾਜਿਆ। ਮਰਨਾਊ ਕਰ ਦਿੱਤਾ। ਜਦੋਂ ਸੂਬਾ ਗਿਆਨੀ ਸਿੰਘ ਨੂੰ ਪਤਾ ਲੱਗਾ ਕਿ ਤੇਰੇ ਭਰਾ ਨੂੰ ਮਸਤਾਨਿਆਂ ਮਾਰ ਦਿੱਤਾ ਹੈ, ਉਸ ਗਰਮੀ ਵਿਚ ਆ ਕੇ ਲੋਥ ਨਾਲ ਲੋਥ ਲੰਮੀ ਪਾਉਣ ਦਾ ਸੰਕਲਪ ਕਰ ਲਿਆ। ਚੰਗੇ ਭਾਗਾਂ ਨੂੰ ਹਰਨਾਮ ਸਿੰਘ ਮਰਿਆ ਨਹੀਂ ਸੀ। ਸਾਰੇ ਸੂਬੇ ਮਸਤਾਨਿਆਂ ਖਿਲਾਫ ਸਤਿਗੁਰੂ ਜੀ ਪਾਸ ਫਰਿਆਦੀ ਹੋਏ। ਆਪ ਨੇ ਨੰਗਲੇ ਦੀ ਢਾਬ ਤੇ ਮਸਤਾਨਿਆਂ ਨੂੰ ਖੂਬ ਡਾਂਗ ਪਰਸਾਦ ਵਰਤਾਇਆ ਤੇ ਉਹਨਾਂ ਦਾ ਲੰਗਰ ਵਿਚੋਂ ਜਲ ਪ੍ਰਸ਼ਾਦ ਆਦਿ ਬੰਦ ਕਰ ਦਿੱਤਾ। ਮਸਤਾਨਿਆਂ ਨੇ ਬੜੇ ਸਿਦਕ ਨਾਲ ਕੁੱਟ ਵੀ ਖਾਧੀ ਅਤੇ ਗੁਰੂ ਹੁਕਮਾਂ ਤੇ ਫੁੱਲ ਚੜ੍ਹਾਉਂਦਿਆਂ ਤਿੰਨ ਦਿਨ ਅੰਨ ਜਲ ਵੀ ਨਾ ਛਕਿਆ ਨਾ ਹੀ ਏਨੇ ਦਿਨ ਸਤਿਗੁਰੂ ਜੀ ਨੇ ਕੁਝ ਛਕਿਆ। ਅਖੀਰ ਕਰਤਾਰਗੜ੍ਹ ਦੇ ਸਰਦਾਰ ਗੁਰਦਿਤ ਸਿੰਘ ਜੀ ਦੀ ਬੇਨਤੀ ਤੇ ਸਤਿਗੁਰੂ ਜੀ ਨੇ ਉਸਦੇ ਪਿੰਡ ਹੋ ਰਹੇ ਲੰਗਰ ਵਿਚ ਮਸਤਾਨਿਆਂ ਨੂੰ ਹੁਕਮ ਦੇ ਕੇ ਪਰਸ਼ਾਦ ਛਕਾਇਆ ਅਤੇ ਆਪ ਵੀ ਛਕਿਆ। ਇਸ ਪ੍ਰਥਾਇ ਪ੍ਰਸਿੱਧ ਕਵੀ ਵਿਧਾਤਾ ਸਿੰਘ ਤੀਰ ਇਸ ਪਰਸੰਗ ਨੂੰ ਆਪਣੀ ਇਕ ਉਤਕ੍ਰਿਸ਼ਟ ਕਵਿਤਾ "ਸਿੱਖੀ-ਸਿਦਕ" ਵਿਚ ਬਿਆਨ ਕਰਦੇ ਹੋਏ ਇਉਂ ਲਿਖਦੇ ਹਨ :

'ਤੀਰ' ਇਹ ਹੈ ਪਿਆਰ ਦੀ ਉੱਚ ਝਾਕੀ,
ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।
ਸਿੱਖ ਅੰਨ ਦੇ ਬਿਨਾਂ ਜੇ ਰਹੇ ਭੁੱਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।"

ਸਤਿਗੁਰੂ ਜੀ ਨੇ ਇਸ ਘਟਨਾ ਤੋਂ ਬਾਅਦ ਭਾਈ ਹੀਰਾ ਸਿੰਘ ਹੋਰਾਂ ਨੂੰ ਪੁੱਛਿਆ ਸੀ, "ਕਿਉਂ ਬਈ ਹੀਰਾ ਸਿੰਘ! ਪਤਾ ਜੇ ਮੈਂ ਤੁਹਾਨੂੰ ਕਿਉਂ ਕੁੱਟਿਆ ਸੀ? ਕਿਸ ਗੁਨਾਹ ਕਰਕੇ?" ਆਪਦਾ ਜੁਆਬ ਸੀ, "ਸੱਚੇ ਪਾਤਸ਼ਾਹ ਸਾਡੇ ਵਿਚ ਕੋਈ ਇਕ ਗੁਨਾਹ ਹੋਵੇ ਤਾਂ ਦੱਸੀਏ। ਇੱਥੇ ਤਾਂ ਸਾਡੇ ਗੁਨਾਹਾਂ ਦੇ ਵੱਗਾਂ ਦੇ ਵੱਗ ਤੁਰੇ ਫਿਰਦੇ ਹਨ, ਕੀ ਪਤਾ, ਜੋ ਆਪਨੂੰ ਸਾਡਾ ਕਿਹੜਾ ਗੁਨਾਹ ਪਸੰਦ ਆ ਗਿਆ ਹੋਵੇ ਜੋ ਆਪਨੇ ਸਾਡੇ ਤੇ ਇਹ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ।" ਮਸਤਾਨੇ ਸਿੰਘ ਵੀ ਜਾਣਦੇ ਸਨ ਕਿ ਮਾਈ ਸਾਹਬੋ ਪੱਧਰੀ ਵਾਲੀ ਜਾਂ ਭਾਈ ਨੈਣਾ ਸਿੰਘ ਵਰਿਆਂਹ ਵਾਲੇ ਵਾਂਗ ਜਿਹਨਾਂ ਨੂੰ ਇਹਨਾਂ ਕਰ ਕਮਲਾਂ ਦੀਆਂ ਲੱਗ ਗਈਆਂ, ਉਹਨਾਂ ਦੇ ਜਨਮ ਮਰਨ ਦੇ ਬੰਧਨ ਕੱਟੇ ਜਾਣਗੇ। ਇਹ ਜਿਹੜੀਆਂ ਸਾਨੂੰ ਡਾਗਾਂ ਵੱਜੀਆਂ ਹਨ, ਇਹ ਤਾਂ ਸਤਿਗੁਰੂ ਜੀ ਨੇ ਸਾਡੇ ਸਰੀਰਾਂ ਤੇ, ਸੰਜੋਆਂ ਪਹਿਨਾਈਆਂ ਹਨ ਕਿ ਸਾਨੂੰ ਕਦੇ ਵੀ ਕੋਈ ਦੁਨਿਆਵੀ ਅਸਤਰ ਸ਼ਸਤਰ ਨਾ ਪੋਹੇ। ਨਿਸ਼ਚੇ ਹੀ ਮਸਤਾਨਿਆਂ ਦੀ ਖੇਡ ਬੜੀ ਉੱਚੀ ਸੀ। ਉਹਨਾਂ ਨੇ ਸਮਾਂ ਆਉਣ ਤੇ ਤੋਪਾਂ ਦੇ ਗੋਲਿਆਂ ਦੀ ਰਤਾ ਭਰ ਵੀ ਪੀੜ ਨਾ ਮਹਿਸੂਸ ਕਰਦਿਆਂ ਭੱਜ ਭੱਜ ਕੇ ਤੋਪ ਦੇ ਦਹਾਨੇ ਵੱਲ ਜਾਣਾ ਸੀ। ਭਾਈ ਹੀਰਾ ਸਿੰਘ ਦੇ ਕਹਿਣ ਮੁਤਾਬਿਕ ਹੁਣ ਉਹਨਾਂ ਦੀਆਂ 'ਦੇਹਾਂ ਬੱਜਰ ਦੀਆਂ ਕਰ ਦਿੱਤੀਆਂ ਹਨ।'

ਇਕ ਰੋਚਕ ਘਟਨਾ ਦਾ ਵੇਰਵਾ, ਪਹਿਲੇ ਇਤਿਹਾਸਕਾਰ ਦੇ ਸ਼ਬਦਾਂ ਵਿਚ :

"ਸਤਿਗੁਰੂ ਜੀ ਅਰਦਾਸਾ ਕਰਕੇ ਤੁਰੇ। ਭਾਈ ਬਖਤੌਰ ਆਏ। ਮਸਤਾਨਿਆਂ ਨੇ ਆਇ ਫਤੇ ਬੁਲਾਈ। ਸੱਜੇ ਪੱਟ ਪਰ ਹੀਰਾ ਸਿੰਘ ਨੂੰ, ਖੱਬੇ ਪੱਟ, ਪਰ ਲਹਿਣਾ ਸਿੰਘ ਨੂੰ ਬਹਾਇਕੇ ਥਾਪੀ ਦਿੱਤੀ। ਗੁਰੂ ਜੀ ਬਚਨ ਕੀਤਾ ਜੇਕਰ ਕਿਸੇ 'ਅਦਨੇ ਤੋਂ ਅਦਨੇ ਵਿਅਕਤੀ' ਨਾਲ ਇਤਨੀ ਕਰੀਏ ਤਾਂ ਉਹ ਵੀ ਨਹੀਂ ਸਹਾਰ ਸਕਦਾ। ਦੇਖੋ ਇਹ ਸਰਦਾਰਾਂ ਕੇ ਪੁੱਤਰ ਹੈਂ। ਫੇਰ ਵੀ ਮੁੱਖ ਨਹੀਂ ਮੋੜਦੇ ਹੈਂ। ਫੇਰ ਬਚਨ ਕੀਤਾ ਤੁਸੀਂ ਰਾਜੀ ਹੋ? ਹੀਰਾ ਸਿੰਘ ਨੇ ਕਹਿਆ ਜੀ ਰਾਮਦਾਸਪੁਰੇ ਸੂਬੇ ਨਹੀਂ ਟਿਕਣ ਦਿੰਦੇ ਹੈਂ। ਸਕਰੌਦੀ ਨਿਹਾਲ ਸਿੰਘ ਨਹੀਂ ਟਿਕਣ ਦਿੰਦਾ। ਸੰਗਤ ਮੈਂ ਸਿੰਘ ਨਹੀਂ ਟਿਕਣ ਦਿੰਦੇ ਕਹਿੰਦੇ ਹੈਂ ਸਾਡੇ ਘਰ ਨਾ ਬੜੋ। ਗੁਰੂ ਜੀ ਬਚਨ ਕੀਤਾ ਧੁਆਨੂੰ ਚਾਰੇ ਚੱਕ ਜਾਗੀਰ ਹੈ। ਮੁਲਖ ਮਾਹੀ ਦਾ ਸਾਰਾ ਧੁਆਡਾ ਹੈ।"[11]

ਇਸ ਤੋਂ ਪਹਿਲਾਂ ਨਾਭੇ ਰਿਆਸਤ ਦੇ ਇਕ ਥਾਣੇਦਾਰ



Namdhari Elibrary NamdhariElibrary@gmail.com

ਨੇ ਕੁਝ ਅਨਮਤੀਆਂ ਨਾਲ ਫੌਜਦਾਰੀ ਹੋਣ ਬਾਅਦ ਹੀਰਾ ਸਿੰਘ ਨੂੰ ਪੁੱਛਿਆ ਸੀ ਕਿ ਤੂੰ ਕਿਸ ਦਾ ਪੁੱਤਰ ਹੈਂ। ਹੀਰਾ ਸਿੰਘ ਨੇ ਆਖਿਆ ਸਤਿਗੁਰੂ ਰਾਮ ਸਿੰਘ ਜੀ ਦਾ ਪੁੱਤਰ ਹਾਂ। ਥਾਨੇਦਾਰ ਚਾਰੋਂ ਤਰਫਾ ਨੂੰ ਨਿਗਾਹ ਕਰਕੇ ਕਹਿਣ ਲੱਗਾ ਦੇਖੋ ਮੈਂ ਇਸ ਨੂੰ ਚੰਗਾ ਭਲਾ ਜਾਣਦਾ ਹਾਂ, ਸਕਰੌਦੀ ਦੇ ਸਰਦਾਰ ਗਰੇਵਾਲ ਦਾ ਪੁੱਤਰ ਹੈ। ਜਾ ਕੇ ਤਰਖਾਣ ਦਾ ਪੁੱਤਰ ਬਣਦਾ ਹੈ। ਥਾਨੇਦਾਰ ਨੇ ਆਖਿਆ ਪਾਓ ਬੇੜੀ ਹੀਰਾ ਸਿੰਘ ਦੇ। ਹੀਰਾ ਸਿੰਘ ਨੇ ਕਹਾ ਭਾਵੇਂ ਦੋ ਬੇੜੀਆਂ ਪਾ ਦਿਓ।"[12]

੧੮੭੧ ਈ. ਦੀਆਂ ਗਰਮੀਆਂ ਵਿਚ ਅੰਮ੍ਰਿਤਸਰ ਅਤੇ ਰਾਇਕੋਟ ਦੇ ਬੁੱਚੜਬੱਧ ਦੇ ਸਾਕੇ ਵਾਪਰ ਗਏ ਜਿਸ ਵਿਚ ਚਾਰ ਸਿੰਘ ਅੰਮ੍ਰਿਤਸਰ, ਤਿੰਨ ਰਾਇਕੋਟ ਅਤੇ ਦੋ ੨੬ ਨਵੰਬਰ ੧੮੭੧ ਈ. ਨੂੰ ਲੁਧਿਆਣੇ ਜਿਹਲ ਵਿਚ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ। ਇਹ ਲੁਧਿਆਣੇ ਸ਼ਹੀਦ ਹੋਣ ਵਾਲੇ ਦੋਵੇਂ ਸੂਬਾ ਰਤਨ ਸਿੰਘ ਮੰਡੀ ਕਲਾਂ (ਉਰਫ ਗਿਆਨੀ ਸਿੰਘ) ਅਤੇ ਉਸਦਾ ਨਾਇਬ ਸੂਬਾ ਰਤਨ ਸਿੰਘ ਨਾਈਵਾਲਾ ਸਨ। ਇਹਨਾਂ ਦੇ ਬੇਦੋਸ਼ ਹੋਣ ਬਾਰੇ ਟ੍ਰਿਬਿਊਨਲ ਦਾ ਇਕ ਜੱਜ ਵੀ ਇਹਨਾਂ ਨੂੰ ਫਾਂਸੀ ਦੀ ਸਜ਼ਾ ਦੇ ਵਿਰੁੱਧ ਸੀ ਪਰ ਅੰਗਰੇਜ਼ ਸਰਕਾਰ ਹੁਣ ਕੂਕਿਆਂ ਦੇ ਖੂਨ ਦੀ ਪਿਆਸੀ ਸੀ ਇਸ ਲਈ ਦਲੀਲ ਦੀ ਕੋਈ ਗੱਲ ਉਹਨੂੰ ਪੋਂਹਦੀ ਨਹੀਂ ਸੀ, ਉਹ ਲਹਿਰ ਦੇ ਆਗੂਆਂ ਪ੍ਰਤੀ ਕਠੋਰ ਕਾਰਵਾਈਆਂ ਕਰਨ ਦਾ ਮਨ ਬਣਾ ਚੁੱਕੀ ਸੀ। ਬੱਸੀਆਂ ਕੋਠੀ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਬੁਲਾ ਕੇ ਉਹਨਾਂ ਦੇ ਬਿਆਨ ਲਏ ਗਏ। ਸਰਕਾਰ ਨੇ ਕੁਝ ਕਮਜ਼ੋਰ ਵਿਅਕਤੀਆਂ ਨੂੰ ਖਰੀਦ ਕੇ ਸਤਿਗੁਰੂ ਜੀ ਦੀ ਇਹਨਾਂ ਕੇਸਾਂ ਵਿਚ ਸੰਲਿਪਤਤਾ ਯਕੀਨੀ ਬਣਾਉਣੀ ਚਾਹੀ, ਪਰ ਅਜੇ ਉਹ ਦੁਬਿਧਾ ਵਿਚ ਵੀ ਸੀ। ਇਹਨਾਂ ਸਾਰੀਆਂ ਕਾਰਵਾਈਆਂ ਤੋਂ ਭਾਈ ਹੀਰਾ ਸਿੰਘ ਹੋਰਾਂ ਦੇ ਮਸਤਾਨੇ ਸਿੰਘਾਂ ਦੇ ਦਿਲਾਂ ਵਿਚ ਬਹੁਤ ਰੋਸ ਜਮ੍ਹਾਂ ਹੋ ਗਿਆ। ਉਹਨਾਂ ਨੇ ਹੁਣ ਇਸ ਤਰ੍ਹਾਂ ਆਪਣੇ ਕੌਮੀ ਸ੍ਵੈਮਾਨ ਨਾਲ ਸਮਝੌਤਾ ਕਰਕੇ ਜੀਵਨ ਬਸਰ ਕਰਨ ਨਾਲੋਂ ਸਰੀਰ ਰੂਪੀ ਠੀਕਰਾ ਫਰੰਗੀ ਹਾਕਮਾਂ ਦੇ ਸਿਰ ਤੇ ਭੰਨ ਕੇ, ਕੋਈ ਵੱਡਾ ਸਾਕਾ ਸਿਰਜਕੇ, ਲੋਕ-ਚੇਤਨਾ ਨੂੰ ਪਰਚੰਡ ਕਰਨ ਦਾ, ਵਿਲੱਖਣ ਰਾਹ ਚੁਨਣ ਦਾ ਫੈਸਲਾ ਕਰ ਲਿਆ। ਉਹਨਾਂ ਨੇ ਸਿਰਾਂ ਦੀ ਫਸਲ ਬੀਜਣ ਲਈ, ਸ਼ਹੀਦੀਆਂ ਦਾ ਮੌਸਮ ਸਿਰਜਣ ਲਈ ਤਿਆਰੀਆਂ ਤਾਂ ਕਾਫੀ ਪਹਿਲਾਂ ਤੋਂ ਹੀ ਕਰ ਲਈਆਂ ਸਨ। ਬਾਬਾ ਬਿਸ਼ਨ ਸਿੰਘ ਕਾਬਲ ਵਾਲੇ ਨੇ ਆਪਣੇ ਹੱਥੀਂ ਅੰਮ੍ਰਿਤ ਤਿਆਰ ਕਰਕੇ ਜਦੋਂ ਭਾਈ ਹੀਰਾ ਸਿੰਘ, ਲਹਿਣਾ ਸਿੰਘ, ਅਨੂਪ ਸਿੰਘ ਸਕਰੌਦੀ, ਨੰਦ ਸਿੰਘ ਹੰਡਿਆਇਆ ਅਤੇ ਅਤਰ ਸਿੰਘ ਨੂੰ ਛਕਾਇਆ, ਤਾਂ ਉਸਦੀ ਮਨਸ਼ਾ ਵੀ ਇਹਨਾਂ ਨੂੰ ਪੰਜਾਂ ਪਿਆਰਿਆਂ ਦਾ ਰੁਤਬਾ ਦੇ ਕੇ, ਧਰਮ-ਯੁੱਧ ਲਈ ਤਿਆਰ ਬਰ ਤਿਆਰ ਕਰਨਾ ਹੀ ਸੀ।[13]

ਨਾਮਧਾਰੀ ਸਿੰਘ, ਕਾਮਰੇਡ ਅਰਜਨ ਸਿੰਘ 'ਗੜਗੱਜ' ਮੁਤਾਬਿਕ ਪੰਜਾਬ ਅਤੇ ਨਾਲ ਲੱਗਦੀਆਂ ਰਿਆਸਤਾਂ ਵਿਚ ਗਊ ਬੱਧ ਲਈ ਅੰਗਰੇਜ਼ ਹਾਕਮਾਂ ਦੀ ਸ਼ਹਿ ਤੇ ਖੁੱਲ੍ਹੇ, ਬੁੱਚੜਖਾਨਿਆਂ ਨੂੰ ਫਿਰਕੂ ਭੜਕਾਹਟ ਦੇ ਅੱਡੇ ਸਮਝਦੇ ਸਨ। ਇਸ ਲਈ ਉਹਨਾਂ ਨੇ ਇਹਨਾਂ ਤੇ ਹਮਲਿਆਂ ਦੀ ਵਿਆਪਕ ਯੋਜਨਾ ਬਣਾਈ ਸੀ। ਸ੍ਰੀ ਭੈਣੀ ਸਾਹਿਬ ਜਨਵਰੀ ੧੮੭੨ ਈ. ਵਿਚ ਮਾਘੀ ਦੇ ਮੇਲੇ ਸਮੇਂ ਸੰਗਤਾਂ ਦਾ ਇਕੱਠ ਤਾਂ ਭੋਗ ਪੈਣ ਤੋਂ ਬਾਅਦ ਘਰੋ ਘਰੀ ਚਲਾ ਗਿਆ ਪਰ ਭਾਈ ਹੀਰਾ ਸਿੰਘ, ਲਹਿਣਾ ਸਿੰਘ ਹੋਰਾਂ ਦਾ ਡੇਢ ਕੁ ਸੌ ਸਿੰਘਾਂ ਦਾ ਜਥਾ ਅਕਾਲ ਬੁੰਗੇ ਹੀ ਟਿਕਿਆ ਸੀ। ਫਰਵਾਹੀ ਪਿੰਡ ਰਿਆਸਤ ਮਲੇਰਕੋਟਲਾ ਦੇ ਭਾਈ ਗੁਰਮੁਖ ਸਿੰਘ ਲੰਬੜਦਾਰ, ਜਿਹਨਾਂ ਨੇ ਇਕ ਵਿਸ਼ੇਸ਼ ਯੋਜਨਾ ਨੂੰ ਧਿਆਨ ਵਿਚ ਰੱਖਦਿਆਂ ਸਕਰੌਦੀ ਦੇ ੨੯ ਕੂਕਿਆਂ ਜਿਉਂ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ਸਨ, ਮਲੇਰਕੋਟਲੇ ਮਾਮਲਾ ਜਮ੍ਹਾਂ ਕਰਵਾਉਣ ਆ ਰਹੇ ਸਨ ਕਿ ਥੋਹੜੀ ਉਕਸਾਹਟ ਤੋਂ ਕਾਜ਼ੀ ਨੇ ਉਹਨਾਂ ਦੇ ਸਾਹਮਣੇ ਇਕ ਬਿਰਧ ਤੇ ਲਾਚਾਰ ਬੈਲ ਜ਼ਿਬਾਹ ਕਰਵਾ ਕੇ, ਉਹਨਾਂ ਨੂੰ ਮਾਨਸਿਕ ਕਸ਼ਟ ਪੁਚਾ ਦਿੱਤਾ। ਹੁਣ ਭਾਈ ਗੁਰਮੁਖ ਸਿੰਘ ਦੀ ਮਸਤਾਨਾ ਦਲ ਨੂੰ ਸੁਣਾਈ ਇਸ ਘਟਨਾ ਨੇ ਬਲਦੀ 'ਤੇ ਤੇਲ ਪਾਉਣ ਦਾ ਕਾਰਾ ਕੀਤਾ। ਉਤ ਤੱਤ ਫੱਟ ਉਸ ਕਾਜ਼ੀ ਨੂੰ ਦੰਡ ਦੇਣ ਲਈ ਕੋਟਲੇ ਤੇ ਧਾਵੇ ਦੀ ਯੋਜਨਾ ਉਲੀਕਣ ਲੱਗੇ। ਸਤਿਗੁਰੂ ਜੀ ਨੇ ਪਰਮੁੱਖ ਸੂਬਿਆਂ ਦੁਆਰਾ ਵੀ ਅਤੇ ਖੁਦ ਵੀ ਉਹਨਾਂ ਨੂੰ ਹਾਲ ਦੀ ਘੜੀ ਸ਼ਾਂਤ ਰਹਿ ਕੇ, ਸਰਕਾਰ ਦੇ ਖਿਲਾਫ ਵਿੱਢੇ ਸ਼ਾਂਤਮਈ ਅੰਦੋਲਨ ਨੂੰ ਗੁਣ ਅਤੇ ਗਿਣਾਤਮਕ ਪੱਖੋਂ ਹੋਰ ਮਜ਼ਬੂਤ ਕਰਨ ਲਈ ਹਾਲ ਦੀ ਘੜੀ ਵੇਲਾ ਵਿਚਾਰਨ ਦੀ ਲੋੜ ਤੇ ਬਲ ਦਿੱਤਾ। ਉਂਜ ਆਪ ਨੇ ਮਸਤਾਨਿਆਂ ਸਿੰਘਾਂ ਦੇ ਨਿਸ਼ਾਨੇ ਪ੍ਰਤੀ ਆਪਣੀ ਇਕਜੁੱਟਤਾ ਪ੍ਰਗਟਾਉਂਦਿਆਂ ਕਿਹਾ ਕਿ ਮਨੋਰਥ ਮੇਰਾ ਵੀ ਇਹੋ ਹੈ। ਪਰ ਜਿਹੜਾ ਕੰਮ ਤੁਸੀਂ ਤਲਵਾਰ ਨਾਲ ਕਰਨਾ ਚਾਹੁੰਦੇ ਹੋ ਉਹ ਮੈਂ ਮਾਲਾ ਨਾਲ ਕਰ ਦਿਆਂਗਾ। ਪਰ ਜਦੋਂ ਭਾਈ ਹੀਰਾ ਸਿੰਘ ਹੋਰਾਂ ਨੇ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦਰ ਸਾਹਿਬ ਹੁਕਮ ਦੇ ਰਹੇ ਹਨ ਕਿ ਧਰਮ ਹੇਤ ਸੀਸ ਦੇਣ ਦਾ ਵਕਤ ਆ ਗਿਆ ਹੈ ਤਾਂ ਸਤਿਗੁਰੂ ਜੀ ਨੇ ਸਿੰਘਾਂ ਦੀ ਭਾਵਨਾ ਦਾ ਆਦਰ ਕਰਦਿਆਂ, ਹੁਣ ਉਹਨਾਂ ਨੂੰ ਹੋਰ ਰੋਕਣਾ ਮੁਨਾਸਬ ਨਾ ਸਮਝਿਆ। ਉਂਜ ਉਹਨਾਂ ਸੂਬਾ ਲੱਖਾ ਸਿੰਘ ਹੋਰਾਂ ਨੂੰ ਪੁਲਿਸ ਦੇ ਉਚ ਅਧਿਕਾਰੀਆਂ ਪਾਸ ੧੩ ਸਿੰਘਾਂ ਦੇ ਉਹਨਾਂ ਤੋਂ ਬੇਵਾਹਰੇ ਹੋ ਕੇ ਕੋਈ ਕਾਰਾ ਕਰਨ ਦੀ ਤਿਆਰੀ ਵਿਚ ਰੁੱਝੇ ਹੋਣ ਬਾਰੇ ਸੂਚਨਾ ਦੇਣ ਲਈ ਭੇਜ ਦਿੱਤਾ। ਉਹ ਸਮਝਦੇ



Namdhari Elibrary NamdhariElibrary@gmail.com

ਸਨ ਕਿ ਜੇ ਸਰਕਾਰ ਨੇ ਇਹਨਾਂ ਨੂੰ ਰੋਕ ਲਿਆ ਤਾਂ ਹਾਲ ਦੀ ਘੜੀ ਅਪਰਿਪੱਕਵ ਵਿਦਰੋਹ ਦੀ ਹਾਲਤ ਤੋਂ ਬਚਿਆ ਜਾ ਸਕਦਾ ਹੈ। ਪ੍ਰੰਤੂ ਸਰਕਾਰ ਤਾਂ ਇਕ ਜਾਲ ਬੁਣਨ ਦੀ ਤਿਆਰੀ ਵਿਚ ਸੀ, ਜਿਸ ਵਿਚ ਸਤਿਗੁਰੂ ਜੀ ਸਮੇਤ ਪਰਮੁੱਖ ਆਗੂਆਂ ਨੂੰ ਫਸਾ ਕੇ, ਉਹ ਆਪਣੇ ਲਈ ਦਿਨੋ ਦਿਨ ਉੱਗਰ ਰੂਪ ਧਾਰਨ ਕਰ ਰਹੀ ਇਸ ਕੂਕਾ ਲਹਿਰ ਦੇ ਮਾਰੂ ਅਸਰ ਤੋਂ ਬਚ ਸਕੇ। ਉਹਨਾਂ ਕੋਈ ਪੇਸ਼ਬੰਦੀ ਨਾ ਕੀਤੀ। ਮਸਤਾਨਾ ਦਲ ੧੩ ਜਨਵਰੀ ੧੮੭੨, ਦੀ ਬਾਦ ਦੁਪਹਿਰ, ਸ੍ਰੀ ਭੈਣੀ ਸਾਹਿਬ ਅਕਾਲ ਬੁੰਗੇ ਤੋਂ ਤੁਰਨ ਦਾ ਅਰਦਾਸਾ ਸੋਧ ਲੈਂਦਾ ਹੈ। ਇਸ ਤੋਂ ਪਹਿਲਾਂ ਸਤਿਗੁਰੂ ਜੀ ਆਪਣੇ ਹੱਥੀਂ ਵੈਰਾਗੇ ਮਨ ਨਾਲ ਉਹਨਾਂ ਨੂੰ "ਕਹਿਰ ਦਾ ਪਰਸ਼ਾਦ ਪਾਣੀ" ਤਿਆਰ ਕਰਵਾ ਕੇ ਛਕਾ ਚੁੱਕੇ ਸਨ ਅਤੇ ਸਮਝ ਗਏ ਸਨ ਕਿ ਮੇਰੇ ਪੁੱਤਰਾਂ ਦੀ ਇਸ ਧਰਤੀ ਤੇ ਖਿੱਲਰੀ ਇਹੋ ਆਖਰੀ ਚੋਗ ਸੀ ਜੋ ਉਹਨਾਂ ਨੇ ਚੁਗ ਲਈ ਹੈ।

ਭਾਈ ਹੀਰਾ ਸਿੰਘ ਨੇ ਕਿਰਪਾਨ ਨਾਲ ਲਕੀਰ ਖਿੱਚ ਕੇ ਕਿਹਾ ਕਿ ਸਿਰਫ ਸਿਰ ਦੇਣਾ ਵਾਲਾ ਲੀਕ ਟੱਪੇ। ਬਾਕੀਆਂ ਨੂੰ ਖੁਸ਼ੀਆਂ ਹਨ। ਭਾਈ ਧਿਆਨ ਸਿੰਘ ਕਾਦਰਾਬਾਦੀ ਆਪਣੇ ਪੁਸਤਕ ਵਿਚ ਲਿਖਦੇ ਹਨ :

"ਖੈਂਚ ਲਕੀਰ ਸੁ ਹੀਰਾ ਮ੍ਰਿਗਿੰਦ,
ਕਹੇ ਹਟਨੋ ਜਿਸ ਸੋ ਹਟ ਜਾਇ॥੨੦॥
ਸੋਇ ਲਕੀਰ ਲੰਘੇ ਗੁਰ ਕੋ ਸਿਖ,
ਹੇਤ ਧਰਮ ਜੋ ਸੀਸ ਲਗਾਇ॥
ਦੇਹ ਅਨਿਤ ਸੁ ਨਿਤ ਰਹੇ ਜਸ,
ਯੌਂ ਗਜ ਕੇ ਸਿਘ ਬੈਨ ਅਲਾਇ॥
ਬਿਸਤ ਸਾਤ* ਸੁ ਕਾਰ ਲੰਘੇ,
ਅਰੁ ਸੇਸ ਹਟੇ ਛਤੀਆ ਧਰਕਾਇ॥
ਗਾਜ ਪਰੋ ਸੋਊ ਸ਼ਹਿਰ ਮਲੇਰ
ਇਕ ਰਾਤ ਬਿਖੇ ਦੁਸਟਾਂ ਝਟਕਾਇ॥੨੧॥"[14]

ਇਉਂ ਦੋ ਢਾਈ ਸੌ ਦੇ ਇਸ ਇਕੱਠ ਵਿਚੋਂ ੧੪੦ ਸਿੰਘ ਲਕੀਰ ਟੱਪ ਕੇ ਹੀਰਾ ਸਿੰਘ, ਲਹਿਣਾ ਸਿੰਘ, ਅਨੂਪ ਸਿੰਘ, ਅਤਰ ਸਿੰਘ, ਨੰਦ ਸਿੰਘ ਆਦਿ ਪੰਜ ਸਿੰਘਾਂ ਦੀ ਅਗੁਆਈ ਵਿਚ, ਮੁਖੀ ਜਥੇਦਾਰ ਹੀਰਾ ਸਿੰਘ ਹੋਰਾਂ ਦੀ ਚੜ੍ਹਤ ਵਿਚ ਭੈਣੀ ਸਾਹਿਬ ਤੋਂ ਮਲੇਰਕੋਟਲੇ ਨੂੰ ਨਿਕਲਦੇ ਹਨ। ਹੀਰਾ ਸਿੰਘ ਹੋਰਾਂ ਦੀ ਇਸ ਚੜ੍ਹਾਈ ਦਾ ਵਰਣਨ, ਨਾਮਧਾਰੀ ਕਵੀਆਂ ਨੇ ਬੜੀ ਚੜ੍ਹਦੀ ਕਲਾ ਵਿਚ ਕੀਤਾ ਹੈ :

"ਮਾਰੀ ਭਬਕ ਹੀਰਾ ਸਿੰਘ ਸ਼ੇਰ ਵਾਂਗੂ,
ਅੰਦਰ ਕਾਇਰਾਂ ਜੋਸ਼ ਵਧਾਉਣ ਲੱਗਾ।
ਜੋਸ਼ ਖਾਲਸੇ ਦਾ ਮੱਠਾ ਪੈ ਗਿਆ ਸੀ,
ਜੁਆਲਾ ਮੁਖੀ ਦੇ ਵਾਂਗ ਭੜਕਾਉਣ ਲੱਗਾ।
ਸੁੱਖਾ ਸਿੰਘ ਮਤਾਬ ਸਿੰਘ ਜਿਵੇਂ ਕੀਤੀ,
ਸੀਸ ਮੱਸੇ ਦਾ ਫੇਰ ਉਡਾਉਣ ਲੱਗਾ।
ਦੀਪ ਸਿੰਘ ਦੇ ਵਾਂਗ 'ਮ੍ਰਿਗੇਸ਼' ਸ਼ਾਇਰ,
ਸੀਸ ਤਲੀ ਤੇ ਰੱਖ ਟਿਕਾਉਣ ਲੱਗਾ।
ਬੰਦੇ ਸ਼ੇਰ ਦੇ ਵਾਂਗ 'ਮ੍ਰਿਗੇਸ਼' ਸ਼ਾਇਰ,
ਮੱਥਾ ਨਾਲ ਸਰਹਿੰਦ ਦੇ ਲਾਉਣ ਲੱਗਾ।
ਲੋਕੀ ਕਿੱਸਾ ਮਨਸੂਰ ਦਾ ਭੁੱਲ ਗਏ ਸਨ,
ਸੂਲੀ ਚੜ੍ਹ ਕੇ ਯਾਦ ਕਰਾਉਣ ਲੱਗਾ।"[15]

ਪਹਿਲੀ ਰਾਤ ਅੱਧੀ ਦੇ ਲਾਗੇ ਚਾਗੇ ਜਥਾ ਰੱਬੋਂ ਪਿੰਡ ਪੁੱਜਾ। ਇਹ ਪ੍ਰਸਿੱਧ ਸੰਗਰਾਮੀਏ ਭਾਈ ਮਹਾਰਾਜ ਸਿੰਘ ਹੋਰਾਂ ਦਾ ਪਿੰਡ ਸੀ। ਰਵਾਇਤ ਹੈ ਕਿ ਇੱਥੇ ਪਹਿਲਾ ਪੜਾਅ ਕਰਨ ਦਾ ਇਸ਼ਾਰਾ ਹੀਰਾ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਹੀ ਕੀਤਾ ਸੀ। ਇਸ ਢੰਗ ਦੁਆਰਾ ਸਤਿਗੁਰੂ ਜੀ, ਆਪਣੇ ਅਤੇ ਭਾਈ ਮਹਾਰਾਜ ਸਿੰਘ ਹੋਰਾਂ ਦੇ ਸਾਂਝੇ ਮਿਸ਼ਨ, ਪੰਜਾਬ ਵਿਚੋਂ ਬਸਤੀਵਾਦੀ ਹਾਕਮਾਂ ਦੇ ਸਫਾਏ ਨਾਲ, ਸਮਰੂਪਤਾ ਜ਼ਾਹਰ ਕਰਨੀ ਚਾਹੁੰਦੇ ਸਨ। ਅਗਲੇ ਦਿਨ ਸ਼ਾਮ ਨੂੰ ਇਸ ਦਲ ਦਾ ਨਿਸ਼ਾਨਾ ਮਲੌਦ ਦਾ ਸਰਦਾਰ ਬਦਨ ਸਿੰਘ ਸੀ ਜਿਸਦੇ ਕਿਲੇ ਵਿਚੋਂ ਪਹਿਲੀ ਝੜਪ ਬਾਦ ਕੁਝ ਸ਼ਸ਼ਤਰ ਅਤੇ ਘੋੜੇ ਸਿੰਘਾਂ ਦੇ ਵੀ, ਰਾਇਕੋਟ ਲੁਧਿਆਣਾ ਆਦਿ ਵਿਚ ਅੰਗਰੇਜ਼ ਸਰਕਾਰ ਦੁਆਰਾ ਕੂਕਿਆਂ ਨੂੰ ਸ਼ਹੀਦ ਕਰਨ ਦੀਆਂ ਕਾਰਵਾਈਆਂ ਵਿਚ ਸਰਕਾਰ ਦੀ ਮਦਦ ਕਰਨ ਸਦਕਾ ਉਹਨਾਂ ਨੂੰ ਰੜਕ ਰਿਹਾ ਸੀ। ਇੱਥੇ ਦੋ ਬੰਦੇ ਸਰਦਾਰ ਦੇ ਮਾਰੇ ਗਏ ਅਤੇ ਨਾਮਧਾਰੀ ਜਥੇ ਦੇ "ਪੰਜਾਂ ਪਿਆਰਿਆਂ" ਵਿਚੋਂ ਦੋ ਭਾਈ ਨੰਦ ਸਿੰਘ ਅਤੇ ਅਤਰ ਸਿੰਘ ਇੱਥੇ ਜੂਝ ਗਏ। ਰਾਤ ਸਿੰਘਾਂ ਨੇ ਇਥੋਂ ਕੂਚ ਕਰ ਕੇ ਮਲੇਰਕੋਟਲੇ ਦੇ ਇਕ ਕੋਹ ਉਰੇ ਇਕ ਪੁਰਾਣੇ ਬਾਗ ਵਿਚ ਕੱਟੀ। ੧੫ ਜਨਵਰੀ ਦੀ ਸਵੇਰ ਨੂੰ ਜਥਾ ਸ਼ਹਿਰ ਦੀ ਟੁੱਟੀ ਫਸੀਲ ਰਾਹੀਂ ਫਾਟਕ ਖੋਹਲ ਕੇ ਅੰਦਰ ਦਾਖਲ ਹੋ ਗਿਆ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਮਲੇਰਕੋਟਲੇ ਦੀ ਕੌਂਸਲ ਦਾ ਇੰਚਾਰਜ ਸੀ, ਕਿਉਂਕਿ ਰਿਆਸਤ ਦੀ ਗੱਦੀ ਦਾ ਝਗੜਾ ਚੱਲ ਰਿਹਾ ਸੀ ਅਤੇ ਰਾਜ-ਕਾਜ ਇਕ ਕੌਂਸਲ ਚਲਾਉਂਦੀ ਸੀ। ਕਾਵਨ ਨੇ ਪ੍ਰਾਪਤ ਖੁਫੀਆ ਇਤਲਾਹਾਂ ਮੁਤਾਬਕ, ਮਲੇਰਕੋਟਲਾ ਦੇ ਪ੍ਰਸ਼ਾਸਨ ਨੂੰ ਕੂਕਿਆਂ ਦੇ ਕਿਸੇ ਸੰਭਾਵਿਤ ਹਮਲੇ ਲਈ ਤਿਆਰ ਰਹਿਣ ਲਈ ਕਿਹਾ ਹੋਇਆ ਸੀ। ਦਿਨ ਚੜ੍ਹਦੇ ਨਾਲ ਇੱਥੇ ਨਾਮਧਾਰੀ ਮਸਤਾਨਾ ਦਲ ਅਤੇ ਮਲੇਰਕੋਟਲਾ ਦੀ ਪੁਲਿਸ ਸੈਨਾ ਅਤੇ ਆਮ ਲੋਕਾਂ ਦੀ ਭਖਵੀਂ ਟੱਕਰ ਸ਼ੁਰੂ ਹੋ ਗਈ। ਡਾ. ਫੌਜਾ ਸਿੰਘ ਬਾਜਵਾ ਦੇ ਮੁਤਾਬਿਕ ਪਿਛਲੇ ਬੁੱਚੜਖਾਨਿਆਂ ਤੇ ਰਾਤ ਦੇ

* ਸੱਤ ਵੀਹਾਂ ਭਾਵ ੧੪੦



Namdhari Elibrary NamdhariElibrary@gmail.com

ਹਨੇਰੇ ਵਿਚ ਹਮਲੇ ਕਰਨ ਦੇ ਉਲਟ, ਹੁਣ ਕੂਕਿਆਂ ਨੇ ਦਿਨ ਦੇ ਚਿੱਟੇ ਚਾਨਣ ਵਿਚ ਮਲੇਰਕੋਟਲੇ ਤੇ ਹਮਲਾ ਕਰਕੇ, ਫਰੰਗੀ ਸਰਕਾਰ ਅਤੇ ਉਸਦੀਆਂ ਹੱਥ ਠੋਕੀਆਂ ਰਿਆਸਤਾਂ ਵਿਰੁੱਧ ਫੈਸਲਾਕੁੰਨ ਜੰਗ ਲੜਨ ਦੇ ਆਪਣੇ ਇਰਾਦਿਆਂ ਦਾ ਖੁੱਲ੍ਹਮ ਖੁੱਲ੍ਹਾ ਪ੍ਰਗਟਾਵਾ ਕਰ ਦਿੱਤਾ ਸੀ। ਇਹ ਭਾਈ ਹੀਰਾ ਸਿੰਘ ਹੋਰਾਂ ਦੀ ਚੜ੍ਹਦੀ ਕਲਾ ਅਤੇ ਜੂਝਣ ਦੇ ਚਾਉ ਦੀ ਪ੍ਰਤੱਖ ਮਿਸਾਲ ਸੀ। ਭਾਈ ਹੀਰਾ ਸਿੰਘ ਲਹਿਣਾ ਸਿੰਘ ਘੋੜਿਆਂ ਤੇ ਚੜ੍ਹੇ ਹੋਏ ਨੰਗੇ ਤੇਗੇ ਹੱਥਾਂ ਵਿਚ ਲੈ ਕੇ ਜਥੇ ਦੀ ਅਗੁਆਈ ਅਤੇ ਵੈਰੀ ਦਲ ਦਾ ਸਫਾਇਆ ਕਰ ਰਹੇ ਸਨ। ਗੁਰਮੁਖ ਸਿੰਘ ਨੂੰ ਬੈਲ ਘਾਤ ਦਾ ਸਦਮਾ ਵੇਖਣ ਤੇ ਮਜਬੂਰ ਕਰਨ ਵਾਲਾ ਕਾਜ਼ੀ ਅਤੇ ਉਸਦਾ ਹਮਾਇਤੀ ਕੋਤਵਾਲ ਅਹਿਮਦ ਖਾਨ ਸਮੇਤ ਅੱਠ ਆਦਮੀ ਕੋਟਲੇ ਵਾਲਿਆਂ ਦੇ ਮਰੇ ਅਤੇ ਇਤਨੇ ਹੀ ਸਿੰਘ ਸ਼ਹੀਦ ਹੋ ਗਏ। ਮੌਕੇ ਤੇ ਸ਼ਹੀਦ ਹੋਣ ਵਾਲੇ ਸਿੰਘ ਸੱਤ ਸਨ। ਇਕ ਭਾਈ ਵਜ਼ੀਰ ਸਿੰਘ ਤੇ ਹੋਰ ਫੱਟੜ ਪਿਛੇ ਰਹਿ ਗਏ ਸਨ ਜਿਹਨਾਂ ਵਿਚੋਂ ਇਕ ਮੁੜ ਕੇ ਦਮ ਤੋੜ ਗਿਆ। ਲੜਾਈ ਘੰਟਾ ਸਵਾ ਘੰਟਾ ਹੋਈ। ਸਿੰਘਾਂ ਪਾਸ ਅਸਤਰਾਂ ਸ਼ਸਤਰਾਂ ਦਾ ਮੁਕੰਮਲ ਅਭਾਵ ਸੀ। ਉਹ ਤਾਂ ਆਪਣੇ ਗੜਵਿਆਂ ਅਤੇ ਹੂਰੇ ਮੁੱਕਿਆਂ ਨਾਲ ਵੀ ਲੜਦੇ ਰਹੇ। ਉਹ ਕੋਈ ਬਾਜ਼ਾਬਤਾ ਸੈਨਿਕ ਨਹੀਂ ਸਨ, ਦੂਜੇ ਪਾਸੇ ਸੁਸਿੱਖਿਅਤ ਅਤੇ ਸੁਸੱਜਿਤ ਫੌਜ ਪੁਲੀਸ ਸੀ, ਜਿਸਦੀ ਮੱਦਦ ਤੇ ਨਗਰ ਨਿਵਾਸੀ ਸਨ। ਪਰ ਇਹ ਭਾਈ ਹੀਰਾ ਸਿੰਘ ਹੋਰਾਂ ਦੇ ਜਥੇ ਦੀ ਖੂਬੀ ਸੀ ਕਿ ਉਹਨਾਂ ਦੋ ਤਿੰਨ ਵੇਰ ਕੋਟਲੇ ਦੀ ਸੈਨਾ ਅਤੇ ਹਜੂਮ ਨੂੰ ਖਦੇੜ ਕੇ ਇਥੋਂ ਹਰਨ ਹੋਣਾ ਵਕਤ ਦੀ ਨੀਤੀ ਦੇ ਅਨੁਰੂਪ ਜਾਤਾ। ਜਦੋਂ ਇਕ ਹੋਰ ਯੋਧਾ ਪਠਾਣ ਸਮੁੰਦ ਖਾਨ ਦਫੇਦਾਰ ਪਿੱਛਾ ਕਰਦਾ ਹੋਇਆ ਬੂੜਨ ਦੇ ਥੇਹ ਤੇ ਪੁੱਜਾ ਅਤੇ "ਸਰਦਾਰ ਹੀਰਾ ਸਿੰਘ ਨੂੰ ਹੱਥੋ ਹੱਥੀ ਤਲਵਾਰ ਦੀ ਲੜਾਈ ਲਈ ਲਲਕਾਰਿਆ। ਸਰਦਾਰ ਘੋੜਾ ਭਜਾ ਕੇ ਸਮੁੰਦ ਖਾਂ ਦੇ ਸਾਹਮਣੇ ਆ ਖਲੋਤਾ ਅਤੇ ਉਸਨੂੰ ਪਹਿਲਾ ਵਾਰ ਕਰਨ ਲਈ ਕਿਹਾ। ਸਮੁੰਦ ਖਾਨ ਨੇ ਜਨੇਊ ਹੱਥ ਦਾ ਪੈਂਤਰਾ ਬੰਨ੍ਹ ਕੇ ਤਲਵਾਰ ਚਲਾਈ। ਸਰਦਾਰ ਨੇ ਢਾਲ ਨਾ ਹੋਣ ਕਰਕੇ ਖੱਬੀ ਬਾਂਹ ਅੱਗੇ ਕਰ ਦਿੱਤੀ। ਵਾਰ ਖਾਲੀ ਗਿਆ। ਤਲਵਾਰ ਬਾਂਹ ਨੂੰ ਥੋੜਾ ਜਿੰਨਾ ਚੱਟ ਗਈ। ਸਰਦਾਰ ਨੇ ਰੋਹ ਵਿਚ ਆ ਕੇ ਘੋੜਾ ਵਧਾ ਕੇ ਕਨਪਟੀ ਮਾਰੀ, ਸਿਰ ਕੱਟ ਕੇ ਠਾਹਾਂ ਜਾ ਪਿਆ। ਸਰਦਾਰ ਦੀ ਰੱਤਪੀਣੀ ਭਗਉਤੀ ਵਿਚੋਂ ਲਹੂ ਦੇ ਤੁਪਕੇ ਚੋਣ ਲੱਗ ਪਏ। ਜ਼ਖਮੀ ਹੋਈ ਬਾਂਹ ਤੇ ਪੱਟੀ ਬੰਨ੍ਹ ਕੇ ਸਰਦਾਰ ਉਸੇ ਤਰ੍ਹਾਂ ਜਥੇ ਦੀ ਅਗਵਾਈ ਕਰਨ ਲੱਗਾ।...ਮਲੇਰਕੋਟਲੇ ਵਾਲਿਆਂ ਪਾਸ ਇਕ ਹੇੜੀ ਸੀ, ਜੋ ਚੰਗਾ ਨਿਸ਼ਾਨਚੀ ਸੀ। ਉਸ ਪਾਸ ਇਕ ਹੀ ਗੋਲੀ ਸੀ ਉਸਨੇ ਸ਼ਿਸ਼ਤ ਬੰਨ੍ਹ ਕੇ ਨਿਸ਼ਾਨਾ ਮਾਰਿਆ। "ਗੋਲੀ ਹੀਰਾ ਸਿੰਘ ਦੇ ਹੱਥ ਵਿਚ ਲੱਗ ਕੇ ਘੋੜੇ ਵਿਚੀਂ ਨਿਕਲ ਗਈ। ਘੋੜਾ ਥਾਂ ਹੀ ਬੈਠ ਗਿਆ। ਹੀਰਾ ਸਿੰਘ ਬੱਚ ਗਿਆ। ਅੱਗੇ ਥੇਹ ਸੀ, ਉਸ ਥੇਹ ਪਰ ਜਾਇਕੇ ਹੀਰਾ ਸਿੰਘ ਨੇ ਬਰਛੀ ਗੱਡ ਕੇ ਬਚਨ ਕੀਤਾ। ਬਾਪੂ ਜੀ ਕਾ ਹੁਕਮ ਏਤਨਾ ਈ ਹੈ। ਅਸੀਂ ਤਾਂ ਅੱਗੇ ਕੱਖ ਨਹੀਂ ਤੋੜਨਾ ਹੈ... ਤੁਰੇ ਸਿੰਘ ਰੜ ਆਏ, ਤਲਵਾਰਾਂ ਦੀ ਡੋਰੀ ਲਗਾਇ ਦਿੱਤੀ, ਹੀਰਾ ਸਿੰਘ ਕਿਹਾ, ਸਾਨੂੰ ਜਿਤਨਾ ਹੁਕਮ ਗੁਰੂ ਤੇਗ ਬਹਾਦਰ ਜੀ ਕਾ ਸੀ, ਉਤਨਾ ਬਰਤਾਇ ਦੀਆ ਹੈ। ਹੁਣ ਚਲੇ ਜਾਓ ਘਰਾਂ ਨੂੰ ਜਿਨ ਜਾਣਾ ਹੈ। ਜਿਸ ਸੀਸ ਦੇਣਾ ਹੈ, ਸੋ ਰਹੋ। ਅਸਾਂ ਤਾਂ ਸੀਸ ਦੇਣਾ ਹੈ ਸੋ ਦੇਵਾਂਗੇ। ਤੁਸੀਂ ਚਲੇ ਜਾਓ ਹੁਣ?" (ਸਤਿਗੁਰੂ ਬਿਲਾਸ)[੯]

੧੫ ਤਾਰੀਖ ਦੀ ਸ਼ਾਮ ਭਾਈ ਹੀਰਾ ਸਿੰਘ ਨੇ ਰੜ ਪਿੰਡ ਦੇ ਥੇਹੜ ਤੇ ਗੁਜ਼ਾਰੀ। ਤੇਲ ਗਰਮ ਕਰਕੇ ਆਪਣਾ ਜ਼ਖਮੀ ਪੌਂਚਾ ਅਤੇ ਇਕ ਹੋਰ ਫੱਟੜ ਨਰਾਇਣ ਸਿੰਘ ਦਾ ਟੁੰਡ ਤਲਿਆ। ਰੜ ਦੇ ਕਈ ਸਿੰਘ ਜਥੇ ਵਿਚ ਸਨ। ਲੰਗਰ ਪਾਣੀ ਬਣਿਆ। ੧੬ ਜਨਵਰੀ ਨੂੰ ਸਵੇਰ ਦਾ ਲੰਗਰ ਪਾਣੀ ਛਕਣ ਬਾਦ ਜਥਾ ਸ਼ੇਰਪੁਰ ਦੇ ਥਾਣੇਦਾਰ ਨਾਲ, ਆਪਣੀ ਇੱਛਾ ਨਾਲ ਗਰਿਫਤਾਰ ਹੋ ਕੇ ਉੱਥੇ ਪੁੱਜ ਗਿਆ। ਰਾਤ ਥਾਣੇ ਵਿਚ ਰਹੇ। ਅਗਲੇ ਭਲਕ ਲੁਧਿਆਣੇ ਦੇ ਪੁਲਿਸ ਕਪਤਾਨ ਪਰਕਿੰਨਜ਼ ਅਤੇ ਡਿਪਟੀ ਕਮਿਸ਼ਨਰ ਕਾਵਨ ਨੇ ਮਲੇਰਕੋਟਲੇ ਦੇ ਰੱਕੜ ਵਿਚ ਨਾਭਾ, ਪਟਿਆਲਾ, ਜੀਂਦ ਆਦਿ ਰਿਆਸਤਾਂ ਦੀਆਂ ਭੇਜੀਆਂ ਤੋਪਾਂ ਜਮਾਲਪੁਰ ਦੇ ਰੱਕੜ ਵਿਚ ਬੀੜ ਕੇ, ਸ਼ੇਰਪੁਰ ਪੁਲਿਸ ਦੁਆਰਾ ਲਿਆਂਦੇ ਜਾਣ ਵਾਲੇ ਕੂਕੇ ਸਿੰਘਾਂ ਦੀ ਉਡੀਕ ਸ਼ੁਰੂ ਕੀਤੀ। ਇਹਨਾਂ ਦੀ ਗਿਣਤੀ ੬੮ ਸੀ ਜਿਹਨਾਂ ਵਿਚੋਂ ਦੋ ਮਾਈਆਂ ਸਨ। ਇੰਦ ਕੌਰ ਤੇ ਖੇਮ ਕੌਰ। ਰਸਤੇ ਖਰਾਬ ਸਨ। ਮੀਂਹ ਦੀ ਕਿਣ ਮਿਣ ਸੀ। ਗੱਡਿਆਂ ਅਤੇ ਮੰਜਿਆਂ ਤੇ ਪਾ ਕੇ ਸ਼ਦੀਦ ਜ਼ਖਮੀਆਂ ਨੂੰ ਚੁੱਕਿਆ ਹੋਇਆ ਸੀ। ੨੮-੨੯ ਫੱਟੜ ਸਿੰਘ ਸਨ। ਨਾਹਰ ਸਿੰਘ ਐਮ. ਏ. ਸ਼ੇਰਪੁਰ ਤੋਂ ਮਲੇਰਕੋਟਲੇ ਲਿਜਾਣ ਵਾਲੇ ਕੂਕੇ ਸੂਰਬੀਰਾਂ ਦੀ ਤੁਲਨਾ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਦਿੱਲੀ ਵੱਲ ਲਜਾਏ ਬੰਦਾ ਬਹਾਦਰ ਤੇ ਉਸਦੇ ਨਾਲ ਦੇ ੭੫੦ ਸਿੰਘਾਂ ਨਾਲ ਕਰਦਾ ਹੈ। ਦੋਹਾਂ ਮੁਆਮਲਿਆਂ ਵਿਚ ਇਹ ਸਿੰਘ ਆਪਣੇ ਕਾਤਲਾਂ ਵੱਲ ਬੇਖੌਫ ਵਧ ਰਹੇ ਹਨ। ਪਰਕਿੰਨਜ਼ ਜਥੇ ਦੇ ਆਗੂਆਂ ਹੀਰਾ ਸਿੰਘ ਲਹਿਣਾ ਸਿੰਘ ਦੀਆਂ ਸ਼ਾਨਦਾਰ ਪੁਸ਼ਾਕਾਂ ਅਤੇ ਉਹਨਾਂ ਦੇ ਬੇਖੌਫ ਰਵੱਈਏ ਦਾ ਵਰਣਨ ਕਰਦਾ ਹੈ। ਕਾਵਨ ਇਸ ਕਾਰਵਾਈ ਨੂੰ ਆਪਣੀ ਸੱਤਾ ਦੀ ਸਿੱਧੀ ਨਾਬਰੀ ਦੱਸਦਾ ਹੈ। ਇਸ ਮੈਦਾਨ ਵਿਚ ੭੫੦ ਸੈਨਿਕ ਅਤੇ ਢੋਲ ਵਜਾ ਕੇ ਲੋਕ ਇਕੱਠੇ ਕੀਤੇ ਗਏ ਹਨ ਕਿ ਉਹ ਬਾਗੀ ਕੂਕਿਆਂ ਨੂੰ ਤੋਪਾਂ ਨਾਲ ਉੱਡਦਿਆਂ ਵੇਖ ਸੱਕਣ। ਜਦੋਂ ਅੰਗਰੇਜ਼ ਅਧਿਕਾਰੀਆਂ ਨੂੰ ਹੋਣ ਵਾਲੇ ਸ਼ਹੀਦ ਕੂਕੇ ਵੇਖਦੇ ਹਨ ਤਾਂ ਉਹਨਾਂ ਦੀ ਮਨੋਦਸ਼ਾ ਦਾ ਚਿਤਰਣ ਭਾਈ ਹਰਨਾਮ ਸਿੰਘ ਬਗੁਲੀ ਕਲਾਂ ਇਉਂ ਕਰਦਾ



Namdhari Elibrary NamdhariElibrary@gmail.com

ਹੈ :

"ਹਾਥੀ ਮਸਤ ਜਿਉਂ ਮਸਤ ਮਸਤਾਨੜੇ ਥੇ,
ਬਹੁਤ ਖੂਬਸੂਰਤ ਉਚੇ ਜੁਆਨ ਸੋਹਣੇ
ਸਾਹਬ ਦੇਖਦੇ ਸਾਰ ਪੈ ਗਿਆ ਰੌਲਾ,
ਬੋਹੜਾਂ ਮਾਰਦੇ ਸਿੰਘ ਬਲਵਾਨ ਸੋਹਣੇ
ਭਾਰੇ ਬਹੁਤ ਨਾਰ੍ਹੇ ਮਾਰੇ ਖਾਲਸੇ ਨੇ,
ਉੱਠੇ ਗੂੰਜ ਥੇ ਜਿਮੀ ਅਸਮਾਨ ਸੋਹਣੇ
ਕੰਨ ਪਾਈ ਨਾ ਸੁਣੇ ਹਰਨਾਮ ਸਿੰਘਾਂ,
ਖੁਸ਼ੀਆਂ ਮੌਤ ਦੀਆਂ ਸਿੰਘ ਮਨਾਨ ਸੋਹਣੇ।"[17]

ਭਾਈ ਹੀਰਾ ਸਿੰਘ ਨੂੰ ਪਤਾ ਲੱਗਾ ਕਿ ਸਮੁੰਦ ਖਾਂ ਪਠਾਣ ਦੇ ਦੋ ਬੱਚੇ ਵੀ ਦਰਸ਼ਕਾਂ ਦੀ ਭੀੜ ਵਿਚ ਹਨ। ਕਹਿੰਦੇ ਹਨ ਕਿ ਆਪ ਨੇ ਦੋ ਦਮੜੇ ਉਹਨਾਂ ਬੱਚਿਆਂ ਨੂੰ ਦਿੱਤੇ ਅਤੇ ਸਰਕਾਰ ਅਤੇ ਜਨਤਾ ਵੱਲ ਮੁਖਾਤਿਬ ਹੋ ਕੇ ਕਿਹਾ ਕਿ ਇਹਨਾਂ ਦੇ ਸੇਰ ਆਟੇ ਦਾ ਪਰਬੰਧ ਕਰਨਾ, ਇਹ ਸੂਰਮੇ ਦੀ ਉਲਾਦ ਹਨ। ਭਾਈ ਹੀਰਾ ਸਿੰਘ ਦੇ ਸ਼ਹੀਦੀ ਤੋਂ ਪਹਿਲਾਂ ਦੇ ਕਾਵਨ ਨਾਲ ਬਚਨ ਬਿਲਾਸ ਦਾ ਵੇਰਵਾ, ਬਾਹੋਵਾਲ ਜੀ ਦੇ ਹਵਾਲੇ ਨਾਲ, ਨਾਹਰ ਸਿੰਘ ਹੋਰੀਂ ਲਿਖਦੇ ਹਨ : "ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ, ਤੁਮਨੇ ਕਿਉਂ ਗਦਰ ਮਚਾਇਆ ਹੈ? ਹੀਰਾ ਸਿੰਘ ਨੇ ਕਿਹਾ ਅਸੀਂ ਫਰੰਗੀਆਂ ਕਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋਡਾ ਰਾਜ ਨਹੀਂ ਮੁੱਕਦਾ, ਗ਼ਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ, ਮੁੜ ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ। ਤੁਸੀਂ ਗਊ ਬੱਧ ਕਰਦੇ ਹੋ ਅਸੀਂ ਗਊ ਬੱਧ ਨਹੀਂ ਸਹਾਰ ਸਕਦੇ ਹੈਂ।"[18]

੧੭ ਜਨਵਰੀ ਦੀ ਸ਼ਾਮ ਨੂੰ ਤਕਰੀਬਨ ਚਾਰ ਕੂ ਵਜੇ ਸੱਤ ਤੋਪਾਂ ਦੀ ਪਹਿਲੀ ਛਲਕ ਹੋਈ, ਜਿਹੜੇ ਸੱਤ ਸਿੰਘ, ਇਸ ਪਹਿਲੀ ਵੇਰ ਵਿਚ ਸ਼ਹੀਦ ਹੋਏ, ਭਾਈ ਹੀਰਾ ਸਿੰਘ, ਲਹਿਣਾ ਸਿੰਘ ਹੋਰੀਂ ਉਹਨਾਂ ਦੇ ਨਾਲ ਸ਼ਾਮਲ ਸਨ। ਬਾਹੋਵਾਲ ਜੀ ਮੁਤਾਬਿਕ ਆਪ ਦਾ ਸੀਸ ਸਣੇ ਦਸਤਾਰ ਧੜ ਤੋਂ ਅਲਹਿਦਾ ਹੋ ਕੇ ਉਪਰ ਨੂੰ ਉਛਲਿਆ ਧਰਤੀ ਤੇ ਵੱਜ ਕੇ ਤਿੰਨ ਵੇਰ ਖਿੱਦੋ ਜਿਉਂ ਬੁੜਕਿਆ ਅਤੇ ਸ਼ਾਂਤ ਹੋ ਗਿਆ। ਕਰਤਾ ਪੰਥ ਪਰਕਾਸ਼ ਗਿਆਨੀ ਗਿਆਨ ਸਿੰਘ ਮੌਕੇ ਤੇ ਹਾਜ਼ਰ ਸਨ। ਉਹ ਲਿਖਦੇ ਹਨ ਕੂਕੇ ਤੋਪਾਂ ਵੱਲ ਇਉਂ ਭੱਜ ਭੱਜ ਜਾਂਦੇ ਸਨ ਜਿਉਂ ਦੀਵੇ ਦੀ ਲਾਟ ਤੇ ਪਤੰਗੇ ਜਾਂਦੇ ਹਨ। ਸਤਿਗੁਰੂ ਰਾਮ ਸਿੰਘ ਸਿਆਹੜ ਪਿੰਡ ਵਿਚ ਸਨ। ਤੋਪਾਂ ਦੀ ਆਵਾਜ਼ ਸੁਣ ਕੇ ਫੁਰਮਾਇਆ, "ਇਹ ਤੋਪਾਂ ਮੇਰੇ ਲਾਡਲਿਆਂ ਤੇ ਚੱਲ ਰਹੀਆਂ ਹਨ।" ਇਸ ਘਟਨਾਕਰਮ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਤੇ ਬਸਤੀਵਾਦੀ ਰਾਜ ਦੀਆਂ ਸਫ਼ਾਂ ਵਲੇਟਣ ਦੀ ਪਰਕਿਰਿਆ ਤੇਜ਼ ਹੋ ਗਈ। ਰਿਆਸਤੀ ਅਤੇ ਪੰਜਾਬ ਸਰਕਾਰਾਂ ਨੇ ਸ਼ਹੀਦ ਹੋਣ ਵਾਲੇ ਸਾਰੇ ੬੬ ਸਿੰਘਾਂ ਦੇ ਘਰ ਘਾਟ ਮਾਲ ਅਸਬਾਬ ਅਤੇ ਜ਼ਮੀਨ ਜਾਇਦਾਦ ਜ਼ਬਤ ਕਰ ਲਈ।

ਇਉਂ ਭਾਈ ਹੀਰਾ ਸਿੰਘ ਆਪਣੀ ਸੂਰਬੀਰਤਾ ਅਤੇ ਜਥੇਬੰਦੀ ਦੇ ਵੱਡੇ ਗੁਣਾਂ ਕਾਰਨ, ਮਲੇਰਕੋਟਲਾ ਜਿਹਾ ਵੱਡਾ ਸਾਕਾ ਵਰਤਾਉਣ ਕਾਰਨ, ਕੂਕਾ ਅੰਦੋਲਨ ਦਾ ਸ਼ਿਰੋਮਣੀ ਸ਼ਹੀਦ ਹੋ ਗੁਜ਼ਰਿਆ ਹੈ।

ਫੁੱਟ ਨੋਟ :-

1. ਸਾਕਾ ਮਲੇਰਕੋਟਲਾ-ਕਵੀ ਨਿਰੰਜਨ ਸਿੰਘ ਮ੍ਰਿਗੇਸ਼, ਪਰਕਾਸ਼ਕ ਮ੍ਰਿਗੇਸ਼ ਪਰਿਵਾਰ ਅੰਮ੍ਰਿਤਸਰ ਖੁਰਦ ਜ਼ਿਲ੍ਹਾ ਸਿਰਸਾ (ਹਰਿਆਣਾ)-੨੦੦੫-ਸਫਾ ੯੬
2. ਕੂਕਾ ਅੰਦੋਲਨ ਦੇ ਮਹਾਨ ਸੁਤੰਤਰਤਾ ਸੰਗਰਾਮੀ ਨਾਮਧਾਰੀ ਸ਼ਹੀਦ-ਸੂਬਾ ਸੁਰਿੰਦਰ ਕੌਰ ਖਰਲ, ੨੦੦੮, ਸ੍ਰੀ ਭੈਣੀ ਸਾਹਿਬ
3. ਮਹਾਨ ਕੋਸ਼-ਭਾਈ ਕਾਹਨ ਸਿੰਘ ਨਾਭਾ-੧੯੯੦-ਭਾਸ਼ਾ ਵਿਭਾਗ ਪਟਿਆਲਾ-ਸਫਾ ੬੧੩-੧੪
4. ਸਤਿਗੁਰੂ ਬਿਲਾਸ-ਭਾਗ ਪਹਿਲਾ-ਭਾਈ ਸੰਤੋਖ ਸਿੰਘ ਬਾਹੋਵਾਲ-ਸਫਾ ੩੩੬
5. ਗੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ-ਨਾਹਰ ਸਿੰਘ ਕ੍ਰਿਪਾਲ ਸਿੰਘ-ਸਫਾ ੯੧-੯੮
6. ਸਤਿਗੁਰੂ ਬਿਲਾਸ-ਭਾਗ ਪਹਿਲਾ-ਸਫਾ ੨੭੭-੮੦
7. ਉਹੀ-ਸਫਾ ੩੩੫-੩੭
8. ਲਾਲ ਏਹਿ ਰਤਨ (ਉਪਦੇਸ਼ ਸਤਿਗੁਰੂ ਪਰਤਾਪ ਸਿੰਘ)-ਭਾਗ ੧-ਸਫਾ ੨੪
9. ਸਤਿਗੁਰੂ ਬਿਲਾਸ-ਭਾਗ ੧ ਸਫਾ ੩੫੦-੫੧
10. ਉਹੀ-ਸਫਾ ੩੮੧
11. ਉਹੀ-ਸਫਾ ੩੯੬
12. ਉਹੀ-ਸਫਾ ੩੭੭
13. ਉਹੀ-ਸਫਾ ੩੭੫
14. ਸ੍ਰੀ ਸਤਿਗੁਰੂ ਬਿਲਾਸ ਪਾ੦ ੧੨ਵੀਂ-ਧਿਆਨ ਸਿੰਘ ਕਾਦਰਾਬਾਦੀ-ਭੈਣੀ ਸਾਹਿਬ-੧੯੯੮-ਸਫਾ ੧੨੭
15. ਸਾਕਾ ਮਲੇਰਕੋਟਲਾ-ਸਫਾ ੭੮
16. ਨਾਮਧਾਰੀ ਇਤਿਹਾਸ-ਨਾਹਰ ਸਿੰਘ-ਸਫਾ ੩੯੩
17. ਸੰਤ ਖਾਲਸਾ-ਹਰਨਾਮ ਸਿੰਘ ਬਗੁਲੀਕਲਾਂ-ਪਹਿਲੀ ਛਾਪ-ਸਫਾ ੩੯
18. ਨਾਮਧਾਰੀ ਇਤਿਹਾਸ-ਸਫਾ ੪੩੪

*ਪਿੰਡ ਤੇ ਡਾਕ ਕਰੀਵਾਲਾ (ਸਿਰਸਾ)*
*ਫੋਨ- ੦੧੬੬੯-੨੭੪੫੬੨ (ਨਿਵਾਸ)*
*੬-੧੨-੨੦੧੦*



Namdhari Elibrary NamdhariElibrary@gmail.com

# ਚਿਰਾਗਾਂ ਨੂੰ ਬਾਲਣ ਵਾਲੇ ਸਤਿਗੁਰੂ

*—ਡਾ. ਵਰਿਆਮ ਸਿੰਘ ਸੰਧੂ*

*ਇਹ ਲੇਖ ਦਰਅਸਲ ਇਕ ਭਾਸ਼ਣ ਹੈ। ੧੭ ਨਵੰਬਰ ੨੦੧੦ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੯੧ਵੇਂ ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼ ਸਮਾਗਮ ਸਮੇਂ ਵਿਦਵਾਨ ਲੇਖਕ ਪਹੁੰਚੇ ਸਨ। ਇਸ ਸਮਾਗਮ ਵਿਚ ਬੋਲਣ ਵਾਲਿਆਂ ਵਿਚ ਪ੍ਰਿੰਸੀਪਲ ਜਸਪਾਲ ਸਿੰਘ ਰੰਧਾਵਾ, ਡਾ. ਵਰਿਆਮ ਸਿੰਘ ਸੰਧੂ , ਸੁਵਰਨ ਸਿੰਘ ਵਿਰਕ, ਗੁਰੂਬਚਨ ਸਿੰਘ ਚੰਡੀਗੜ੍ਹ, ਤੀਰਥ ਸਿੰਘ ਢਿਲੋਂ, ਸਾਧੂ ਸਿੰਘ ਕਿਸਾਨ, ਨਿਸ਼ਾਨ ਸਿੰਘ, ਹਰਪਾਲ ਸਿੰਘ ਆਦਿ ਸ਼ਾਮਲ ਸਨ। ਇਹਨਾਂ ਸਾਰਿਆਂ ਨੇ ਆਪਣੀਆਂ ਤਕਰੀਰਾਂ ਰਾਹੀਂ ਸਮਾਂ ਬੰਨ੍ਹ ਦਿੱਤਾ।*

*ਇਸ ਅਵਸਰ ਤੇ ਡਾ. ਵਰਿਆਮ ਸਿੰਘ ਸੰਧੂ ਜੋ ਕਲਮ ਅਤੇ ਜ਼ੁਬਾਨ ਦੇ ਕਮਾਲ ਦੇ ਧਨੀ ਹਨ ਨੇ ਆਪਣੀ ਜਾਦੂਈ ਭਾਸ਼ਨ ਨਾਲ ਸਭ ਨੂੰ ਮੰਤਰ ਮੁਗਧ ਕਰਕੇ ਵਿਸਮਾਦ ਦੀ ਹਾਲਤ ਪੈਦਾ ਕਰ ਦਿੱਤੀ। ਉਹਨਾਂ ਦੇ ਭਾਸ਼ਣ ਦੀ ਰਿਕਾਰਡਿੰਗ ਸਾਨੂੰ ਪ੍ਰਾਪਤ ਹੋ ਸਕੀ ਹੈ। ਇਸ ਸਮਾਗਮ ਦੀ ਪੂਰੀ ਰਿਪੋਰਟ ਤਾਂ ਸਤਿਜੁਗ ਸਪਤਾਹਿਕ ਵਿਚ ਛੱਪ ਰਹੀ ਹੈ। ਇਥੇ ਅਸੀਂ ਸੰਧੂ ਸਾਹਿਬ ਦੇ ਭਾਸ਼ਨ ਦਾ ਹੀ ਉਤਾਰਾ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ। ਓਹਨਾਂ ਦੇ ਭਾਸ਼ਨ ਦੇ ਅੰਤ ਤੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਦੀਵਾਨ ਵਿਚ ਦਰਸ਼ਨ ਦਿੱਤੇ। ਸਭ ਸੰਗਤ ਦੋਹਰੀ ਮਾਤਰਾ ਵਿਚ ਧੰਨ ਧੰਨ ਹੋ ਗਈ।*

*—ਸੰਪਾਦਕ*

ਸਤਿਗੁਰੂ ਜਗਜੀਤ ਸਿੰਘ ਦੇ ਪਾਵਨ ਪ੍ਰਕਾਸ਼ ਦਿਵਸ ਦੇ ਉਤੇ ਜਿਥੇ ਮੈਂ ਸਮੂਹ ਸਾਧ ਸੰਗਤ ਨੂੰ ਦਿਲ ਦੀਆਂ ਡੂੰਘਾਨਾਂ ਤੋਂ ਮੁਬਾਰਕ ਬਾਦ ਪੇਸ਼ ਕਰਦਾ ਹਾਂ, ਆਪਣੀ ਅਸੀਮ ਖ਼ੁਸ਼ੀ ਪ੍ਰਗਟ ਕਰਦਾ ਹਾਂ ਉਥੇ ਮੈਂ ਆਪਣੀ ਸੀਮਾ ਨੂੰ ਵੀ ਸਵੀਕਾਰ ਕਰਦਾਂ ਕਿ ਮੈਂ ਸਤਿਗੁਰੂ ਸਾਹਿਬ ਬਾਰੇ, ਉਹਨਾਂ ਦੀ ਸੂਰਜੀ ਸ਼ਖਸੀਅੰਤ ਬਾਰੇ, ਆਪਣੇ ਛੋਟੇ ਸ਼ਬਦਾਂ ਵਿਚ ਉਸ ਮਹਾਂ ਸ਼ਖਸੀਅਤ ਨੂੰ ਫੜ ਸਕਣ ਦੇ ਕਾਬਲ ਨਹੀਂ ਹਾਂ। ਇਸ ਗੱਲ ਦਾ ਮੈਨੂੰ ਓਦਣ ਵੀ ਅਹਿਸਾਸ ਸੀ ਜਿਸ ਦਿਨ ਮੈਨੂੰ ਹੰਸਪਾਲ ਜੀ ਨੇ ਹੁਕਮ ਦਿੱਤਾ ਸੀ ਕਿ ਮੈਂ ਭੈਣੀ ਸਾਹਿਬ ਹਾਜ਼ਰ ਹੋਣੈ ਔਰ ਆਪਣੇ ਵਿਚਾਰ ਵਿਅਕਤ ਕਰਨੇ ਨੇ। ਮੈਂ ਆਪਣੀ ਸੀਮਾ ਜਾਣਦਾ ਹੋਇਆ ਵੀ ਇਸ ਲਾਲਚ ਵਿਚ ਸੀ ਕਿ ਸ਼ਾਇਦ ਇਸ ਗੱਲ ਦੇ ਪਿੱਛੇ ਵੀ ਸਤਿਗੁਰੂ ਜੀ ਦਾ ਕੋਈ ਸੰਕੇਤ ਹੋਵੇਗਾ..... ਮੈਂ ਇਥੇ ਆਵਾਂ, ਨਾਮਧਾਰੀ ਸੰਗਤ ਦੇ ਦਰਸ਼ਨ ਕਰਾਂ ਤੇ ਮੇਰੀ ਰੂਹ ਰੱਜ ਜਾਵੇ। ਮੈਂ ਇਕ ਪੱਥਰ ਗੀਟਾ ਵਿਸ਼ਾਲ ਬੁਲੰਦ ਹਿਮਾਲੀਆ ਦੇ ਪੈਰਾਂ ਵਿਚ ਪਿਆ ਹੋਇਆ ਕੀ ਜਾਣ ਸਕਦਾ ਹਾਂ ਉਸ ਹਿਮਾਲੀਆ ਦੀਆਂ ਬੁਲੰਦੀਆਂ ਤੇ ਚੋਟੀਆਂ ਤੇ ਕੀ ਛੁਪਿਆ ਹੈ ਉਹਦੇ ਕੀ ਰਹੱਸ ਨੇ। ਮੈਂ ਇਕ ਛੋਟਾ ਜਿਹਾ ਕਤਰਾ, ਸਾਗਰ ਦੀ ਅਥਾਹ ਵਿਸ਼ਾਲਤਾ ਬਾਰੇ ਉਸ ਦੀ ਅਪਰੰਪਾਰਤਾ ਬਾਰੇ ਉਸ ਦੀ ਦਿਆਲਤਾ ਬਾਰੇ ਕੀ ਜਾਣ ਸਕਦਾ ਹਾਂ ਕੀ ਬਿਆਨ ਕਰ ਸਕਦਾ ਹਾਂ। ਮੈਨੂੰ ਇਸ ਗੱਲ ਦੀ ਸੀਮਾ ਦਾ ਇਹਸਾਸ ਹੈ। ਤੇ ਖਾਸ ਤੌਰ ਤੇ ਸਰੋਤਾ ਮੰਡਲ ਵੀ ਉਹ ਜਿਹੜਾ ਹਰ ਵੇਲੇ ਸਾਲਾਂ ਬੱਧੀ, ਸਤਿਗੁਰੂ ਜੀ ਦੀ ਮਨੋਹਰ ਸ਼ਖਸੀਅਤ ਦੇ ਅੰਗ-ਸੰਗ ਰਿਹਾ ਹੋਵੇ, ਨਦਰੀ ਨਦਰ ਨਿਹਾਲ ਹੋਇਆ ਹੋਵੇ। ਓਹਨਾਂ ਦੇ ਸਾਥ ਅਤੇ ਸੰਗਤ ਕੀ ਛਹਿਬਰ ਵਿਚ ਲਗਤਾਰ ਭਿੱਝ ਕੇ ਮਜੀਠੀ ਰੰਗ ਵਿਚ ਰੰਗਿਆ ਹੋਵੇ, ਨਾਮਧਾਰੀ ਇਤਿਹਾਸ ਨੂੰ ਅਪਣੇ ਹੱਡਾਂ ਤੇ ਹੰਡਾਇਆ ਅਤੇ ਜੀਵਿਆਂ ਹੋਵੇ, ਉਸ ਸਾਰੀ ਸੰਗਤ ਨੂੰ ਮੈਂ ਕੀ ਬਿਆਨ ਕਰ ਸਕਦਾ ਹਾਂ। ਫਿਰ ਵੀ ਆਸਰਾ ਲੈਣ ਵਾਸਤੇ ਮੈਂ ਕਹਿਣਾ ਚਾਹਵਾਂਗਾ ਇਹ ਨਾਮਧਾਰੀ ਪੰਥ ਹੀ ਹੈ ਜਿਸਦੀ ਅਨੂਠੀ ਵਿਚਾਰਧਾਰਾ, ਬਹੁਤ ਹੀ ਰਾਂਗਲਾ ਅਤੇ ਸ਼ਾਨਾਮੱਤਾ ਇਤਿਹਾਸ ਹੈ। ਇਹ ਇਤਿਹਾਸ ਇਕੱਲੇ ਨਾਮਧਾਰੀਆਂ ਦਾ ਨਹੀਂ, ਇਹ ਇਤਿਹਾਸ ਪੰਜਾਬ ਦਾ ਇਤਿਹਾਸ ਹੈ। ਇਹ ਇਤਿਹਾਸ ਸਮੁੱਚੇ ਭਾਰਤ ਵਰਸ਼ ਦਾ ਇਤਿਹਾਸ ਹੈ।

ਉਸ ਵੇਲੇ ਜਦੋਂ ਪੰਜਾਬ ਦੇ ਉਤੇ ਅੰਗਰੇਜ਼ ਦੀ ਹਕੂਮਤ ਆ ਗਈ ਸੀ। ਵੱਡੇ-ਵੱਡੇ ਖੱਬੀ ਖਾਨ ਸਰਦਾਰ, ਹੱਥ ਜੋੜੀ ਧੌਣਾਂ ਨਿਵਾਈ ਨਮੋਸ਼ੀ ਦੀ ਮੁਦਰਾ ਵਿਚ ਅੰਗਰੇਜ਼ ਦੇ ਅੱਗੇ ਨਤਮਸਤਕ ਹੋਏ ਪਏ ਸਨ। ਉਸ ਵੇਲੇ ਜਦੋਂ ਸਮਾਜਕ ਅਤੇ ਧਾਰਮਕ ਤੌਰ ਤੇ ਪੰਜਾਬ ਡੂੰਘੀਆਂ ਖਾਈਆਂ ਵਿਚ ਤਿਲਕ ਅਤੇ ਖਿਸੱਕ ਗਿਆ ਸੀ। ਉਸ ਵੇਲੇ ਏਸੇ ਪਵਿਤਰ ਧਰਤੀ ਭੈਣੀ ਸਾਹਿਬ ਦੀ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਾਧਿਅਮ ਰਾਹੀਂ ਸਿੰਘ ਗਰਜਨਾ ਉੱਠੀ ਔਰ ਖੱਡਾਂ ਵਿਚ ਪਿਆ ਹੋਇਆ ਪੰਜਾਬ ਆਪਣੇ ਪਿੰਡੇ ਨੂੰ ਛੰਡ ਕੇ ਸਿੱਧਾ ਖੜਾ ਹੋਇਆ। ਨਮੋਸ਼ੀ ਵਿਚ ਝੁੱਕੀਆਂ ਹੋਈਆਂ ਧੌਣਾਂ ਸਿਰ ਅਕੜਾ ਕੇ ਖੜੀਆਂ ਹੋਈਆਂ। ਕਿਉਂਕਿ ਉਠੀਆਂ ਹੋਈਆਂ ਧੌਣਾਂ ਵੰਗਾਰ ਹੁੰਦੀਆਂ ਖਤਰਨਾਕ ਵੰਗਾਰ ਹਾਕਮ ਜਮਾਤਾਂ ਦੇ ਵਾਸਤੇ ਹੁੰਦੀਆਂ ਹਨ। ਉਹਨਾਂ ਵਾਸਤੇ ਤੋਪਾਂ ਆਈਆਂ,



Namdhari Elibrary NamdhariElibrary@gmail.com

ਤੋਪਾਂ ਅੱਗੇ ਛਾਤੀਆਂ ਕੀਤੀਆਂ ਔਰ ਜਦੋਂ ਉਹ ਸਿੰਘ ਜਿਸ ਦਾ ਕੱਦ ਛੋਟਾ ਹੈ ? ਇਟਾਂ ਚੁੱਣ ਕੇ ਤੋਪ ਦੀ ਨਾਲੀ ਦੇ ਸਾਹਮਣੇ ਆਪਣੀ ਛਾਤੀ ਨੂੰ ਖੜਾ ਕਰ ਰਿਹਾ ਤਾਂ ਮੈਨੂੰ ਇਹ ਮਹਿਸੂਸ ਹੁੰਦੈ ਕਿ ਉਹ ਇਕੱਲਾ ਨਾਮਧਾਰੀ ਸਿੰਘ ਨਹੀਂ ਸੀ ਸਗੋਂ ਉਸ ਸਿੰਘ ਦੇ ਰੂਪ ਵਿਚ ਪੰਜਾਬ ਦੀ ਆਤਮਾ ਸੀ। ਜਿਹੜੀ ਉਸ ਤੋਪ ਦੀ ਨਾਲੀ ਸਾਹਮਣੇ ਆਪਣੀ ਹਿੱਕ ਖੜੀ ਕਰ ਕੇ ਗੋਰੇ ਹਾਕਮ ਨੂੰ ਵੰਗਾਰ ਕੇ ਇਹ ਗੱਲ ਕਹਿ ਰਹੀ ਸੀ ਕਿ ਐਹ ਜ਼ਾਲਮ ਹਾਕਮ ਇਹ ਪੰਜਾਬ ਤੇਰੇ ਹਰ ਵਾਰ ਨੂੰ ਸਹਿਣ ਵਾਸਤੇ ਤਿਆਰ ਏ। ਪੰਜਾਬ ਦੀ ਧੌਣ ਤੇਰੇ ਹਰ ਹੁਕਮ ਦੇ ਸਾਹਮਣੇ ਝੁਕਣ ਤੋਂ ਇਨਕਾਰੀ ਏ। ਕਿਸੇ ਸ਼ਾਇਰ ਨੇ ਇਸ ਅੰਦਾਜ਼ ਨੂੰ ਇਸ ਤਰ੍ਹਾਂ ਬਿਆਨ ਕੀਤਾ ਏ ਕਿ

ਦੇਖੋ ਕਰੀਬ ਸੇ ਤੋ ਅੱਛਾ ਦਿਖਾਈ ਦੇ
ਦੁਨੀਆ ਮੇ ਕੋਈ ਐਸਾ ਸ਼ਖਸ ਤੋ ਦਿਖਾਈ ਦੇ
ਨੇਜ਼ੇ ਪਰ ਰੱਖ ਕੇ ਮੇਰਾ ਸਰ ਔਰ ਬੁਲੰਦ ਕਰ
ਦੁਨੀਆ ਕੋ ਇਕ ਚਰਾਗ ਤੋ ਜਲਤਾ ਦਿਖਾਈ ਦੇ

ਇਹ ਚਰਾਗਾਂ ਵਾਂਗ ਬਲਦੀਆਂ ਹੋਈਆਂ ਕੁਰਬਾਨੀਆਂ ਕਰ ਕੇ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਇਤਿਹਾਸ ਨੂੰ ਰੌਸ਼ਨ ਕੀਤਾ ਔਰ ਰਾਹ ਦਸਿਆ।

ਕੋਈ ਮੰਨੇ ਜਾਂ ਨਾ ਮੰਨੇ ਦੇਸ਼ ਨੂੰ ਆਜ਼ਾਦ ਕਰਾਉਣ ਦੀਆਂ ਜਿਹੜੀਆਂ ਦੋਵੇਂ ਧਾਰਾਵਾਂ ਨੇ, ਇਕ ਸ਼ਾਂਤਮਈ ਧਾਰਾ ਕਹੀ ਜਾਂਦੀ ਏ, ਇਕ ਕ੍ਰਾਂਤੀਕਾਰੀ ਧਾਰਾ ਕਹੀ ਜਾਂਦੀ ਏ। ਮੈਂ ਸਮਝਦਾਂ ਉਹਨਾਂ ਦੋਵੇਂ ਧਾਰਾਵਾਂ ਦੀ ਨੀਂਹ ਵਿੱਚ ਨਾਮਧਾਰੀ ਪੰਥ ਦਾ ਵਿਚਾਰ, ਨਾਮਧਾਰੀ ਪੰਥ ਦਾ ਖ਼ੂਨ ਪਰਵਾਹਤ ਹੈ। ਮਹਾਤਮਾ ਗਾਂਧੀ ਤੇ ਉਸ ਦੇ ਪੈਰੋਕਾਰ ਮੰਨਣ ਜਾਂ ਨਾ ਮੰਨਣ ਕਿ ਨਾ ਮਿਲਵਰਤਨ ਦਾ ਹਥਿਆਰ ਜਿਹੜਾ ਓਹਨਾਂ ਅਪਣਾਇਆ, ਆਪਾਂ ਸਾਰੇ ਜਾਣਦੇ ਹਾਂ ਕਿ ਅਚੇਤ ਮਨ ਵਿਚ ਜਾਂ ਸੁਚੇਤ ਮਨ ਵਿਚ ਮਹਾਤਮਾ ਗਾਂਧੀ ਦੇ ਮਨ ਵਿਚ ਵੀ ਇਹ ਗੱਲ ਪਈ ਹੋਈ ਸੀ ਕਿ ਇਹ ਹਥਿਆਰ ਸ੍ਰੀ ਸਤਿਗੁਰੂ ਰਾਮ ਸਿੰਘ ਪੰਜਾਬ ਵਿਚ ਅਜ਼ਮਾ ਚੁੱਕੇ ਨੇ। ਬੜੀ ਵੱਡੀ ਲੋਕ ਲਹਿਰ ਓਹਨਾਂ ਨੇ ਸਥਾਪਤ ਕਰ ਦਿੱਤੀ ਸੀ।

ਦੂਜੇ ਪਾਸੇ ਜਿਹੜੀ ਕ੍ਰਾਂਤੀਕਾਰੀ ਧਾਰਾ ਏ ਉਹਨਾਂ ਨੂੰ ਵੇਖਦੇ ਹਾਂ ਤਾਂ ਅਸੀਂ ਜਾਣਦੇ ਹਾਂ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਇਹ ਖ਼ੁਦ ਤਸਲੀਮ ਕਰਦੇ ਨੇ ਕਿ ਉਹ ਜ਼ਿੰਦਗੀ ਵਿਚ ਭੈੜੇ ਪਾਸੇ ਪੈ ਗਏ ਸਨ ਅਰ ਇਕ ਨਾਮਧਾਰੀ ਬਾਬਾ ਜੀ ਕੇਸਰ ਸਿੰਘ ਹੋਰਾਂ ਦੇ ਪਰਛਾਵੇਂ ਹੇਠ ਆ ਕੇ ਉਹਨਾਂ ਨੇ ਸ਼ੁਭ ਜੀਵਨ ਵਿਚ ਪ੍ਰਵੇਸ਼ ਕੀਤਾ ਔਰ



ਮਹਾਨ ਕ੍ਰਾਂਤੀ ਕਾਰੀ ਸਾਬਤ ਹੋਏ। ਗਦਰ ਲਹਿਰ ਦੇ ਬਾਨੀਆਂ ਵਿਚ ਉਹਨਾਂ ਦਾ ਨਾਮ ਹੈ। ਔਰ ਸ਼ਹੀਦ ਭਗਤ ਸਿੰਘ ਤਾਂ ਆਪਣੇ ਹਰ ਸਾਹ ਦੇ ਨਾਲ ਕੂਕਿਆਂ ਦੀ ਬਹਾਦਰੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕੁਰਬਾਨੀ ਦੇ ਨਾਲ ਸਰਸ਼ਾਰ ਹੋਇਆ ਰਹਿੰਦਾ ਸੀ। ਤਾਂ ਕਹਿਣਾ ਮੈਂ ਇਹ ਚਾਹ ਰਿਹਾਂ ਕਿ ਭਾਰਤ ਦੀ ਆਜ਼ਾਦੀ ਦੀਆਂ ਜਿਹੜੀਆਂ ਦੋਵੇਂ ਧਾਰਾਵਾਂ ਸੀ, ਉਹਨਾਂ ਨੂੰ ਦਿਸ਼ਾ ਨਿਰਦੇਸ਼ ਵੀ ਨਾਮਧਾਰੀਆਂ ਨੇ ਦਿੱਤਾ। ਇਕ ਹੋਰ ਨੁਕਤਾ ਮੈਂ ਤੁਹਾਡੇ ਨਾਲ ਜ਼ਰੂਰ ਸਾਂਝਾ ਕਰਨਾ ਚਾਹੁੰਦਾ ਹਾਂ। ਹੁਣੇ ਜਿਵੇਂ ਜ਼ਿਕਰ ਕਰ ਕੇ ਗਏ ਨੇ ਸ਼ਾਇਦ ਮੈਂ ਨਾਸਤਕਾਂ ਵਿਚ ਵੀ ਗਿਣਿਆ ਜਾ ਸਕਦਾ ਹੋਵਾਂ। ਧਰਮ ਤੇ ਰਾਜਨੀਤੀ ਨੂੰ ਵੱਖ-ਵੱਖ ਕਰ ਕੇ ਵਿਚਾਰ ਵੀ ਰਖਦਾ ਹਾਂ... ਅੱਜ ਜਿਹੜਾ ਬੜੇ ਲੰਬੇ ਸਮੇਂ ਤੋਂ ਕਿਹਾ ਜਾ ਰਿਹਾ ਹੈ ਕਿ ਸਾਡਾ ਧਰਮ ਤੇ ਰਾਜਨੀਤੀ ਇਕ ਹੈ ਪਰ ਹੋ ਕੀ ਰਿਹਾ ਹੈ। ਕਿ ਧਰਮ ਰਾਜਨੀਤੀ ਦੇ ਥੱਲੇ ਹੋ ਕੇ ਵਗਦਾ ਪਿਆ ਹੈ। ਧਰਮ ਦੀ ਪਵਿੱਤਰਤਾ ਨੂੰ ਜਿਵੇਂ ਵਈਂ ਨਦੀ ਵਿਚ ਪ੍ਰਦੂਸ਼ਤ ਪਾਣੀ ਸ਼ਾਮਲ ਹੋ ਗਿਆ ਹੈ, ਧਰਮ ਦੀ ਪਵਿੱਤਰਤਾ ਨੂੰ ਇਸ ਪ੍ਰਦੂਸ਼ਤ ਰਾਜਨੀਤੀ ਨੇ ਪ੍ਰਦੂਸ਼ਤ ਕਰ ਦਿੱਤਾ ਹੈ। ਪਰ ਜੇ ਆਧੁਨਕ ਧਰਮ ਅਤੇ ਰਾਜਨੀਤੀ ਦਾ ਸੰਬੰਧ ਵੇਖਣਾ ਹੈ ਤਾਂ ਇਹ ਨਾਮਧਾਰੀਆਂ ਵਿਚੋਂ ਵੇਖਿਆ ਜਾ ਸਕਦਾ ਹੈ ਕਿ ਧਰਮ ਦੇ ਕੁੰਡੇ ਹੇਠਾਂ ਰਾਜਨੀਤੀ ਰਵੇ। ਇਹ ਧਰਮ ਸੀ ਉਹਨਾਂ ਦਾ ਗਊਆਂ ਵਧ ਕਰਨ ਦੇ ਖਿਲਾਫ਼ ਸਿੰਘਾਂ ਨੇ ਬੁਚੜਾਂ ਦਾ ਸਫਾਇਆ ਕੀਤਾ। ਰਾਜਨੀਤੀ ਕਹਿ ਸਕਦੀ ਹੈ ਕਿ ਆਪਣਾ ਬਚਾਅ ਕਰੋ ਹਰ ਹੀਲੇ ਦੇ ਨਾਲ, ਪਰ ਜਦੋਂ ਸਤਿਗੁਰਾਂ ਨੂੰ ਇਸ ਗੱਲ ਦਾ ਇਲਮ ਹੋਇਆ ਕਿ ਇਹਨਾਂ ਦੀ ਥਾਂ ਉਥੇ ਕੁਝ ਬੇਦੋਸ਼ ਜਿਹੜੇ ਨੇ ਉਹ ਸਜ਼ਾ ਭੁਗਤ ਰਹੇ ਨੇ ਉਹ ਤੰਗੀ ਝੱਲ ਰਹੇ ਨੇ ਤਾਂ ਧਰਮ ਨੇ ਕਿਹਾ ਰਾਜਨੀਤੀ ਨਹੀਂ ਵਰਤਨੀ। ਸਤਿਗੁਰਾਂ ਨੇ ਫਰਮਾਨ ਕੀਤਾ ਕਿ ਜਾਓ, ਕਰੇ ਕੋਈ ਤੇ ਭਰੇ ਕੋਈ, ਇਹ ਨਾਮਧਾਰੀਆਂ ਦਾ ਸ਼ੇਵਾ ਨਹੀਂ ਹੋ ਸਕਦਾ। ਜਾਓ ਤੇ ਜਾ ਕੇ ਖੁਦ ਆਪਣੇ ਦੋਸ਼ ਨੂੰ ਕਬੂਲ ਕਰੋ। ਮਾਣ ਦੇ ਨਾਲ ਕਬੂਲ ਕਰੋ ਕਿ ਅਸਾਂ ਇਹ ਕੁਝ ਕੀਤਾ ਹੈ। ਉਹ ਗਏ ਤੇ ਫਾਂਸੀਆਂ ਦੇ ਰੱਸੇ ਚੁੰਮ ਕੇ ਆਪਣੇ ਗੱਲਾਂ ਵਿਚ ਪੁਆਏ।.... ਧਰਮ ਦੇ ਹੇਠਾਂ ਰਾਜਨੀਤੀ ਦੀ ਜੇ ਮਿਸਾਲ ਵੀ ਲੈਣੀ ਹੈ ਤਾਂ ਅਸੀਂ ਸਮਝਾਂਗੇ ਕਿ ਇਹ ਨਾਮਧਾਰੀਆਂ ਕੋਲੋਂ ਲਈ ਜਾ ਸਕਦੀ ਹੈ। ਮੈਂ ਜਿਵੇਂ



Namdhari Elibrary NamdhariElibrary@gmail.com

ਪਹਿਲਾਂ ਬੇਨਤੀ ਕੀਤੀ ਏ ਕਿ ਮੈਂ ਸਤਿਗੁਰੂ ਜੀ ਦੀ ਸੰਗਤ ਬਹੁਤ ਅਲਪ ਕਾਲੀਨ ਸਮੇਂ ਥੋੜ੍ਹੇ-ਥੋੜ੍ਹੇ ਸਮਿਆਂ ਵਾਸਤੇ ਮਾਣੀ ਹੈ। ਉਨੀ ਤਾਂ ਨਹੀਂ ਮਾਣੀ ਜਿਨੀ ਤੁਸੀਂ ਮਾਣੀ ਹੈ। ਉਹਨਾਂ ਦੀ ਮੁਹਬਤ ਦੇ ਰੰਗ ਵਿਚ ਤੇ ਛਹਿਬਰ ਵਿਚ ਭਿਜਦੇ ਰਹੇ ਓ। ਮੈਂ ਉਹਨਾਂ ਦੀ ਸ਼ਖਸੀਅਤ ਦੇ ਓਹਨਾਂ ਪਲਾਂ ਵਿਚ ਵੀ ਅਨੇਕਾਂ ਰੰਗ ਮਾਣੇ ਨੇ। ਮੈਂ ਉਹਨਾਂ ਬਾਰੇ ਪੜ੍ਹਿਆ ਅਤੇ ਸੁਣਿਆ ਹੈ। ਮੈਂ ਉਹਨਾਂ ਬਾਰੇ ਸਿਰਫ ਇਹ ਗੱਲ ਉਤੇ ਕੇਂਦਰਤ ਕਰਕੇ ਦੋ ਤਿੰਨ ਨਿਕੀਆਂ-ਨਿਕੀਆਂ ਘਟਨਾਵਾਂ ਤੁਹਾਡੇ ਨਾਲ ਸਾਂਝੀਆਂ ਕਰ ਕੇ ਆਪਣੀ ਗੱਲ ਖ਼ਤਮ ਕਰ ਦੇਣੀ ਹੈ ਕਿਉਂਕਿ ਉਹਨਾਂ ਦੀ ਸੁਰਜੀ ਸ਼ਖਸੀਅਤ ਨੂੰ ਵੱਖ ਪਹਿਲੂ ਵੱਖ-ਵੱਖ ਵਿਦਵਾਨ ਆਪਣੇ ਭਾਸ਼ਨਾਂ ਵਿਚ ਫੜਣ ਦੀ ਕੋਸ਼ਿਸ਼ ਕਰਦੇ ਰਹੇ ਨੇ। ਉਹਨਾਂ ਦੀ ਸ਼ਖਸੀਅਤ ਏਨੀ ਵਰਾਟ ਹੈ ਕਿ ਉਹਨਾਂ ਨੂੰ ਸ਼ਬਦਾਂ ਵਿਚ ਬੰਨਣਾ ਮੁਸ਼ਕਲ ਹੈ।

ਮੈਨੂੰ ਯਾਦ ਆਉਂਦੈ ਸਰਸੇ ਸਮਾਗਮ ਸੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਤਰਨ ਸਿੰਘ ਵਹਿਮੀ ਹੋਰਾਂ ਦੀ ਯਾਦ ਵਿਚ ਕਰਵਾਇਆ ਗਿਆ ਸੀ।.... ਵਹਿਮੀ ਹੋਰਾਂ ਜੋ ਜੱਸ ਜੀਵਨ ਪੁਸਤਕਾਂ ਲਿਖੀਆਂ ਸੀ ਉਹਨਾਂ ਦਾ ਪਾਠ ਕੀਤਾ ਸੀ। ਮੈਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਬੋਲਦਿਆਂ ਇਕ ਘਟਨਾ ਦਾ ਵਰਨਣ ਕੀਤਾ ਜਿਹਦਾ ਵਹਿਮੀ ਸਾਹਿਬ ਨੇ ਜ਼ਿਕਰ ਕੀਤਾ ਸੀ। ਵਹਿਮੀ ਸਾਹਿਬ ਲਿਖਦੇ ਨੇ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸ਼ਰੀਰ ਦਾ ਉਹਲਾ ਕਰਣ ਦਾ ਵਕਤ ਆ ਗਿਆ ਤਾਂ ਬਾਬਾ ਜਗਜੀਤ ਸਿੰਘ ਜੀ ਨੂੰ ਉਹਨਾਂ ਨੇ ਕਿਹਾ, ਕਾਕਾ ਜੀ ਤਿਆਰ ਹੋ ਜਾਓ ਹੁਣ ਤੁਹਾਡੇ ਮੋਢਿਆਂ ਉਤੇ, ਤੁਹਾਡੇ ਸਿਰ ਉਤੇ ਬੜੀਆਂ ਵਡੀਆਂ ਜੁਮੇਵਾਰੀਆਂ ਪੈ ਜਾਣੀਆਂ ਨੇ। ਵਹਿਮੀ ਸਾਹਿਬ ਲਿਖਦੇ ਨੇ ਇਹ ਸ਼ਬਦ ਸੁਣ ਕੇ ਸਤਿਗੁਰੂ ਜੀ ਵੈਰਾਗ ਭਾਵ ਵਿਚ ਆ ਗਏ। ਚੁਬਾਰੇ 'ਚ ਗਏ, ਬੋਝ ਮੁਕਤ ਹੋਏ ਆਪਣੇ ਆਪ ਨੂੰ ਸੰਤੁਲਨ ਵਿਚ ਬੰਝ ਕੇ ਸੰਜਮ ਵਿਚ ਬੰਨ੍ਹ, ਕੇ ਫਿਰ ਸਤਿਗੁਰਾਂ ਦੀ ਹਜ਼ੂਰੀ ਵਿਚ ਪੇਸ਼ ਹੋਏ ਨਤ ਮਸਤਕ ਹੋਏ, ਵਡੀਆਂ ਜੁਮੇਵਾਰੀਆਂ ਸਾਂਭਣ ਲਈ ਆਪਣਾ ਸੀਸ ਓਹਨਾਂ ਦੇ ਚਰਨਾਂ ਵਿਚ ਝੁਕਾ ਦਿੱਤਾ। ਮੈਨੂੰ ਪੜ੍ਹਦਿਆਂ ਹੋਇਆਂ ਇਹ ਗੱਲ ਬਹੁਤ ਹੀ ਚੰਗੀ ਲੱਗੀ। ਕਿਉਂ ਚੰਗੀ ਲੱਗੀ? ਇਸ ਕਰ ਕੇ ਚੰਗੀ ਲਗੀ ਕਿ ਮੈਂ ਅਕਸਰ ਜਦੋਂ ਮਹਾਂ ਪੁਰਸ਼ਾਂ ਮਹਾਤਮਾਵਾਂ ਬਾਰੇ ਪੜਦਾ ਸੁਣਦਾ ਰਿਹਾ ਹਾਂ ਤੇ ਮੈਨੂੰ ਸਦਾ ਹੀ ਇਸ ਤਰ੍ਹਾਂ ਦਾ ਅਹਿਸਾਸ ਹੁੰਦਾ ਰਿਹਾ ਹੈ ਕਿ ਮਹਾਂ ਪੁਰਸ਼ ਜਿਹੜੇ ਨੇ ਉਹ ਸੁਖ-ਦੁੱਖ ਦੇ ਭਾਵਾਂ ਤੋਂ ਨਿਰਲਿਪਤ ਹੁੰਦੇ ਨੇ। ਉਹਨਾਂ ਉਤੇ ਇਹਨਾਂ ਦਾ ਸ਼ਾਇਦ ਕੋਈ ਅਸਰ ਹੀ ਨਹੀਂ ਹੁੰਦਾ। ਪਰ ਮੈਂ ਇਸ ਤੋਂ ਉਲਟ ਸਮਝਦਾਂ। ਮੈਂ ਸਮਝਦਾਂ ਕਿ ਮਹਾਂ ਪੁਰਸ਼ ਤਾਂ ਇਕ ਆਮ ਆਦਮੀ ਨਾਲੋਂ ਹਜ਼ਾਰਾਂ ਅਰਬਾਂ ਖਰਬਾਂ ਗੁਣਾਂ ਵਧ ਸੰਵੇਦਨਸ਼ੀਲ ਹੁੰਦੇ ਨੇ ਹਸਾਸ ਹੁੰਦੇ ਹਨ। ਹਸਾਸ ਹੁੰਦੇ ਈ ਨੇ ਤਾਂ ਹੀ ਉਹਨਾਂ ਨੂੰ ਸਭ ਤੋਂ ਪਹਿਲਾਂ ਜਲਦੀ ਹੋਈ ਪ੍ਰਿਥਵੀ ਦਿਸਦੀ ਏ। ਔਰ ਇਸ ਜਲਦੀ ਹੋਈ ਪ੍ਰਿਥਵੀ ਦਾ ਸਭ ਤੋਂ ਪਹਿਲਾਂ ਸੇਕ ਵੀ ਤਾਂ ਓਹਨਾਂ ਨੂੰ ਲਗਦਾ ਹੈ ਤੇ ਉਸ ਸੇਕ ਤੋਂ ਆਪਣੀ ਲੋਕਾਈ ਨੂੰ ਠਾਰਨ ਦੇ ਵਾਸਤੇ ਤੇ ਸਭ ਕੁਝ ਕੁਰਬਾਨ ਕਰਨ ਵਾਸਤੇ ਮੈਦਾਨੇ ਜੰਗ ਵਿਚ ਨਿਤਰਦੇ ਨੇ। ਏਸੇ ਕਰ ਕੇ ਨਿਤਰਦੇ ਨੇ ਕਿਉਂ ਜੋ ਉਹ ਸਭ ਤੋਂ ਵੱਧ ਸੰਵੇਦਨਸ਼ੀਲ ਹੁੰਦੇ ਨੇ। ਜਦੋਂ ਇਕ ਮਿਥ ਆਉਂਦੀ ਏ ਕਿ ਭਾਈ ਬਿਧੀ ਚੰਦ ਦੁਸ਼ਾਲੇ ਲੈਣ ਗਿਆ ਭੱਠ ਦੇ ਵਿੱਚ ਲੁਕ ਗਿਆ ਸੀ। ਅੱਗ ਦੇ ਝੁਲਕੇ ਝੱਲ ਰਿਹਾ ਸੀ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਹਿੰਦੇ ਸਨ ਕਿ ਮੇਰੇ ਉਤੇ ਗਾਗਰਾਂ ਨਾਲ ਪਾਣੀ ਪਾਓ। ਤੇ ਕਹਿਣ ਤੋਂ ਮੁਰਾਦ ਮੇਰੀ ਏਹੋ ਹੈ ਕਿ ਸੇਵਕ ਨੂੰ ਸੇਕ ਲੱਗੇ ਤੇ ਉਹ ਸਤਿਗੁਰੂ ਨੂੰ ਸੇਕ ਲਗਦਾ ਹੈ। ਮੈਂ ਜਦੋਂ ਇਹ ਭਾਵ ਪੜ੍ਹੇ ਤਾਂ ਮੈਨੂੰ ਲਗਾ.... ਮੈਨੂੰ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਇਹ ਗੱਲ ਅਜੀਬ ਲਗਦੀ ਹੈ ਜਦੋਂ ਸਾਡੇ ਰਾਗੀ ਢਾਡੀ ਕਹਿੰਦੇ ਨੇ ਕਿ ਚਮਕੌਰ ਦੀ ਗੜ੍ਹੀ ਵਿਚੋਂ ਉਹ ਆਪਣੇ ਸਿੰਘਾਂ ਅਤੇ ਆਪਣੇ ਪੁਤਰਾਂ ਦੀਆਂ ਲਾਸ਼ਾਂ ਕੋਲੋ ਚੁੱਪ ਕਰ ਕੇ ਲੰਘ ਗਏ। ਉਹਨਾਂ ਨੇ ਹੌਕਾ ਨਾ ਭਰਿਆ, ਉਹਨਾਂ ਨੇ ਅੱਥਰ ਨਾ ਕੇਰੀ। ਅਜਿਹੇ ਰਾਗੀ ਢਾਡੀ ਮੇਰੇ ਸਤਿਗੁਰੂ ਨੂੰ ਪੱਥਰ ਚਿਤ ਬਣਾ ਧਰਦੇ ਨੇ। ਮੈਂ ਸਮਝਦਾਂ ਕਿ ਸਤਿਗੁਰੂ ਜੀ ਨੇ ਮਾਛੀਵਾੜੇ ਦੇ ਜੰਗਲ ਵਿਚ ਆਪਣੇ ਸਿੰਘਾਂ ਲਈ ਹਓਕਾ ਵੀ ਭਰਿਆ ਹੋਵੇਗਾ, ਆਪਣੇ ਪੁਤਰਾਂ ਲਈ ਅੱਥਰ ਵੀ ਕੇਰੀ ਹੋਵੇਗੀ। ਇਹ ਓਹਨਾਂ ਦੀ ਮਾਨਵੀ ਵਡਿਆਈ ਸੀ ਅਤੇ ਮਹਾਂ ਪੁਰਖੀ ਵਡੱਤਣ ਇਹ ਸੀ ਕਿ ਉਹਨਾਂ ਨੇ ਆਪਣੇ ਦੁੱਖ ਨੂੰ ਆਪਣੇ ਉਤੇ ਭਾਰੂ ਨਹੀਂ ਹੋਣ ਦਿੱਤਾ। ਉਹਨਾਂ ਅਥਰੂਆਂ ਨੂੰ ਕਸੀਸ ਵੱਟ ਕੇ ਆਪਣੇ ਅੰਦਰ ਜੀਰ ਗਏ ਅਤੇ ਵੱਡੀ ਲੜਾਈ ਜਿਹੜੀ ਸੀ, ਉਸ ਨੂੰ ਲੜਣ ਵਾਸਤੇ ਤਿਆਰ ਹੋ ਗਏ। ਤਾਂ ਮੈਂ ਜਦੋਂ ਸਤਿਗੁਰੂ ਜਗਜੀਤ ਸਿੰਘ ਹੋਰਾਂ ਦਾ ਇਹ ਦ੍ਰਿਸ਼ ਪੜ੍ਹਿਆ ਤਾਂ ਮੈਨੂੰ ਲਗਾ ਕਿ ਜਦੋਂ ਉਹ ਆਪਣੇ ਪਿਤਾ ਜੀ ਲਈ ਵੈਰਾਗ ਭਾਵ ਵਿਚ ਆਏ ਤੇ ਪਿਤਾ ਵੀ ਉਹ ਨਹੀਂ ਜਿਹੜਾ ਇਕ ਬੰਦੇ ਦਾ ਪਿਤਾ ਹੈ ਜਾਂ ਦੋ ਦਾ। ਪਿਤਾ ਵੀ ਜਿਹੜਾ ਸਮੂਹ ਪੰਥ ਦਾ ਪਿਤਾ ਹੈ। ਉਸ ਪਿਤਾ ਤੋਂ ਸਦੀਵੀ ਵਿਛੋੜੇ ਦੀ ਕਲਪਨਾ ਕਰਕੇ ਉਹਨਾਂ ਦਾ ਮਨ ਜਿਹੜਾ ਹੈ ਉਸ ਚੋਂ ਵੈਰਾਗ ਦਾ ਚਸ਼ਮਾ ਫੁਟਿਆ.... ਮੈਨੂੰ ਚੰਗਾ ਲਗਾ... ਪਰ ਚੁਬਾਰੇ ਵਿਚ ਜਾ ਕੇ... ਚੁਬਾਰਾ ਉਹਨਾਂ ਵਾਸਤੇ ਮਾਛੀਵਾੜੇ ਦਾ



Namdhari Elibrary NamdhariElibrary@gmail.com

ਜੰਗਲ ਹੋ ਗਿਆ ਜਿੱਥੇ ਜਾ ਕੇ ਉਹ ਬੋਝ ਮੁਕਤ ਹੋ ਕੇ ਉਹ ਥੱਲੇ ਆਏ ਤੇ ਵੱਡੀਆਂ ਜੁਮੇਵਾਰੀਆਂ ਦਾ ਬੋਝ ਆਪਣੇ ਮੋਢਿਆਂ ਤੇ ਸੰਭਾਲਣ ਵਾਸਤੇ ਤਿਆਰ ਹੋ ਗਏ। ਮੈਨੂੰ ਸਤਿਗੁਰੂ ਜੀ ਦੀ ਸ਼ਖਸੀਅਤ ਦਾ ਇਹ ਪੱਖ ਜਾਣ ਕੇ ਓਹਨਾਂ ਉਤੇ ਬਹੁਤ ਹੀ ਮਾਣ ਹੋਇਆ। ਉਹਨਾਂ ਨਾਲ ਬਹੁਤ ਹੀ ਪਿਆਰ ਆਇਆ। ਮਹਾਂ ਪੁਰਖਾਂ ਨੂੰ ਸ਼ਰਧਾ ਤਾਂ ਕਰਦੇ ਹਾਂ, ਉਹਨਾਂ ਪ੍ਰਤੀ ਸਤਿਕਾਰ ਤੇ ਅਕੀਦਤ ਤਾਂ ਹੁੰਦੀ ਏ। ਇਕ ਭੈਅ ਦਾ ਰਿਸ਼ਤਾ ਰਹਿੰਦਾ ਏ ਮਹਾਂ ਪੁਰਖਾਂ ਦੇ ਨਾਲ। ਮੈਨੂੰ ਗੁਰੂ ਜੀ ਦੇ ਇਸ ਮਾਨਵੀ ਪੱਖ ਨਾਲ ਪਿਆਰ ਹੈ।

ਇਹ ਸੀ ਪਿਤਾ ਦੀ ਗੱਲ... ਇਹ ਹੋਰ ਮਿਸਾਲ ਮੈਂ ਦੇਣੀ ਚਾਹੁੰਦੇ ਹਾਂ।

ਇਕ ਹੋਰ ਗੱਲ ਹੈ ਜਿਹੜੀ ਅਮਰ ਭਾਰਤੀ ਹੋਰਾਂ ਦੀ ਲਿਖੀ ਹੋਈ ਪੜ੍ਹਨ ਵਿਚ ਆਈ।

ਸਾਡੇ ਪੰਜਾਬੀ ਭਾਈਚਾਰੇ ਨੇ ਸ਼ਖਸੀਅਤਾਂ ਵੱਡੀਆਂ-ਵੱਡੀਆਂ ਪੈਦਾ ਕੀਤੀਆਂ ਨੇ ਪਰ ਇਕ ਸਮੂਹ ਦੇ ਤੌਰ ਉਤੇ ਇਕ ਸੰਗਠਨ ਦੇ ਤੌਰ ਤੇ ਸਮੁਚੇ ਭਾਈਚਾਰੇ ਨੂੰ ਆਪਣਾ ਪਰਿਵਾਰ ਸਮਝ ਕੇ ਉਸ ਨੂੰ ਉਚਾਈਆਂ ਅਤੇ ਬੁਲੰਦੀਆਂ ਤੇ ਲੈ ਜਾਣਾ, ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੈ। ਉਹਦੇ ਵਿੱਚ ਜ਼ਿਕਰ ਆਉਂਦੈ ਕਿ ਇਕ ਛੋਟਾ ਬੱਚਾ ਕਿਤੇ ਸੰਗੀਤ ਉਹਦਾ ਸੁਣਿਆ, ਗੁਰੂ ਜੀ ਮਿਹਰਬਾਨ ਹੋਏ। ਉਸ ਬੱਚੇ ਨੂੰ ਉਹਦੇ ਪਰਿਵਾਰ ਨੂੰ ਆਪਣਾ ਪੁੱਤ ਬਣਾ ਕੇ ਸ੍ਰੀ ਭੈਣੀ ਸਾਹਿਬ ਲੈ ਆਏ। ਆਪ ਅੱਧੀ ਰਾਤ ਉਠ ਕੇ ਉਹਨੂੰ ਟਰੇਨਿੰਗ ਦੇਂਦੇ ਰਹੇ। ਸਮਾਂ ਆਇਆ ਉਹ ਬਹੁਤ ਵੱਡਾ ਸੰਗੀਤਕਾਰ ਬਣ ਗਿਆ। ਪਰ ਹਾਲਾਤ ਇਹ ਬਣੇ ਕਿ ਉਸਨੂੰ ਸ੍ਰੀ ਭੈਣੀ ਸਾਹਬੋਂ ਜਾਣਾ ਪਿਆ। ਫਿਰ ਉਹ ਕੁਝ ਸਮੇਂ ਬਾਦ ਜਦੋਂ ਸ੍ਰੀ ਭੈਣੀ ਸਾਹਿਬ ਆਇਆ ਤਾਂ ਸ੍ਰੀ ਸਤਿਗੁਰੂ ਜੀ ਦੇ ਲਾਗੇ ਮੱਥਾ ਟੇਕ ਕੇ ਬੈਠ ਗਿਆ। ਸਤਿਗੁਰੂ ਜੀ ਕਹਿਣ ਲੱਗੇ, "ਮੈਂ ਤੁਹਾਨੂੰ ਹੱਥ ਲਾ ਲਵਾਂ ? ਤੇ.... ਸਤਿਗੁਰਾਂ ਨੇ ਉਹਨੂੰ ਘੁੱਟ ਕੇ ਗਲਵਕੜੀ ਵਿਚ ਲੈ ਲਿਆ ਤੇ ਉਸ ਬੰਦੇ ਦਾ ਤਾਂ ਸੀਨਾ ਫੱਟਣ ਨੂੰ ਆ ਗਿਆ ਤੇ ਉਹ ਫਬਕ ਫਬਕ ਕੇ ਰੋਣ ਲਗਾ। ਦ੍ਰਿਸ਼ ਬਿਆਨ ਕੀਤਾ ਹੈ ਭਾਰਤੀ ਜੀ ਨੇ ਕਿ ਉਹ ਮੁੰਡਾ ਵੀ ਰੋ ਰਿਹਾ ਸੀ ਤੇ ਸਤਿਗੁਰੂ ਜੀ ਵੀ ਦ੍ਰਵਤ ਹੋ ਗਏ ਸਨ ਅਰ ਓਹਨਾਂ ਦਿਆਂ ਨੇਤ੍ਰਾਂ ਵਿਚੋਂ ਵੀ ਜਲ ਜਾਣ ਲਗਾ। ਕੁਝ ਲੋਕਾਂ ਨੇ ਬਾਦ ਵਿਚ ਇਹ ਗੱਲ ਵੀ ਕੀਤੀ ਕਿ ਏਡੇ ਮਹਾਨ ਸਤਿਗੁਰੂ ਜੀ ਔਰ ਏਸ ਤਰ੍ਹਾਂ ਕਿਉਂ ਵਾਪਰ ਗਿਆ... ਭਾਰਤੀ ਜੀ ਨੇ ਬੜੇ ਅੱਛੇ ਸ਼ਬਦਾਂ ਵਿੱਚ ਲਿਖਿਆ ਹੈ ਕਿ ਇਹ ਸਾਡੇ ਸਤਿਗੁਰੂ ਜੀ ਦੀ ਹੀ ਵਿਸ਼ੇਸ਼ਤਾ ਹੈ ਕਿ ਉਹ ਕਿਸੇ ਆਪਣੇ ਸਿੱਖ ਲਈ ਅੱਥਰ ਵੀ ਕੇਰ ਸਕਦੇ ਨੇ। ਉਹ ਕਹਿੰਦੇ ਨੇ ਕਿ ਉਹ ਦੇਹਧਾਰੀ ਗੁਰੂ ਹੀ ਕੀ ਹੋਇਆ ਜਿਸ ਦੀ ਦੇਹ ਵਿਚ ਦਿਲ ਨਾ ਹੋਵੇ, ਦਿਲ ਵਿਚ ਦਰਦ ਨਾ ਹੋਵੇ, ਅੱਖ ਵਿਚ ਅਥਰ ਨਾ ਹੋਵੇ।

ਔਰ ਧੰਨ ਭਾਗ ਨੇ ਮੇਰੇ ਕਿ ਉਹ ਸਤਿਗੁਰੂ ਜੀ ਪ੍ਰਵੇਸ਼ ਕਰ ਰਹੇ, ਆ ਰਹੇ ਨੇ ਤੇ ਮੈਨੂੰ ਸਤਿਗੁਰਾਂ ਦੀ ਇਹ ਗਲ.....

ਪਰ ਸਤਿਗੁਰਾਂ ਦੀ ਇਹ ਵਿਸ਼ੇਸ਼ਤਾ ਜਿਹੜੀ ਏ ਕਿ ਆਪਣੇ ਪਿਤਾ ਵਾਸਤੇ ਵੀ ਅਥਰ ਭਰ ਸਕਣੇ, ਆਪਣੇ ਪੁੱਤਰ ਵਾਸਤੇ ਵੀ ਅੱਥਰ ਭਰ ਸਕਣੇਂ, ਇਹ ਉਹਨਾਂ ਨੂੰ ਧਰਤੀ ਦਾ ਮਹਾਨ ਪੁਰਸ਼ ਬਣਾਉਂਦੀ ਏ ਔਰ ਮੈਨੂੰ ਲਗਦਾ ਏ ਕਿ ਜਦੋਂ ਗੁਰੂ ਜੀ ਧਰਤੀ ਦੇ ਮਹਾਂ ਪੁਰਸ਼ ਬਣ ਕੇ ਮੇਰੇ ਲਾਗੇ ਬੈਠਦੇ ਨੇ ਤਾਂ ਮੈਨੂੰ ਲਗਦਾ ਏ, ਉਹ ਮੇਰੇ ਆਪਣੇ ਪਿਤਾ ਨੇ, ਮੇਰੀ ਆਪਣੀ ਹੀ ਮਾਂ ਹੈ, ਜਿਹੜੀ ਮੈਨੂੰ ਆਪਣੀ ਗਲਵਕੜੀ ਵਿਚ ਲੈ ਕੇ ਆਸ਼ੀਰਵਾਦ ਦੇ ਰਹੀ ਐ, ਮੈਨੂੰ ਪਿਆਰ ਕਰਦੀ ਪਈ ਐ.... ਮੈਂ ਇਕ ਗੱਲ ਸੁਨਾਉਣੀ ਚਾਹੁੰਦਾ ਕਿ

ਮੋਮਬੱਤੀ ਬਲਦੀ ਪਈ ਸੀ... ਬਲਦੇ ਹੋਏ ਧਾਗੇ ਨੇ ਆਪਣੇ ਨਾਲ ਪਿਘਲਦੀ ਜਾਂਦੀ ਮੋਮ ਨੂੰ ਇਹ ਸੁਆਲ ਕੀਤਾ ਕਿ ਸੜਨਾ ਤੇ ਬਲਣਾ ਤਾਂ ਮੇਰੀ ਕਿਸਮਤ ਵਿਚ ਲਿਖਿਆ ਹੋਇਆ ਹੈ ਪਰ ਤੂੰ ਕਿਉਂ ਮੇਰੇ ਨਾਲ-ਨਾਲ ਪਿਗਲਦੀ ਰਹਿੰਣੀ ਏਂ। ਤਾਂ ਮੋਮ ਨੇ ਜੁਆਬ ਦਿੱਤਾ, ਕਿ ਜਿਸ ਨੂੰ ਸੀਨੇ ਵਿਚ ਏਨੀ ਮੁਹੱਬਤ ਨਾਲ ਵਸਾਇਆ ਹੋਵੇ ਉਸ ਦਾ ਸੜਨਾ ਤੇ ਬਲਣਾ ਬ੍ਰਦਾਸ਼ਤ ਵੀ ਕਿਵੇਂ ਕੀਤਾ ਜਾ ਸਕਦੈ... ਸੋ ਸ੍ਰੀ ਸਤਿਗੁਰੂ ਆਪਣੇ ਸਿੱਖਾਂ ਨੂੰ ਆਪਣੇ ਸੀਨੇ ਵਿਚ ਕਿਸ ਤਰ੍ਹਾਂ ਵਸਾ ਕੇ ਰੱਖਦੇ ਨੇ। ਸਿੱਖ ਨੂੰ ਸੇਕ ਲਗਦਾ ਹੈ, ਪਿਘਲਦੇ ਮੇਰੇ ਸਤਿਗੁਰੂ ਨੇ, ਅਜਿਹੇ ਸਤਿਗੁਰੂ ਅਗੇ ਮੇਰਾ ਕੋਟ-ਕੋਟ ਨਮਸਕਾਰ ਐ ਅਰ ਉਹਨਾਂ ਦੀ ਹੋਂਦ ਮੈਨੂੰ ਇਸ ਤਰ੍ਹਾਂ ਕਹਿੰਦੀ ਲਗਦੀ ਹੈ ਕਿ

ਹਮ ਫਕੀਰੋਂ ਸੇ ਜੋ ਚਾਹੇ ਦੁਆ ਲੇ ਜਾਏ
ਫਿਰ ਖੁਦਾ ਜਾਣੇ ਕਹਾਂ ਹਮ ਕੋ ਹਵਾ ਲੇ ਜਾਏ
ਹਮ ਤੋ ਸਰੇ ਰਾਹ ਲੀਏ ਬੈਠੇ ਚਿੰਗਾਰੀ
ਜਿਸ ਕਾ ਜੀ ਚਾਹੇ ਚਰਾਗੋਂ ਕੋ ਜਲਾ ਲੇ ਜਾਏ

ਮੇਰੇ ਸਤਿਗੁਰੂ ਚਿਰਾਗਾਂ ਨੂੰ ਬਾਲਣ ਵਾਲੇ ਦਰਸ਼ਨ ਦੇਣ ਵਾਲੇ ਨੇ। ਮੈਂ ਧੰਨ ਧੰਨ ਹਾਂ। ਮੇਰੀ ਇਹ ਖੁਸ਼ ਕਿਸਮਤੀ ਏ ਕਿ ਜਦੋਂ ਮੈਂ ਬੋਲ ਰਿਹਾ ਹਾਂ ਉਦੋਂ ਸਤਿਗੁਰੂ ਜੀ ਪਰਵੇਸ਼ ਕਰ ਰਹੇ ਨੇ। ਬਹੁਤ-ਬਹੁਤ ਮਿਹਰਬਾਨੀ ਬਹੁਤ-ਬਹੁਤ ਸ਼ੁਕਰੀਆ—ਧੰਨਵਾਦ।



Namdhari Elibrary NamdhariElibrary@gmail.com

# ਇਸ ਵਾਰ ਚੀਨ ਵਿਚ ਕੀ ਵੇਖਿਆ

*—ਤਰਲੋਚਨ ਸਿੰਘ*



ਮੈਂ ਇਹ ਲੇਖ ਹਵਾਈ ਜਹਾਜ਼ ਵਿਚ ਬੈਠਾ ਹੀ ਲਿਖ ਰਿਹਾ ਹਾਂ। ਮੈਂ ਚੀਨ ਤੋਂ ਵਾਪਸ ਭਾਰਤ ਜਾ ਰਿਹਾ ਹਾਂ। ਮੇਰਾ ਇਹ ਚੀਨ ਵਿਚ ਜਾਣ ਦਾ ਤੀਜੀ ਵਾਰ ਹੈ। ਮੈਂ ੧੯੯੦ ਵਿਚ ਬੀਜਿੰਗ ਵਿਚ ਜਦ ਏਸ਼ੀਆਈ ਖੇਡਾਂ ਹੋਈਆਂ ਸਨ ਤਦ ਪਹਿਲੀ ਵਾਰ ਗਿਆ ਸੀ। ਫਿਰ ੨੦੦੮ ਵਿਚ ਬੀਜਿੰਗ ਵਿਚ ਜਦ ਚੀਨ ਨੇ ਓਲੰਪਕ ਖੇਡਾਂ ਕਰਵਾਈਆਂ ਤਦ ਗਿਆ ਸੀ। ਹੁਣ ਜਦ ਗੌਜਾਂਗ ਸ਼ਹਿਰ ਵਿਚ ਚੀਨ ਨੇ ਏਸ਼ੀਆਈ ਖੇਡਾਂ ਕਰਵਾਈਆਂ ਹਨ ਹੁਣ ਵੀ ਮੈਨੂੰ ਅਵਸਰ ਮਿਲਿਆ, ਭਾਰਤ ਦੇ ਓਲੰਪਕ ਸੰਘ ਵਲੋਂ ਉਥੇ ਗਿਆ ਸੀ। ਇਹ ਖੇਡਾਂ ੨੭ ਨਵੰਬਰ ਨੂੰ ਸਮਾਪਤ ਹੋਈਆਂ ਹਨ ਤੇ ਹਰ ਪਾਸੇ ਖੇਡਾਂ ਦੀ ਚਰਚਾ ਅੱਖੀਂ ਵੇਖ ਕੇ ਮੈਂ ਭਾਰਤ ਵਾਪਸ ਜਾ ਰਿਹਾ ਹਾਂ। ਪਿਛਲੇ ੧੫ ਦਿਨ ੪੫ ਏਸ਼ੀਆ ਦੇ ਦੇਸ਼ ਇਥੇ ਆਏ ਤੇ ਉਹਨਾਂ ਦੇ ੯੮੦੦ ਤੋਂ ਵੱਧ ਖਿਲਾੜੀ ਸ਼ਾਮਲ ਹੋਏ। ਇਤਨਾ ਵੱਡਾ ਇਕੱਠ ਪਹਿਲੀ ਵਾਰ ਹੋਇਆ ਹੈ। ਮੈਂ ਇਹ ਜਾਣਕਾਰੀ ਦੇ ਦੇਵਾਂ ਕਿ ਚੀਨ ਦੇਸ਼ ਓਲੰਪਕ ਖੇਡਾਂ ਤੋਂ ਬਾਹਰ ਹੁੰਦਾ ਸੀ ਇਹਨੂੰ ਮਾਨਤਾ ਹੀ ਨਹੀਂ ਸੀ। ੧੯੭੪ ਵਿਚ ਜਦ ਈਰਾਨ ਨੇ ਏਸ਼ੀਆਈ ਖੇਡਾਂ ਕਰਵਾਈਆਂ ਉਦੋਂ ਤਹਿਰਾਨ ਦੀ ਮੀਟਿੰਗ ਵਿਚ ਏਸ਼ੀਅਨ ਗੇਮਜ਼ ਫੈਡਰੇਸ਼ਨ ਦੀ ਮੀਟਿੰਗ ਵਿਚ ਚੀਨ ਨੂੰ ਸ਼ਾਮਲ ਕਰਨ ਦਾ ਮਤਾ ਪਾਸ ਹੋਇਆ। ਮੈਂ ਭਾਰਤ ਵਲੋਂ ਉਸ ਮੀਟਿੰਗ ਵਿਚ ਸ਼ਾਮਲ ਸੀ। ਇਤਨੇ ਥੋੜ੍ਹੇ ਸਮੇਂ ਵਿਚ ਅੱਜ ਚੀਨ ਵਿਸ਼ਵ ਦਾ ਖਿਲਾੜੀ ਦੇਸ਼ ਬਣ ਚੁੱਕਾ ਹੈ। ਇਹਨਾਂ ਖੇਡਾਂ ਵਿਚ ਚੀਨ ਨੇ ੧੯੯ ਗੋਲਡ ਮੈਡਲ ਜਿਤੇ ਹਨ। ਭਾਰਤ ਨੇ ੧੪ ਗੋਲਡ ਜਿੱਤ ਕੇ ੬ਵਾਂ ਸਥਾਨ ਪ੍ਰਾਪਤ ਕੀਤਾ ਹੈ। ਜੋ ਮੈਂ ਵੇਖ ਕੇ ਆਇਆ ਹਾਂ ਉਸ ਅਨੁਸਾਰ ਚੀਨ, ਅਮਰੀਕਾ, ਯੂਰਪ ਦੇ ਦੇਸ਼ਾਂ ਦਾ ਹਾਣੀ ਬਣ ਚੁੱਕਾ ਹੈ। ਤੁਸੀਂ ਅੰਦਾਜ਼ਾ ਹੀ ਨਹੀਂ ਲਾ ਸਕਦੇ ਕਿ ਚੀਨ ਅੱਜ ਕਿਥੇ ਖੜ੍ਹਾ ਹੈ। ਗੌਜਾਂਗ ਸ਼ਹਿਰ ਚੀਨ ਦਾ ਤੀਸਰਾ ਸ਼ਹਿਰ ਹੈ। ਪਹਿਲਾ ਬੀਜਿੰਗ, ਦੂਜਾ ਸ਼ਿਘਾਈ ਹੈ। ਇਥੋਂ ਦੀ ਆਬਾਦੀ ਇਕ ਕਰੋੜ ਦੇ ਕਰੀਬ ਹੈ। ਪਰ ਇਸਦੇ ਆਸ ਪਾਸ ਹੋਰ ਬੜੇ ਸ਼ਹਿਰ ਹਨ ਜਿਵੇਂ ਦਿੱਲੀ ਦੇ ਆਸ ਪਾਸ ਗਾਜ਼ੀਆਬਾਦ, ਗੁੜਗਾਓਂ, ਨੋਇਡਾ ਆਦਿ ਹਨ। ਇਹ ਚੀਨ ਦੇ ਦੱਖਣ ਵਿਚ ਸਮੁੰਦਰ ਦੇ ਕਿਨਾਰੇ ਤੇ ਹੈ। ਹਾਂਗਕਾਂਗ ਇਥੋਂ ਸੜਕ ਰਾਹੀਂ ਢਾਈ ਘੰਟੇ ਦੂਰ ਹੈ। ਸ਼ਤਾਬਦੀ ਵਾਂਗੂ ਰੇਲ ਗੱਡੀਆਂ ਚੱਲਦੀਆਂ ਹਨ ਜੋ ਦੋ ਘੰਟੇ ਵਿਚ ਹਾਂਗਕਾਂਗ ਪੁੱਜ ਜਾਂਦੀਆਂ ਹਨ। ਗੌਜਾਂਗ ਦਾ ਹਵਾਈ ਅੱਡਾ ਬਹੁਤ ਵੱਡਾ ਹੈ। ਹਰ ਦੇਸ਼ ਨਾਲ ਜੁੜਿਆ ਹੋਇਆ ਹੈ। ਸ਼ਹਿਰ ਵਿਚ ਸੜਕਾਂ ਦੀ ਤਰਤੀਬ ਇਸ ਪਰਕਾਰ ਹੈ ਕਿ ਹਰ ਪਾਸੇ ਫਲਾਈ ਓਵਰ ਬਣੇ ਹਨ। ਦਿੱਲੀ ਸ਼ਹਿਰ ਵਿਚ ਅਸੀਂ ਇਹ ਵੇਖੇ ਹਨ ਪਰ ਇਥੇ ਤਾਂ ਗਿਣਤੀ ਹੀ ਨਹੀਂ ਹੈ। ਕਿਧਰੇ ਰੁਕਾਵਟ ਨਹੀਂ ਆਉਂਦੀ। ਇਸ ਸ਼ਹਿਰ ਨੂੰ ਪੁਰਾਤਨ ਇਤਿਹਾਸ ਵਿਚ ਵਿਸ਼ੇਸ਼ਤਾ ਪ੍ਰਾਪਤ ਹੈ। ਸਭ ਨੂੰ ਪਤਾ ਹੈ ਕਿ ੧੯੦੮ ਤਕ ਚੀਨ ਤੇ ਬਾਦਸ਼ਾਹਾਂ ਦਾ ਰਾਜ ਹੁੰਦਾ ਸੀ। ਫਿਰ ਲੋਕ ਰਾਜ ਆਇਆ ਤੇ ੪੧ ਸਾਲ ਪਿਛੋਂ ਮਾਓ ਨੇ ਕਮਿਊਨਿਸਟ ਨਿਜ਼ਾਮ ਲੈ ਆਂਦਾ। ਗੌਜਾਂਗ ਦਾ ਇਤਿਹਾਸ ਬੀਜਿੰਗ ਲੂ (ਸੜਕ ਨੂੰ ਲੂ ਆਖਦੇ ਹਨ) ਤੇ ਇਕ ਪਲੇਟ ਤੇ ਲਿਖਿਆ ਹੈ ਕਿ ਇਸ ਧਰਤੀ ਤੇ ਪਹਿਲਾਂ ਪਾਣੀ ਨਹੀਂ ਸੀ ਰੱਬ ਨੇ ਆਪਣੇ ਦੇਵਤੇ ਭੇਜੇ ਜੋ ਬੱਕਰੀਆਂ ਲੈ ਕੇ ਆਏ ਤੇ ਚਾਵਲ ਦੀ ਫਿਰ ਕਾਸ਼ਤ ਕੀਤੀ। ਇਸੇ ਲਈ ਇਸਨੂੰ ਬੱਕਰੀਆਂ ਦਾ ਸ਼ਹਿਰ ਆਖਦੇ ਹਨ। ਸ਼ਹਿਰ ਯੂਰਪ ਦਾ ਮੁਕਾਬਲਾ ਕਰਦਾ ਹੈ। ਹਰ ਪਾਸੇ ਕਈ ਮੰਜ਼ਲਾਂ ਦੀਆਂ ਲਿਸ਼ਕਦੀਆਂ ਬਿਲਡਿੰਗਾਂ ਹਨ। ਦੁਨੀਆਂ ਦੇ ਹਰ ਵਡੀ ਕੰਪਨੀ ਦਾ ਸ਼ੋ ਰੂਮ ਹੈ। ਹਰ ਵੱਡੀ ਮਹਿੰਗੀ ਕਾਰ ਇਥੇ ਵਿਕਦੀ ਹੈ। ਬਾਜ਼ਾਰਾਂ ਵਿਚ ਭੀੜ ਹੈ। ਹਰ ਚੀਨੀ ਹੁਣ ਪੈਂਟ ਤੇ ਜੈਕਟ ਪਹਿਨਦਾ ਹੈ। ਹਰ ਦੁਕਾਨ ਤੇ ਲੜਕੀਆਂ ਕੰਮ ਕਰਦੀਆਂ ਹਨ। ਅੰਗਰੇਜ਼ੀ ਬੋਲਣ ਦੀ ਹੁਣ ਵੀ ਘਾਟ ਹੈ ਪਰ ਕਾਲਜਾਂ ਸਕੂਲਾਂ ਵਿਚ ਅੰਗਰੇਜ਼ੀ ਪੜ੍ਹਨ ਦਾ ਰੁਝਾਨ ਹੈ। ਸਾਰੀਆਂ ਦੁਕਾਨਾਂ ਸਾਰਾ ਹਫਤਾ ਖੁਲਦੀਆਂ ਹਨ ਕੋਈ ਛੁੱਟੀ ਨਹੀਂ ਹੈ। ਸ਼ਾਮ ਨੂੰ ਬੰਦ ਹੋਣ ਦਾ ਵਕਤ ਨਹੀਂ ਹੈ। ਸਭ ਤੋਂ ਵੱਧ ਹੈਰਾਨਗੀ ਇਹ ਹੈ ਕਿ ਬੀਜਿੰਗ, ਸ਼ਿਘਾਈ ਤੇ ਗੌਜਾਂਗ ਵਿਚ ਸਕੂਟਰ, ਮੋਟਰ ਸਾਈਕਲ ਬੰਦ ਹੋ ਚੁੱਕੇ ਹਨ। ਮੈਟਰੋ ਟਰੇਨ ਹੈ, ਬੱਸਾਂ ਹਨ ਤੇ ਕਾਰਾਂ ਹਨ। ਸਾਈਕਲ ਚਲਾਉਣ ਦਾ ਰਿਵਾਜ ਹੈ। ਕੋਈ ਚੀਨੀ ਵੀ ਧਰਮ ਨੂੰ ਨਹੀਂ ਮੰਨਦਾ। ਆਬਾਦੀ ਤੇ ਕੰਟਰੋਲ ਦਾ ਕਾਨੂੰਨ ਹੈ। ਪਹਿਲਾਂ ਤਾਂ ਹਰ ਇਕ ਨੂੰ ਇਕ ਬੱਚਾ ਜੰਮਣ ਦਾ ਅਧਿਕਾਰ ਸੀ। ਹੁਣ ਦੋ ਦੀ ਆਗਿਆ ਹੈ ਉਹ ਵੀ ਜਦ ਕਿ ਪਹਿਲੀ ਲੜਕੀ ਹੋਵੇ ਤਦ। ਇਸਦੀ ਉਲੰਘਣਾ ਤੇ ਸਜ਼ਾ ਮਿਲਦੀ ਹੈ। ਗੌਜਾਂਗ ਸ਼ਹਿਰ ਵਿਚ ਯੂਨੀਵਰਸਿਟੀਆਂ ਦਾ ਇਕ ਵੱਖਰਾ ਸ਼ਹਿਰ ਹੈ ਉਥੇ ੧੧ ਯੂਨੀਵਰਸਿਟੀਆਂ ਸਥਾਪਤ ਹਨ। ਮੈਟਰਿਕ ਤਕ ਪੜ੍ਹਾਈ ਮੁਫ਼ਤ ਹੈ। ਉਸ ਤੋਂ ਅੱਗੇ ਬੜੀ ਹੀ ਘੱਟ ਫੀਸ ਹੈ। ੭੮੦੦ ਯੂਆਨ ਸਾਲ ਦੀ ਫੀਸ ਹੈ ਅਤੇ ਰਹਿਣ ਨੂੰ ਮੁਫ਼ਤ ਹੋਸਟਲ। ਇਕ ਯੂਆਨ ਕਰੀਬਨ ੭ ਰੁਪਏ ਦਾ ਹੈ। ਅਖ਼ਬਾਰ ਸਰਕਾਰ ਦੇ ਹਨ। ਟੀ.ਵੀ. ਵੀ ਸਰਕਾਰੀ ਹੈ। ਕੋਈ



Namdhari Elibrary NamdhariElibrary@gmail.com

ਲੇਬਰ ਯੂਨੀਅਨ ਨਹੀਂ ਹੈ। ਕੇਵਲ ਕਮਿਊਨਿਸਟ ਪਾਰਟੀ ਹੀ ਹੈ। ਲੋਗ ਖੁਸ਼ ਹਨ ਹਰ ਇਕ ਨੂੰ ਰੋਜ਼ਗਾਰ ਹੈ। ਹਰ ਇਕ ਨੂੰ ਘਰ ਹੈ। ਕੋਈ ਝੌਂਪੜੀ ਨਜ਼ਰ ਨਹੀਂ ਆਈ। ਗਰੀਬੀ ਸ਼ਹਿਰਾਂ ਵਿਚ ਖਤਮ ਹੈ। ਹਰ ਪਾਸੇ ਫੈਕਟਰੀਆਂ ਹਨ। ਵਿਦੇਸ਼ੀ ਦੇਸ਼ਾਂ ਤੋਂ ਕੋਈ ਵੀ ਆ ਕੇ ਫੈਕਟਰੀ ਲਗਾ ਸਕਦਾ ਹੈ। ਕਾਨੂੰਨ ਸਖਤ ਹਨ। ਪੁਲਿਸ ਦਾ ਪੂਰਾ ਰੁਹਬ ਹੈ। ਸ਼ਹਿਰ ਵਿਚ ਕਲਚਰਲ ਕਮਾਂ ਲਈ ਥੇਟਰਾਂ ਦੀ ਭਰਮਾਰ ਹੈ। ਭਾਰਤੀ ਫਿਲਮਾਂ ਦੀ ਮੰਗ ਹੈ। ਸਾਡੇ ਗਾਣੇ ਵੀ ਲੋਕ ਪਸੰਦ ਕਰਦੇ ਹਨ। ਭਾਰਤ ਤੋਂ ਵੱਧ ਪਾਕਿਸਤਾਨ ਦਾ ਸਤਿਕਾਰ ਹੈ। ਚੀਨੀਆਂ ਨੇ ਹਰ ਟੈਲੀਫੋਨ ਕੰਪੂਟਰ ਦੀ ਨਕਲ ਬਣਾ ਕੇ ਸਸਤੇ ਭਾਅ ਤੇ ਮੰਡੀ ਬਣਾ ਦਿੱਤੀ ਹੈ। ਜੋ ਟੈਲੀਫੋਨ ੨੫੦੦੦ ਰੁਪਏ ਦਾ ਇਥੇ ਹੈ ਉਹ ੫੦੦੦ ਦਾ ਤੁਹਾਨੂੰ ਮਿਲ ਸਕਦਾ ਹੈ। ਕਪੜਾ ਸਸਤਾ ਹੈ। ਭਾਰਤ ਦੇ ਵਿਓਪਾਰੀ ਹੁਣ ਚੀਨ ਤੋਂ ਸਮਾਨ ਲੈ ਕੇ ਭਾਰਤ ਵੇਚ ਰਹੇ ਹਨ ਜੇ ਇਹ ਸਿਸਟਮ ਚਲਦਾ ਰਿਹਾ ਤਾਂ ਭਾਰਤ ਦੀ ਇੰਡਸਟਰੀ ਫੇਲ ਹੋਣ ਦਾ ਡਰ ਹੈ। ਦੁਨੀਆਂ ਦੀ ਹਰ ਚੀਜ਼ ਸਸਤੇ ਭਾਅ ਉਥੇ ਮਿਲ ਰਹੀ ਹੈ। ਚੀਨ ਆਰਥਕ ਪੱਖੋਂ ਮਜ਼ਬੂਤ ਹੈ। ਫੌਜੀ ਤਾਕਤ ਹੈ। ਖੇਡਾਂ ਦੀ ਸਰਦਾਰੀ ਹੈ। ਅੱਜ ਅਮਰੀਕਾ ਦੇ ਮੁਕਾਬਲੇ ਤੇ ਆ ਪੁੱਜਾ ਹੈ। ਮੈਂ ਤਾਂ ਇਹ ਵੇਖਿਆ ਹੈ ਕਿ ਅਸੀਂ ਤਾਂ ਨੇੜੇ ਤੇੜੇ ਵੀ ਨਹੀਂ ਹਾਂ। ਕੇਵਲ ਇਹ ਕਹਿ ਕੇ ਆਜ਼ਾਦੀ ਪੂਰੀ ਹੈ ਤੇ ਉਥੇ ਨਹੀਂ ਹੈ ਕਦ ਤਕ ਇਸ ਗਲਤ ਫਹਿਮੀ ਵਿਚ ਰਹਿਵਾਂਗੇ।

ਅਖੀਰਲੇ ਦਿਨ ਅਸ਼ੋਕਾ ਰੈਸਟੋਰੈਂਟ, ਜੋ ਇਕ ਸਰਦਾਰ ਦਾ ਹੈ, ਵਿਚ ਗੁਰੂ ਨਾਨਕ ਦੇਵ ਜੀ ਦੇ ਪੁਰਬ ਵਿਚ ਮੈਂ ਸ਼ਾਮਲ ਹੋਇਆ, ੨੦੦ ਸਿੱਖ ਉਥੇ ਰਹਿੰਦੇ ਹਨ। ਉਹ ਭਾਰਤੀ ਵਿਓਪਾਰੀਆਂ ਦੇ ਏਜੰਟ ਹਨ। ਕਮਿਸ਼ਨ ਲੈ ਕੇ ਮਦਦ ਕਰਦੇ ਹਨ। ਸਿੱਖ ਖੁਸ਼ ਹਨ। ਸ਼ਿੰਘਾਈ ਵਿਚ ਗੁਰਦਵਾਰਾ ਮੁੜ ਸਥਾਪਤ ਹੋ ਚੁੱਕਾ ਹੈ। ਸਾਨੂੰ ਚੀਨ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

# ਨਾਨਕਸ਼ਾਹੀ ਕਲੰਡਰ—ਹਮੇਸ਼ਾਂ ਖਬਰਾਂ ਵਿਚ ਕਿਉਂ?

ਅੱਜ ਦੇ ਯੁੱਗ ਵਿਚ ਹਰ ਪਾਸੇ ਸਾਇੰਸ, ਟੈਕਨਾਲੋਜੀ, ਕਮਿਊਨੀਕੇਸ਼ਨ ਦੀ ਖੋਜ ਵਿਚ ਨਵੇਂ ਚਮਤਕਾਰ ਸਾਹਮਣੇ ਆ ਰਹੇ ਹਨ, ਨਵੇਂ ਖੋਜੀ ਚੰਨ ਤੇ ਬ੍ਰਹਿਮੰਡ ਵਲ ਵਧ ਰਹੇ ਹਨ, ਹਰ ਸੰਸਥਾ ਤੇ ਕੌਮ ਇਸ ਵਿਚ ਆਪਣੀ ਚੜ੍ਹਤ ਦਰਸਾ ਰਹੀਆਂ ਹਨ, ਪਰ ਮੈਂ ਇਹ ਨਹੀਂ ਸਮਝ ਪਾਇਆ ਕਿ ਸਾਡੀ ਕੌਮ ਨਿਤ ਕਿਸੇ ਵਿਵਾਦ ਦਾ ਘਰ ਕਿਉਂ ਬਣੀ ਜਾ ਰਹੀ ਹੈ?

ਸਿੱਖਾਂ ਵਿਚ ਵਿਦਵਾਨਾਂ ਦੀ ਕਮੀ ਨਹੀਂ। ਅਮਰੀਕਾ ਵਿਚ ਸਾਡੇ ਭਰਾ ਯੂਨੀਵਰਸਿਟੀਆਂ, ਹਸਪਤਾਲਾਂ ਵਿਚ ਨਾਂ ਕਮਾ ਰਹੇ ਹਨ। ਪਹਿਲਾ ਆਪਟੀਕਲ ਫਾਈਬਰ ਬਨਾਉਣ ਵਾਲਾ, ਅਮਰੀਕਾ ਵਿਚ ਸਰਦਾਰ ਹੈ। ਕੈਂਬਰਿਜ ਯੂਨੀਵਰਸਿਟੀ ਵਿਚ ਅਰਥ ਸ਼ਾਸਤਰ ਦਾ ਪ੍ਰੋਫੈਸਰ ਖੁਲੀ ਦਾੜ੍ਹੀ ਵਾਲਾ ਸਿੱਖ ਹੈ। ਟੋਕੀਓ, ਜਾਪਾਨ ਦੀ ਯੂਨੀਵਰਸਿਟੀ ਵਿਚ ਹਿਸਾਬ ਦਾ ਪ੍ਰੋਫੈਸਰ ਸਿੱਖ ਹੈ। ਪੈਰਿਸ ਦੀ ਯੂਨੀਵਰਸਿਟੀ ਵਿਚ ਮੈਨੂੰ ਸਿੱਖ ਪ੍ਰੋਫੈਸਰ ਮਿਲੇ ਹਨ। ਪਰ ਕਿਤਨਾ ਅਫਸੋਸ ਹੈ ਕਿ ਜੋ ਫੈਸਲੇ ਕੌਮ ਦੀ ਕਿਸਮਤ ਦੇ, ਜਾਂ ਸਾਡੇ ਧਾਰਮਕ ਮਸਲਿਆਂ ਬਾਰੇ ਅਸੀਂ ਹੁਕਮਨਾਮੇ ਪੜ੍ਹਦੇ ਹਾਂ, ਉਥੇ ਉਹਨਾਂ ਦਾਨਸ਼ਮੰਦ ਸਿੱਖ ਤਬਕੇ ਦੀ ਕੋਈ ਸਾਂਝ ਨਹੀਂ ਹੈ। ਕਦੇ ਸੋਚਿਆ ਨਹੀਂ ਕਿ ਕੋਈ ਐਸੀ ਸਲਾਹਕਾਰ ਕਮੇਟੀ ਹੋਵੇ ਜਿਸ ਵਿਚ ਵਿਦਵਾਨ ਵੀ ਬੁਲਾਏ ਜਾਣ। ਸੁਪਰੀਮ ਕੋਰਟ ਦਾ ਜੱਜ ਸਿੱਖ ਬਣ ਸਕਦਾ ਹੈ, ਚੀਫ ਜਸਟਿਸ ਵੀ ਹੋ ਸਕਦਾ ਹੈ, ਚੀਫ ਅਲੈਕਸ਼ਨ ਕਮਿਸ਼ਨਰ ਦੀ ਪਦਵੀ ਲੈ ਸਕਦਾ ਹੈ, ਆਰਮੀ ਦਾ ਕਮਾਂਡਰ-ਇਨ-ਚੀਫ, ਏਅਰ ਫੋਰਸ ਦਾ ਚੀਫ ਮਾਰਸ਼ਲ, ਅਨੇਕਾਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਪਰ ਇਹਨਾਂ ਵਿਚੋਂ ਕਦੇ ਕੋਈ ਸਿੱਖਾਂ ਬਾਰੇ ਫੈਸਲੇ ਕਰਨ ਵਾਲੀ ਕਮੇਟੀ ਦਾ ਮੈਂਬਰ ਜਾਂ ਸਲਾਹਕਾਰ ਨਹੀਂ ਬਣ ਸਕਿਆ। ਇਸ ਲਈ ਅੱਜ ਹਰ ਪਾਸੇ ਸਿੱਖਾਂ ਬਾਰੇ ਅਜੀਬ ਚਰਚਾ ਅਖਬਾਰਾਂ ਵਿਚ ਨਜ਼ਰ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ੧੪੬੯ ਵਿਚ ਹੋਇਆ, ੧੬੯੯ ਵਿਚ ਅਨੰਦਪੁਰ ਸਾਹਿਬ ਖਾਲਸੇ ਦੀ ਸਾਜਨਾ ਹੋਈ। ਉਦੋਂ ਤੋਂ ਸਾਡੀਆਂ ਪਰੰਪਰਾਵਾਂ ਕਾਇਮ ਹਨ। ਪਿਛਲੀ ਸਦੀ ਵਿਚ ਬੜੇ ਵੱਡੇ-ਵੱਡੇ ਸਿੱਖ ਵਿਦਵਾਨਾਂ ਨੇ ਕੌਮ ਨੂੰ ਸਮਰਪਣ ਕੀਤਾ। ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ, ਡਾਕਟਰ ਬਲਬੀਰ ਸਿੰਘ, ਡਾਕਟਰ ਗੰਡਾ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਜਸਟਿਸ ਹਰਨਾਮ ਸਿੰਘ, ਸ. ਹੁਕਮ ਸਿੰਘ, ਸਪੀਕਰ ਲੋਕ ਸਭਾ, ਭਾਈ ਜੋਧ ਸਿੰਘ ਆਦਿ, ਪਰ ਉਹਨਾਂ ਨੇ ਕਦੇ ਕੋਈ ਨਵਾਂ ਝਗੜਾ, ਵਿਵਾਦ ਜਾਂ ਕਿੰਤੂ ਸਿੱਖ ਪਰੰਪਰਾਵਾਂ ਬਾਰੇ ਨਹੀਂ ਕੀਤਾ। ਕਦੇ ਨਵਾਂ ਕਲੰਡਰ, ਦਸਮ ਗ੍ਰੰਥ, ਅਰਦਾਸ, ਅੰਮ੍ਰਿਤ ਛਕਣ ਵਕਤ ਪੜ੍ਹੀਆਂ ਗਈਆਂ ਪੰਜ ਬਾਣੀਆਂ ਆਦਿ, ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਉਹਨਾਂ ਨੇ ਹਮੇਸ਼ਾ ਉਸਾਰੂ ਕੰਮਾਂ ਲਈ ਤੇ ਲਿਟਰੇਚਰ ਬਨਾਉਣ ਵਿਚ ਯੋਗਦਾਨ ਪਾਇਆ।

ਪਰ ਅੱਜ ਕੌਮ ਵਿਚ ਕੀ ਹੋ ਰਿਹਾ ਹੈ? ਨਾਨਕਸ਼ਾਹੀ ਕਲੰਡਰ ਹੀ ਲੈ ਲਵੋ। ਕੀ ਲੋੜ ਪੈ ਗਈ ਸੀ ਇਸਦੀ? ਪਰ ਇਸਨੂੰ ਲਾਗੂ ਕੀਤਾ ਗਿਆ, ਇਹ ਕਹਿਕੇ ਕਿ ਸਾਡੀ ਆਪਣੀ ਵਖਰੀ ਹਸਤੀ ਲਈ ਇਸਦੀ ਲੋੜ ਹੈ। ਭਾਰਤ ਆਜ਼ਾਦ ਹੋਇਆ ੧੯੪੭ ਵਿਚ, ਅਸੀਂ ਹੁਣ ਤਕ ਈਸਾਈ ਮਤ ਦਾ ਕਲੰਡਰ ਅਪਣਾ ਰਹੇ ਹਾਂ। ਭਾਰਤ ਹੀ ਨਹੀਂ ਸਾਰੇ ਵਿਸ਼ਵ ਵਿਚ ਜਨਵਰੀ ਤੋਂ ਦਸੰਬਰ ਤਕ ਸਾਲ ਗਿਣਿਆ ਜਾਂਦਾ ਹੈ। ਸਭ ਧਰਮਾਂ ਵਾਲੇ ਵੱਖ-ਵੱਖ ਦੇਸ਼ਾਂ ਦੇ ਮਾਲਕ ਹਨ, ਪਰ



Namdhari Elibrary NamdhariElibrary@gmail.com

ਸਾਲ ਹਰ ਥਾਂ ਇਕੋ ਹੀ ਹੈ। ਬਿਕਰਮੀ ਕਲੰਡਰ ਭਾਰਤ ਵਿਚ ਪ੍ਰਚਲਤ ਕਰਨ ਦੀ ਭਾਵਨਾ ਚਲ ਹੀ ਨਹੀਂ ਪਾਈ। ਅਰਬ ਵਾਲੇ ਸਾਰੇ ਮੁਸਲਮਾਨ ਦੇਸ਼ ਇਹੋ ਸਾਲ ਜੋ ਅੱਜ ੨੦੧੦ ਹੈ, ਮੰਨਦੇ ਹਨ। ਸਾਡੇ ਆਗੂਆਂ ਨੇ ੧੯੯੯ ਵਿਚ ਵਖਰਾ ਕਲੰਡਰ ਬਣਾ ਲਿਆ, ਸ਼੍ਰੋਮਣੀ ਕਮੇਟੀ ਨੇ ਪਾਸ ਕਰ ਦਿੱਤਾ, ਉਦੋਂ ਤੋਂ ਹੀ ਇਹ ਦੁਬਿਧਾ ਪੈ ਗਈ। ਕਈ ਸੰਤ ਸਮਾਜ ਵਾਲੇ ਇਸ ਵਿਰੁੱਧ ਹੋ ਗਏ। ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੇ ਤਖਤਾਂ ਨੇ ਵੀ ਆਪਣੀ ਪੁਰਾਣੀ ਪਰੰਪਰਾ ਕਾਇਮ ਰਖੀ।

ਮੈਂ ਸੰਨ ੨੦੦੦ ਵਿਚ ਜਦੋਂ ਵਾਈਸ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ, ਦੇ ਅਹੁਦੇ ਤੇ ਲਗਿਆ, ਉਦੋਂ ਸ਼੍ਰੋਮਣੀ ਕਮੇਟੀ ਦੇ ਕਹਿਣ ਤੇ ਮੈਂ ਨਵਾਂ ਨਾਨਕਸ਼ਾਹੀ ਕਲੰਡਰ ਭਾਰਤ ਸਰਕਾਰ ਤੋਂ ਪਰਵਾਨ ਕਰਵਾਇਆ ਤਾਂ ਜੋ ਉਹਨਾਂ ਦੇ ਕਲੰਡਰ ਵਿਚ ਗੁਰਪੁਰਬਾਂ ਦੀਆਂ ਤਾਰੀਖਾਂ ਠੀਕ ਹੋ ਸਕਣ। ਬੜਾ ਕਠਿਨ ਕੰਮ ਸੀ ਅਤੇ ਹੋਮ ਮਨਿਸਟਰ ਸ੍ਰੀ ਐਲ. ਕੇ. ਅਡਵਾਨੀ ਤਕ ਮੈਂ ਪਹੁੰਚ ਕਰਕੇ ਇਹ ਪ੍ਰਵਾਨਗੀ ਲਈ। ਕੁਝ ਸਾਲਾਂ ਪਿਛੋਂ ਇਸ ਵਿਚ ਫਿਰ ਸੋਧ ਕਰ ਲਈ ਗਈ ਹੈ। ਇਸ ਅਨੁਸਾਰ ਮੁੜ ਤਾਰੀਖਾਂ ਨਵੀਆਂ ਹੋ ਗਈਆਂ ਹਨ। ਸੰਗਰਾਂਦ ਕਦ ਹੈ, ਸ਼ਾਨੂੰ ਪਤਾ ਹੀ ਨਹੀਂ ਚਲਦਾ। ਸਾਰਾ ਦੇਸ ਜਦ ਮਾਘੀ ਮਨਾਂਦਾ ਹੈ, ਅਸੀਂ ਇਕ ਦਿਨ ਪਿਛੋਂ ਮਨਾਉਂਦੇ ਹਾਂ। ਜਦ ਇਹ ਨਵਾਂ ਬਦਲਾਓ ਹੋਇਆ ਇਸਤੇ ਵੀ ਸਰਬ ਸੰਮਤੀ ਨਹੀਂ ਹੋ ਸਕੀ। ਕੁਝ ਦਿਨਾਂ ਪਹਿਲੇ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਦਾ ਦਿਨ ਵੀ ਬਦਲ ਦਿੱਤਾ ਗਿਆ ਹੈ, ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਵੀ ਬਦਲਿਆ ਗਿਆ ਹੈ, ਹਾਲਾਂ ਵੀ ਵਿਰੋਧ ਜਾਰੀ ਹੈ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਗੁਰਪੁਰਬ ਪੁਰਾਣੀ ਤਾਰੀਕ ਤੇ ਮਨਾ ਵੀ ਲਿਆ ਹੈ। ਉਸਦੇ ਮੁਕਾਬਲੇ ਹੁਣ ਦੂਜਾ ਗਰੁੱਪ ਅਗਲੀ ਤਾਰੀਕ ਤੇ ਮਨਾ ਰਿਹਾ ਹੈ। ਦਿੱਲੀ ਸਰਕਾਰ ਦੀ ਛੁਟੀ ਪਿਛਲੇ ਤਰੀਕ ਤੇ ਹੋ ਚੁਕੀ ਹੈ। ਸਾਰੇ ਤਖ਼ਤਾਂ ਵਿਚ ਵੀ ਮਤਭੇਦ ਹੈ। ਇਸ ਬਾਰੇ ਸਮੁੱਚਾ ਫੈਸਲਾ ਨਹੀਂ ਹੈ। ਮੈਂ ਕਿਸੇ ਨੂੰ ਪੁੱਛਿਆ ਕਿ ਇਹ ਕਿਉਂ ਹੋ ਰਿਹਾ ਹੈ, ਉਸਨੇ ਦੱਸਿਆ ਕਿ ਜੇ ਪੁਰਾਣੀ ਪਰੰਪਰਾ ਕਾਇਮ ਰਹੀ ਤਾਂ ੨੫ ਸਾਲਾਂ ਪਿਛੋਂ ਵਿਸਾਖੀ ਮਈ ਵਿਚ ਆਏਗੀ। ਦੂਜਾ ਬਾਰ੍ਹਾ ਮਾਂਹ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸਦੇ ਅਰਥਾਂ ਅਨੁਸਾਰ ਜੋ ਰਚਨਾ ਹੈ, ਉਸ ਵਿਚ ਸਾਨੂੰ ਅਜੀਬ ਲਗੇਗਾ।

ਅੱਜ ਸਿੱਖ ਸਾਰੇ ਵਿਸ਼ਵ ਵਿਚ ਹੈ। ਹਰ ਦੇਸ਼ ਦਾ ਮੌਸਮ ਵੱਖਰਾ ਹੈ। ਜਦ ਸਾਡੇ ਸਰਦੀ ਹੁੰਦੀ ਹੈ, ਆਸਟਰੇਲੀਆ, ਨਿਊਜ਼ੀਲੈਂਡ, ਅਫਰੀਕਾ ਵਿਚ ਗਰਮੀ ਹੁੰਦੀ ਹੈ। ਫਿਰ ਉਹ ਸਿੱਖ ਬਾਰ੍ਹਾ ਮਾਂਹ ਬਾਰੇ ਕੀ ਅਰਥ ਕਰਨ? ਗੁਰਬਾਣੀ ਸਿਧਾਂਤ ਦਿੰਦੀ ਹੈ, ਤਿੱਥਾਂ ਵਾਰਾਂ ਦੇ ਝਮੇਲੇ ਤੋਂ ਦੂਰ ਰੱਖਦੀ ਹੈ। ਹਰ ਦਿਨ ਹਰ ਪਲ ਗੁਰੂ ਦਾ ਹੈ। ਹਰ ਰੋਜ਼ ਸਾਡੇ ਲਈ ਨਵਾਂ ਹੈ। ਗੁਰੂ ਪ੍ਰਕਾਸ਼ ਮੇਰੇ ਲਈ ਸਦੀਵੀਂ ਹੈ ਤੇ ਇਕ ਦਿਨ ਨਾਲ ਅੰਕਤ ਨਹੀਂ। ਫਿਰ ਅਸੀਂ ਇਹ ਕਲੰਡਰ ਦਾ ਵਿਵਾਦ ਕਿਸ ਲਈ ਕੀਤਾ ਹੈ? ਕੀ ਸਾਨੂੰ ਇਸ ਨਾਲ ਚੜ੍ਹਤ ਮਿਲੀ ਹੈ? ਕੌਮ ਵਿਚ ਗਰੁੱਪਬਾਜ਼ੀ ਵਧੀ ਹੈ। ਦਸਮ ਗਰੰਥ ਬਾਰੇ ਵੀ ਹਰ ਪਾਸੇ ਬਿਆਨਬਾਜ਼ੀ ਹੋ ਰਹੀ ਹੈ। ਹਰ ਸਿੱਖ ਲੀਡਰ ਆਪਣਾ ਨਾਂ ਅਖਬਾਰ ਵਿਚ ਛਪਵਾਣ ਲਈ ਕੋਈ ਨਵਾਂ ਫਾਰਮੂਲਾ ਕਢ ਲੈਂਦਾ ਹੈ। ਕਦੇ ਸੋਚਿਆ ਹੈ ਕਿ ਸਾਡੇ ਕੌਮ ਦਾ ਕੀ ਏਜੰਡਾ ਹੋਵੇ? ਕਿਹੜੀ ਲੋੜ ਬਹੁਤ ਵਧੇਰੇ ਹੈ? ਫਜ਼ੂਲ ਗੱਲਾਂ ਵਿਚ ਵਕਤ ਤੇ ਸਰਮਾਇਆ ਨਸ਼ਟ ਕਰ ਰਹੇ ਹਾਂ। ਸਾਡੇ ਸਿਆਸੀ ਆਗੂ ਵੀ ਚੁੱਪ ਧਾਰਨ ਕਰ ਲੈਂਦੇ ਹਨ। ਜੇ ਕੌਮ ਨੂੰ ਹੀ ਰੋਜ਼ ਧੱਕਾ ਲਗ ਰਿਹਾ ਹੈ ਤੇ ਲੀਡਰੀ ਕਿਸ ਭਰੋਸੇ। ਸਹਿਜਧਾਰੀਆਂ ਨੂੰ ਰਿਆਇਤ ਦੇਣੀ ਭੂਲ ਹੀ ਗਏ ਹਾਂ। ਗੁਰਦੁਆਰਾ ਸਿਆਸਤ ਸਿੱਖੀ ਤੋਂ ਦੂਰ ਜਾ ਰਹੀ ਹੈ। ਸਾਡੇ ਵਿਦਿਅਕ ਅਦਾਰੇ ਨਿੱਘਰ ਰਹੇ ਹਨ, ਉਥੇ ਉਹ ਹੀ ਦਾਖਲਾ ਲੈਂਦੇ ਹਨ, ਜਿਹਨਾਂ ਨੂੰ ਕਿਧਰੇ ਹੋਰ ਦਾਖਲਾ ਨਾ ਮਿਲਿਆ ਹੋਵੇ। ਪਤਿੱਤ ਵਧ ਰਹੇ ਹਨ। ਕੋਈ ਉਹਨਾਂ ਬਾਰੇ ਚਿੰਤਾ ਨਹੀਂ। ਹਾਂ ਸਾਡੀ ਸਰਦਾਰੀ ਰਹੇ। ਜੋ ਫੈਸਲਾ ਕਰੀਏ ਉਸ ਨੂੰ ਮਨੋ। ਰੱਬ ਵਾਸਤੇ ਕਦੇ ਫੈਸਲਾ ਲੈਣ ਵਕਤ ਵਿਸ਼ਵਭਰ ਦੇ ਸਿੱਖ, ਜੋ ਦਾਨਸ਼ਮੰਦ ਹਨ, ਉਹਨਾਂ ਨੂੰ ਵੀ ਪੁਛ ਲਿਆ ਕਰੋ।

ਅੱਜ ਦੇ ਯੁਗ ਵਿਚ ਵਿਦਵਾਨਾਂ ਦੀ ਕਦਰ ਦਾ ਧਿਆਨ ਰੱਖੋ। ਯਹੂਦੀ ਕੌਮ ਸਾਡੇ ਤੋਂ ਘਟ ਹੈ ਪਰ ਉਹਨਾਂ ਦੇ ਵਿਦਵਾਨ ਹਰ ਥਾਂ ਛਾ ਗਏ ਹਨ। ਡੀ. ਏ. ਵੀ. ਸੰਸਥਾ ਦਾ ਮੁੱਖੀ ਚੀਫ ਜਸਟਿਸ ਹੁੰਦਾ ਹੈ। ਉਹਨਾਂ ਦੇ ਸਾਰੇ ਮੈਂਬਰ ਇਕ ਤੋਂ ਇਕ ਵੱਧ ਵਿਦਵਾਨ ਹੈ। ਦਿੱਲੀ ਵਿਚ ਇਸਲਾਮਕ ਸੈਂਟਰ ਖੁਲਿਆ ਹੈ, ਜਾ ਕੇ ਕਦੇ ਵੇਖੋ। ਮੁਸਲਮਾਨਾਂ ਦੀਆਂ ੬ ਯੂਨੀਵਰਸਿਟੀਆਂ ਖੁਲ ਚੁੱਕੀਆਂ ਹਨ। ਸਾਡਾ ਧਿਆਨ ਹਰ ਰੋਜ਼ ਨਗਰ ਕੀਰਤਨ ਵਲ ਹੈ। ਸਿੱਖੀ ਪਰਚਾਰ ਦੇ ਨਵੇਂ ਸਾਧਨ ਪਤਾ ਹੀ ਨਹੀਂ ਹਨ। ਮੈਂ ਜਦ ਆਪਣੇ ਵਿਚਾਰ ਲਿਖਦਾ ਹਾਂ, ਕਈ ਸਮਝਦੇ ਹਨ ਕਿ ਮੈਂ ਪੰਥ ਦੇ ਨਿਸ਼ਾਨੇ ਤੋਂ ਥਿੜਕ ਰਿਹਾ ਹਾਂ। ਮੈਂ ਸਾਰੇ ਜੀਵਨ ਵਿਚ ਸਿੱਖ ਸਿਧਾਂਤ ਲਈ ਹਰ ਪਲ ਲਗਾਇਆ ਹੈ। ਪਾਰਲੀਮੈਂਟ ਵਿਚ ਪਹਿਲੀ ਵਾਰ ਸਿੱਖ ਇਤਿਹਾਸ ਦੇ ਮਸਲੇ ਪੇਸ਼ ਕੀਤੇ ਹਨ। ਮੈਂ ਚਾਹੁੰਦਾ ਹਾਂ ਕਿ ਹਰ ਕੋਈ ਦਲੀਲ ਨਾਲ ਲਿਖੇ ਤਾਂ ਜੋ ਮਸਲੇ ਨਿਬੜ ਜਾਣ। ਮੇਰੇ ਸੁਝਾਅ ਕੇਵਲ ਅਪੀਲ ਹਨ ਤੇ ਵਿਚਾਰ ਗੋਚਰੇ ਹਨ।

*ਸਾਬਕਾ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ*
*ਬੀ-੫, ਡਾ. ਜ਼ਾਕਿਰਹੁਸੈਨ ਮਾਰਗ,*
*ਨਵੀਂ ਦਿੱਲੀ*



Namdhari Elibrary NamdhariElibrary@gmail.com

BBL FOODS PVT. LTD.






*India's Larget Second Hand Food*
*Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*






# BBL FOODS (P) LTD.

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail:lakbir.mutchall@gmail.com*
*www.bblfoods.com www.mutchall.com*



Namdhari Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਪਹਿਲੀ ਮਿਆਰੀ ਪੁਸਤਕ

*—ਪਿਆਰਾ ਸਿੰਘ ਭੋਗਲ*

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ "ਨਾਮਧਾਰੀ ਗੁਰੂ ਰਾਮ ਸਿੰਘ ਚੇਅਰ" ਦੇ ਪ੍ਰੋਫੈਸਰ ਤੇ ਮੁਖੀ ਡਾ. ਜੋਗਿੰਦਰ ਸਿੰਘ ਦੀ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਜੀਵਨੀ "ਨਾਮਧਾਰੀ ਗੁਰੂ ਰਾਮ ਸਿੰਘ" ਪੜ੍ਹ ਕੇ ਅਤਿਅੰਤ ਖੁਸ਼ੀ ਹੋਈ ਹੈ। ਸਤਿਗੁਰੂ ਰਾਮ ਸਿੰਘ ਦੀ ਜੀਵਨੀ ਬਾਰੇ ਲਿਖੀ ਇਹ ਪਹਿਲੀ ਮਿਆਰੀ ਪੁਸਤਕ ਹੈ। ਸਾਡੀ ਬਹੁਤ ਦੇਰ ਤੋਂ ਇੱਛਾ ਸੀ, ਚਮਤਕਾਰੀ ਮਹਾਂਪੁਰਖ ਸਤਿਗੁਰ ਰਾਮ ਸਿੰਘ ਦੇ ਜੀਵਨ, ਵਿਅਕਤਿਤਵ ਅਤੇ ਵਿਚਾਰਧਾਰਾ ਬਾਰੇ ਉੱਚ ਪੱਧਰ ਦੀ ਪੁਸਤਕ ਛਪੇ। ਡਾ. ਜੋਗਿੰਦਰ ਸਿੰਘ ਮੂਲ ਰੂਪ ਵਿਚ ਇਤਿਹਾਸ ਦੇ ਪ੍ਰਾਧਿਆਪਕ ਤੇ ਖੋਜੀ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿਚ ਲੰਬੇ ਸਮੇਂ ਤੋਂ ਸੇਵਾ ਨਿਭਾਉਂਦੇ ਰਹੇ। ਇਸ ਵਿਭਾਗ ਦੇ ਮੁਖੀ ਕਾਫੀ ਸਮਾਂ ਡਾ. ਜੇ. ਐਸ. ਗਰੇਵਾਲ ਰਹੇ, ਜੋ ਇਸ ਵੇਲੇ ਪੰਜਾਬ ਦੇ ਸਿੱਖ ਇਤਿਹਾਸ ਦੇ ਸਭ ਤੋਂ ਵੱਡੇ ਵਿਸ਼ੇਸ਼ਗ ਮੰਨੇ ਜਾਂਦੇ ਹਨ। ਡਾ. ਜੋਗਿੰਦਰ ਸਿੰਘ ਡਾ. ਜੇ. ਐਸ. ਗਰੇਵਾਲ ਦੇ ਵਿਸ਼ਵਾਸ-ਪਾਤਰ ਰਹੇ। ਉਨ੍ਹਾਂ ਦੀ ਅਗਵਾਈ ਵਿਚ ਖੋਜ-ਪ੍ਰਵਿਰਤੀ ਤੇ ਖੋਜ-ਨਿਪੁੰਨਤਾ ਪ੍ਰਾਪਤ ਕੀਤੀ। ਆਧੁਨਿਕ ਸਿੱਖ ਇਤਿਹਾਸ ਦੇ ਕਈ ਖੋਜਣ-ਯੋਗ ਪੱਖਾਂ ਉਤੇ ਕੰਮ ਕੀਤਾ। ਉਨ੍ਹਾਂ ਦੇ ਖੋਜ-ਕਾਰਜ ਦੀਆਂ ਦੋ ਪੁਸਤਕਾਂ ਛਪ ਚੁੱਕੀਆਂ ਹਨ।

- The Sikh Resurgence
- Sikh Leadership -Early 20th Century

ਹੁਣ ਉਨ੍ਹਾਂ ਨੇ ਨਾਮਧਾਰੀ ਮਹਾਂਪੁਰਖ ਬਾਬਾ ਰਾਮ ਸਿੰਘ ਦੇ ਸਮੇਂ ਅਤੇ ਉਨ੍ਹਾਂ ਦੇ ਯਾਦ ਰਹਿਣਯੋਗ ਕਾਰਨਾਮੇ ਉੱਤੇ ਖੋਜ ਕਰਕੇ ਹਥਲੀ ਪੁਸਤਕ ਲਿਖੀ ਹੈ। ਇਸ ਵਿਚ ਬਾਬਾ ਜੀ ਦੀ ਲਗਭਗ ਮੁਕੰਮਲ ਜੀਵਨ ਕਹਾਣੀ ਵਰਣਤ ਕੀਤੀ ਗਈ ਹੈ। ਉਨ੍ਹਾਂ ਨੇ ਸਿੱਖ ਰਾਜ ਦੀ ਤਬਾਹੀ, ਤਬਾਹੀ ਨਾਲ ਪੈਦਾ ਹੋਈ ਨਿਰਾਸ਼ਾ ਅਤੇ ਇਨ੍ਹਾਂ ਦਿਨਾਂ ਵਿਚ ਪੈਦਾ ਹੋਇਆ ਸਿੱਖ ਚਰਿਤਰ ਦਾ ਨਿਘਾਰ ਅੱਖੀ ਦੇਖਿਆ। ਹੱਡੀਂ ਹੰਢਾਇਆ। ਹੋਰ ਲੱਖਾਂ ਲੋਕ ਇਸ ਤਬਾਹੀ ਦੀ ਓਦਾਸੀ ਮਨ ਵਿਚ ਬੈਠਾ ਕੇ, ਘਰੋ-ਘਰੀਂ ਬੈਠ ਗਏ। ਕਈ ਅਮੀਰ ਸਿੱਖ ਸਰਦਾਰ, ਨਿੱਜੀ ਸੁੱਖ-ਸੁਵਿਧਾਵਾਂ ਬਚਾਉਣ ਦੇ ਲਾਲਚ ਨਾਲ, ਬ੍ਰਿਟਿਸ਼ ਹਾਕਮਾਂ ਦੇ ਸਹਿਯੋਗੀ ਬਣ ਗਏ। ਪਰ ਮਹਾਂਪੁਰਖ ਨਿਘਾਰ ਦੇ ਜ਼ਮਾਨੇ ਵਿਚ, ਵਹਿਣ ਵਿਚ ਵਹਿੰਦੇ ਨਹੀਂ। ਵਹਿਣ ਨੂੰ ਮੋੜਾ ਦਿੰਦੇ ਹਨ। ਬਾਬਾ ਰਾਮ ਸਿੰਘ ਨੇ ਵੀ ਹਾਲਾਤ ਨੂੰ ਬਦਲਣ ਦਾ ਔਖਾ ਕੰਮ ਕੀਤਾ। ੧੮੫੭ ਈ. ਵਿਚ 'ਸੰਤ ਖਾਲਸੇ' ਦੀ ਬੁਨਿਆਦੀ ਰੱਖੀ। ਨੰਦੇੜ ਹਜ਼ੂਰ ਸਾਹਿਬ ਤੋਂ ਰਹਿਤ-ਮਰਿਆਦਾ ਮੰਗਵਾ ਕੇ, ਸੰਤ ਖਾਲਸੇ ਵਿਚ ਪ੍ਰਚੱਲਤ ਕੀਤੀ।

ਕਿਉਂਕਿ ਉਨ੍ਹਾਂ ਦਾ ਮੁਖ ਨਿਸ਼ਾਨਾ ਸੀ, ਖਾਲਸੇ ਅਤੇ ਪੰਜਾਬ ਦੀ ਆਜ਼ਾਦੀ, ਇਸ ਕਰਕੇ ਹਰ ਖੇਤਰ ਵਿਚ ਸੁਦੇਸ਼ੀ ਵਰਤੋਂ-ਵਿਹਾਰ ਪ੍ਰਚੱਲਤ ਕੀਤਾ। ਸਰਕਾਰੀ ਸਕੂਲਾਂ, ਅਦਾਲਤਾਂ ਅਤੇ ਡਾਕ-ਸਿਸਟਮ ਦਾ ਬਾਈਕਾਟ ਕੀਤਾ।

ਉਨ੍ਹਾਂ ਨੇ ਸਿੱਖ ਧਰਮ ਦੀ ਸਿਖਿਆ ਦੇ ਮੁਤਾਬਕ ਸਿੱਖ-ਵਿਅਕਤਿੱਤਵ ਦਾ ਪੁਨਰ-ਨਿਰਮਾਣ ਕੀਤਾ। ਚੰਗੇ ਮਨੁੱਖ ਹੀ ਚੰਗਾ ਸਮਾਜ ਬਣਾਉਂਦੇ ਹਨ। ਇਹ ਉਨ੍ਹਾਂ ਦਾ ਸਿਧਾਂਤ ਸੀ। ਕਿਉਂਕਿ ਆਜ਼ਾਦੀ ਗੁਆ ਚੁੱਕਾ ਖਾਲਸਾ ਮੁੜ ਕੇ ਕੋਈ ਚਮਤਕਾਰ ਹੁੰਦਾ ਦੇਖਣਾ ਚਾਹੁੰਦਾ ਸੀ, ਇਸ ਕਰਕੇ ੧੮੫੭ ਤੋਂ ੧੮੭੨ ਈ. ਤੱਕ ਦੇ ਥੋੜ੍ਹੇ ਸਮੇਂ ਵਿਚ ਲੱਖਾਂ ਲੋਕ ਸਤਿਗੁਰ ਰਾਮ ਸਿੰਘ ਦੇ ਸ਼ਿਸ਼ ਬਣੇ। ਪਿੰਡਾਂ ਦੇ ਪਿੰਡ ਨਾਮਧਾਰੀ ਬਣ ਗਏ।

ਬ੍ਰਿਟਿਸ਼ ਰਾਜ ਦੀਆਂ ਕੁਝ ਕਾਰਵਾਈਆਂ ਸਤਿਗੁਰ ਰਾਮ ਸਿੰਘ ਤੇ ਉਨ੍ਹਾਂ ਦੇ ਸਿੱਖਾਂ ਨੂੰ ਬਹੁਤੀਆਂ ਹੀ ਚੁੱਭਦੀਆਂ ਸਨ, ਜਿਵੇਂ ਗਊ-ਵੱਧ ਅਤੇ ਥਾਂ ਥਾਂ ਖੁਲ੍ਹੇ ਬੁੱਚੜਖਾਨੇ, ਇਸ ਕਰਕੇ ਗੁਰੂ ਜੀ ਦੇ ਕੁਝ ਬਹੁਤੇ ਹੀ ਜੋਸ਼ੀਲੇ ਪੈਰੋਕਾਰ ਕਈ ਥਾਂ ਬੁੱਚੜਾਂ ਨਾਲ ਭਿੜ ਗਏ ਜਿਵੇਂ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਵਿਚ। ਕਈ ਬੁੱਚੜ ਕਤਲ ਕਰ ਦਿੱਤੇ ਗਏ। ਬ੍ਰਿਟਿਸ਼ ਹਾਕਮ ਪਹਿਲਾਂ ਹੀ ਨਾਮਧਾਰੀ ਲਹਿਰ ਦੀ ਆਜ਼ਾਦੀ-ਪਸੰਦੀ ਤੇ ਸਤਿਗੁਰੂ ਰਾਮ ਸਿੰਘ ਦੀ ਕਰਾਮਾਤੀ ਸ਼ਖਸੀਅਤ ਨੂੰ ਤੌਖਲੇ ਦੀ ਨਜ਼ਰ ਨਾਲ ਦੇਖਦੇ ਸਨ, ਇਸ ਕਰਕੇ ਜਨਵਰੀ ੧੮੭੨ ਵਿਚ ਇਸ ਮਹਾਂਪੁਰਖ ਨੂੰ ਬਰ੍ਹਮਾ ਦੀ ਰਾਜਧਾਨੀ ਰੰਗੂਨ ਲਿਜਾ ਕੇ ਨਜ਼ਰਬੰਦ ਕਰ ਦਿੱਤਾ ਗਿਆ।

ਕਹਿੰਦੇ ਹਨ, ਕਿਸੇ ਲਹਿਰ ਦੀ ਕਾਮਯਾਬੀ ਦੀ ਪਰਖ ਉਦੋਂ ਹੁੰਦੀ ਹੈ, ਜਦੋਂ ਹਾਕਮ ਲੋਕ ਲਹਿਰ ਦੇ ਆਗੂ ਅਤੇ ਪੈਰੋਕਾਰਾਂ ਉਤੇ ਜ਼ੁਲਮ ਕਰਦੇ ਹਨ। ੧੮੭੨ ਤੋਂ ੧੮੮੫ ਤੱਕ ਬ੍ਰਿਟਿਸ਼ ਸਰਕਾਰ ਨੇ ਨਾਮਧਾਰੀ ਪੰਥ ਨੂੰ ਕੁਚਲਣ ਦੀ ਪੂਰੀ ਵਾਹ ਲਾਈ। ਗੁਰੂ ਨੂੰ ਸਿੱਖਾਂ ਨਾਲੋਂ ਜ਼ਬਰਦਸਤੀ ਵਿਛੋੜ ਦਿੱਤਾ ਗਿਆ। ਮੁਲਾਕਾਤਾਂ ਬਿਲਕੁਲ ਬੰਦ ਕਰ ਦਿੱਤੀਆਂ ਗਈਆਂ। ਤਾਂ ਵੀ ਵੱਡੀ ਗਿਣਤੀ ਵਿਚ ਨਾਮਧਾਰੀ ਸਿੱਖ ਬਰ੍ਹਮਾ ਜਾਂਦੇ ਰਹੇ। ਗੁਰੂ ਦੇ ਦਰਸ਼ਨ ਕਰਦੇ ਰਹੇ। ਆਪਣੀਆਂ ਅਰਦਾਸਾਂ ਪਹੁੰਚਾਉਂਦੇ ਰਹੇ ਤੇ ਗੁਰੂ ਜੀ ਦੇ ਹੁਕਮਨਾਮੇ



Namdhari Elibrary NamdhariElibrary@gmail.com

ਲਿਆਉਂਦੇ ਰਹੇ। ਲਹਿਰ ਦੱਬੀ ਨਹੀਂ। ਹੋਰ ਵਧੀ ਫੁੱਲੀ।

ਡਾ. ਜੋਗਿੰਦਰ ਸਿੰਘ ਨੇ ਇਹ ਸਾਰਾ ਵੇਰਵਾ ਇਤਿਹਾਸ-ਖੋਜੀ ਵਾਂਗ ਤੇ ਨਾਲ ਨਾਲ ਹਮਦਰਦੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਨੇ ਸਭ ਵੇਰਵਿਆਂ ਦੇ ਸ੍ਰੋਤ ਨਾਲ ਨਾਲ ਦੱਸੇ ਹਨ। ਪਹਿਲੇ ਖੋਜੀਆਂ ਵਲੋਂ ਕੀਤੇ ਕੰਮ ਦੇ ਹਵਾਲੇ ਦਿੱਤੇ ਹਨ।

ਉਂਜ ਇਹ ਇਤਿਹਾਸ ਲਿਖਣਾ ਵਿਦਵਾਨ ਲੇਖਕ ਲਈ ਸੌਖਾ ਕੰਮ ਨਹੀਂ ਸੀ। ਇਸ ਇਤਿਹਾਸ ਨਾਲ ਸਿੱਖ ਭਾਈਚਾਰੇ ਦੀਆਂ ਵੱਖ ਵੱਖ ਧਿਰਾਂ ਦੀਆਂ ਧਾਰਨਾਵਾਂ ਤੇ ਜਜ਼ਬਾਤ ਜੁੜੇ ਹੋਏ ਹਨ। ਸਿੱਖਾਂ ਦਾ ਵੱਡਾ ਭਾਗ ਇਹ ਵਿਸ਼ਵਾਸ ਰੱਖਦਾ ਹੈ ਕਿ ਸਿੱਖਾਂ ਦੇ ਸਿਰਫ ਦਸ ਗੁਰੂ ਹੀ ਹੋਏ ਹਨ। ਗੁਰੂ ਗੋਬਿੰਦ ਸਿੰਘ ਨੇ ਆਪਣੇ ਤੋਂ ਬਾਅਦ ਆਦਿ ਗ੍ਰੰਥ ਨੂੰ ਗੁਰਿਆਈ ਬਖਸ਼ੀ। ਪਰ ਨਾਮਧਾਰੀ ਪੰਥ ਬਾਬਾ ਬਾਲਕ ਸਿੰਘ ਨੂੰ ਗਿਆਰ੍ਹਵੇਂ ਗੁਰੂ ਅਤੇ ਬਾਬਾ ਰਾਮ ਸਿੰਘ ਨੂੰ "ਬਾਰ੍ਹਵਾਂ ਗੁਰੂ" ਮੰਨਦਾ ਹੈ। ਸਿੱਖ-ਭਾਈਚਾਰੇ ਦੀਆਂ ਦੋਨਾਂ ਧਿਰਾਂ ਦੀ ਰਹਿਤ-ਮਰਿਆਦਾ ਵਿਚ ਵੀ ਫਰਕ ਹੈ।

ਡਾ. ਜੋਗਿੰਦਰ ਸਿੰਘ ਨੇ ਆਪਣੀ ਪੁਸਤਕ ਵਿਚ ਦੋਵੇਂ ਪੱਖ ਪੇਸ਼ ਕੀਤੇ ਹਨ। ਉਨ੍ਹਾਂ ਦੇ ਲਿਖਣ-ਢੰਗ ਦੀ ਖੂਬੀ ਇਹ ਹੈ ਕਿ ਉਹ ਆਪ ਕਿਸੇ ਧਿਰ ਦਾ ਪੱਖ ਨਹੀਂ ਲੈਂਦੇ। ਪਰ ਕਿਸੇ ਵੀ ਧਿਰ ਦੇ ਜਜ਼ਬਾਤ ਨੂੰ ਠੇਸ ਨਹੀਂ ਪਹੁੰਚਾਉਂਦੇ। ਨਿਰਪੱਖਤਾ ਨਾਲ ਦੋਵੇਂ ਨੁਕਤਾ-ਨਜ਼ਰ ਬਿਆਨ ਕਰਦੇ ਹਨ।

ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ੧੯੪੪ ਈ. ਵਿਚ "ਕੂਕਿਆਂ ਦੀ ਵਿਥਿਆ" ਪੁਸਤਕ ਲਿਖ ਕੇ ਦਾਅਵਾ ਕੀਤਾ ਸੀ ਕਿ ਨਾਮਧਾਰੀ ਲਹਿਰ ਸਿਰਫ ਧਰਮ-ਸੁਧਾਰ ਲਹਿਰ ਸੀ। ਰਾਜਨੀਤਕ ਲਹਿਰ ਨਹੀਂ ਸੀ। ਡਾ. ਜੋਗਿੰਦਰ ਸਿੰਘ ਨੇ ਗੰਡਾ ਸਿੰਘ ਦਾ ਦ੍ਰਿਸ਼ਟੀਕੋਣ ਪੇਸ਼ ਕਰ ਦਿੱਤਾ ਹੈ, ਪਰ ਆਪ ਉਹ ਡਾ. ਗੰਡਾ ਸਿੰਘ ਨਾਲ ਸਹਿਮਤ ਨਹੀਂ। ਉਹ ਇਹ ਮੰਨਦੇ ਹਨ ਕਿ ਇਹ ਲਹਿਰ ਧਾਰਮਕ - ਸਭਿਆਚਾਰਕ-ਰਾਜਨੀਤਕ ਸੰਘਰਸ਼ ਸੀ। ਇਸਨੇ ਗੁਲਾਮੀ ਵਿਚ ਆਜ਼ਾਦੀ ਦੀ ਚਿਣਗ ਜਗਾਈ।

ਉਹ ਸਿੱਖ ਧਰਮ ਤੇ ਸਿੱਖ ਪੰਥ ਦੀ ਮਹਾਨਤਾ ਮੰਨਦੇ ਹੋਏ ਨਾਮਧਾਰੀ ਲਹਿਰ ਅਤੇ ਸਤਿਗੁਰੂ ਰਾਮ ਸਿੰਘ ਦੀ ਮਹਾਨ ਦੇਣ ਅੱਗੇ ਵੀ ਸਿਰ ਝੁਕਾਉਂਦੇ ਹਨ। ਉਨ੍ਹਾਂ ਦੀ ਇਹ ਪੁਸਤਕ ਨਿਰਪੱਖ ਖੋਜ ਦੇ ਮਿਆਰਾਂ ਨੂੰ ਕਾਇਮ ਰੱਖਦੀ ਹੋਈ ਸਤਿਗੁਰੂ ਰਾਮ ਸਿੰਘ ਨੂੰ ਅਕੀਦਤ ਪੇਸ਼ ਕਰਦੀ ਹੈ।

ਇਹ ਪੁਸਤਕ ਨਾਮਧਾਰੀਆਂ ਨੂੰ ਵੀ ਪੜ੍ਹਨੀ ਚਾਹੀਦੀ ਹੈ, ਤੇ ਮੁੱਖ ਧਾਰਾ ਦੇ ਸਿੱਖ ਨੂੰ ਵੀ। ਇਸਦੀ ਪੜ੍ਹਤ ਦੋਨਾਂ ਧਿਰਾਂ ਦੇ ਗਿਆਨ ਵਿਚ ਵਾਧਾ ਕਰੇਗੀ ਤੇ ਮਨਾਂ ਵਿਚ ਬਣੇ ਹੋਏ ਕਈ ਜਾਲੇ ਉਤਾਰੇਗੀ।

## ਕੁਰਬਾਨ ਕੂਕਿਆਂ ਤੋਂ / *—ਨਿਰੰਜਨ ਸਿੰਘ ਨੂਰ*

ਫਿਰ ਕੂਕੇ ਕੂਕੇ ਸੱਚ ਲਈ ਉਹ ਰੋਹ ਵਿਚ ਆਏ।
ਸ੍ਵੈ-ਦੇਸ਼ੀ ਤੇ ਸ੍ਵੈ-ਰਾਜ ਦੇ ਪੈਗ਼ਾਮ ਲਿਆਏ।
ਉਨ੍ਹਾਂ ਬਾਈਕਾਟ ਫਰੰਗੀਆਂ ਦੇ ਸੈ ਕਰਵਾਏ।
ਤੇ ਬੁੱਚੜ ਹੱਥੋਂ ਗਊ ਦੇ ਸੀ ਪ੍ਰਾਣ ਬਚਾਏ।
ਉਹ ਤੋਪਾਂ ਮੂਹਰੇ ਧਰ ਲਏ ਬੁੱਚੜ ਦੀ ਮਾਂ ਨੇ।
ਪਰ ਮੌਤ ਨੂੰ ਸੀ ਲਲਕਾਰਦੇ ਯੋਧੇ ਦੀਵਾਨੇ।
ਤੱਕ ਸ਼ਮ੍ਹਾਂ ਸਦਕੜੇ ਜਾਂਵਦੀ ਐਸੇ ਪਰਵਾਨੇ।
ਉਹ ਜਿਵੇਂ ਬਣਾਏ ਸੀ ਕਿਸੇ ਖ਼ੁੱਦਾਰ ਖ਼ੁਦਾ ਨੇ।
ਇਕ ਨਿੱਕਾ ਸਿੰਘ ਗੱਭਰੂਟ ਸੀ ਸੂਰਾ ਧੁਰ ਤਾਣੀ।
ਉਹ ਅਜੇ ਨਹੀਂ ਸੀ ਜਾਪਦਾ ਤੋਪਾਂ ਦਾ ਹਾਣੀ।
ਉਹਦੀ ਰੂਹ ਨੂੰ ਰੰਗ ਮਜੀਠ ਦਾ ਚੜ੍ਹਿਆ ਸੀ ਪੱਕਾ।
ਉਸ ਪੈਰਾਂ ਥੱਲੇ ਚਿਣ.ਲਿਆ ਇੱਟਾਂ ਦਾ ਚੱਕਾ।
ਫਿਰ ਅੱਖ ਮਾਰ ਕੇ ਤੋਪ ਨੂੰ ਖੰਘੂਰਾ ਮਾਰੇ :
'ਮੈਂ ਹੋਇਆ ਤੇਰੇ ਹਾਣ ਦਾ, ਆ ਜਾ ਮੁਟਿਆਰੇ।
ਕਰ ਜੋ ਕੁਝ ਕਰਨਾ ਸੰਗ ਨਾ ਕਹਿ ਜੋ ਕੁਝ ਕਹਿਣਾ।
ਮੈਂ ਆਜ਼ਾਦੀ ਸੰਗਰਾਮ ਵਿਚ ਫਾਡੀ ਨਹੀਂ ਰਹਿਣਾ।
ਇਸ ਅੱਗ ਦੇ ਸਾਗਰ ਵਿਚ ਵੀ ਜੈ-ਕਾਰੇ ਗੂੰਜੇ।
ਤੇ ਆਜ਼ਾਦੀ ਦੇ ਅੱਥਰੂ ਪੌਣਾਂ ਨੇ ਪੂੰਝੇ!
ਫਿਰ ਫਾਂਸੀ ਜੇਲ੍ਹਾਂ, ਕੁਰਕੀਆਂ ਤੇ ਕਾਲੇ ਪਾਣੀ।
ਸੈ ਹੋਰ ਤਸੀਹੇ ਸਹਿ ਗਏ ਮਰਦੇ ਦਮ ਤਾਣੀ।

## ਨਵੰਬਰ ੨੦੧੦ ਦਾ "ਵਰਿਆਮ"

*—ਟਹਿਲ ਸਿੰਘ*

ਗਲ ਕਦੇ "ਵਰਿਆਮ" ਨੀ ਆਮ ਕਰਦਾ,
ਅੰਦਰ ਜਰਾ ਜੇ ਸਮਝ ਦੀ ਕਣੀ ਹੋਵੇ।
ਬਾਗੋਂ ਬਾਗ ਕਸਤੂਰੀ ਦੀ ਮਹਿਕ ਵੰਡੇ,
ਜਿਵੇਂ ਕਿਸੇ ਸਿਆਣੇ ਨੇ ਜਣੀ ਹੋਵੇ।
ਫਲ ਫੁੱਲ ਬੁਖਾਰੇ ਨੂੰ ਮਾਤ ਪਾਉਂਦੇ,
ਹੋਈ ਸਿਰਾਂ ਉੱਤੇ ਛਾਂ ਘਣੀ ਹੋਵੇ।
ਗੁਣ ਗਾਏ "ਜਗਜੀਤ" ਦੇ ਪ੍ਰੀਤ ਲਾ ਕੇ,
ਜਿਵੇਂ ਗਗਨ ਤੇ ਚਾਨਣੀ ਤਣੀ ਹੋਵੇ।
ਵੱਡੇ ਮੰਦਰਾਂ ਨਾਲ ਨਾ ਪ੍ਰੀਤ ਸਾਨੂੰ,
ਕੁੱਲੀ ਯਾਰ ਵਾਲੀ ਚਾਰ ਖਣੀ ਹੋਵੇ।
ਨੂਰੋ ਨੂਰ ਇਹ ਕਰੇ ਭਰਪੂਰ ਹੋ ਕੇ,
ਸ਼ੇਸ਼ਨਾਗ ਜਿਉਂ ਸਿਰਾਂ ਦੀ ਮਣੀ ਹੋਵੇ।
ਬੋਲੀ ਸ਼ਾਇਰ ਬੰਦੂਕ ਦਾ ਫਾਇਰ ਹੋਵੇ,
ਕਿਸੇ ਕੋਬਰੇ ਨਾਗ ਦੀ ਫਣੀ ਹੋਵੇ।
"ਨੀਲੋਂ" ਕਰੇ ਪਰਨਾਮ ਲਿਖਾਰੀਆਂ ਨੂੰ,
ਜੀਹਦੀ ਕਲਮ ਨਾਲ ਆਸ਼ਕੀ ਬਣੀ ਹੋਵੇ।

*ਪਿੰਡ ਤੇ ਡਾਕ-ਨੀਲੋਂ ਕਲਾਂ, ਲੁਧਿਆਣਾ*
*ਫੋਨ ਘਰ-੦੧੬੨੮-੨੬੬੬੯੪੮*



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

**Superior Quality**

**SINGLE BARREL**

**&**

**DOUBLE BARREL**

B.L.–12 Bore

**GUNS**

**MODERN GUN WORKS**

**OPP. : INDUSTRIAL ESTATE,**

**JAMMU CANTT.**





Namdhari Elibrary NamdhariElibrary@gmail.com

ਡਾਇਰੀ ਕੌਮੀ ਲਹਿਰ (ਪਹਿਲੀ ਕਿਸ਼ਤ)

# ਆਜ਼ਾਦੀ ਸੰਗਰਾਮ ਵਿੱਚ ਜਨਵਰੀ ਦਾ ਮਹੀਨਾ

*—ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ*

**ਜਨਵਰੀ ੧੯੧੫ ਮੰਡੀ ਸਾਜ਼ਿਸ਼ ਕੇਸ: ਰਿਆਸਤ 'ਚ ਗ਼ਦਰੀ ਸਰਗਰਮੀਆਂ ਦੀ ਸ਼ੁਰੂਆਤ:**

ਮਾਰਚ-ਅਪ੍ਰੈਲ ੧੯੧੭ ਵਿਚ ਚਲਾਏ ਗਏ ਦੋ ਮੰਡੀ ਸਾਜ਼ਿਸ਼ ਮੁਕਦਮਿਆਂ ਦੌਰਾਨ ਇਹ ਕਿਹਾ ਗਿਆ ਕਿ ਰਿਆਸਤ ਦੇ ਸ਼ਾਹੀ ਪਰਿਵਾਰ ਦੇ ਮੀਆਂ ਜਵਾਹਰ ਸਿੰਘ, ਉਹਦੇ ਬੇਟੇ ਤੇ ਕੁਝ ਹੋਰ ਉਥੋਂ ਦੇ ਵਿਅਕਤੀਆਂ ਦਾ ਸਹਿਯੋਗ ਪ੍ਰਾਪਤ ਕਰਕੇ ਬਾਬਾ ਨਿਧਾਨ ਸਿੰਘ (ਚੁਘਾ - ਫਿਰੋਜ਼ਪੁਰ) ਤੇ (ਸ਼ਹੀਦ) ਸੁਰਜਨ ਸਿੰਘ (ਫਤਿਹਗੜ੍ਹ - ਹੋਸ਼ਿਆਰਪੁਰ) ਦੁਆਰਾ ਗ਼ਦਰ ਪਾਰਟੀ ਨਾਲ ਤਾਲਮੇਲ ਕਰ ਲੈਣ ਉਪਰੰਤ ਵਡੇਰੀ ਸਾਜ਼ਿਸ਼ ਦੀਆਂ ਤਿਆਰੀਆਂ ਵਿਢੀਆਂ ਗਈਆਂ ਸਨ: ਪਹਿਲਾਂ ਬੰਬ-ਅਸਲ੍ਹਾ ਜੁਟਾਕੇ ਰਿਆਸਤ ਦੇ ਪੁਲੀਸ ਮੁੱਖੀ ਤੇ ਵਜ਼ੀਰ ਨੂੰ ਕਤਲ ਕਰਨਾ ਸੀ ਤੇ ਫਿਰ ਰਿਆਸਤ ਦੇ ਅਸਲ੍ਹਾਖਾਨੇ ਤੇ ਖਜ਼ਾਨੇ 'ਤੇ ਕਬਜ਼ਾ ਕਰਕੇ, ਇਹਨਾਂ ਸਾਧਨਾਂ ਦੇ ਬਲਬੂਤੇ ਪੂਰੀ ਰਿਆਸਤ ਨੂੰ ਰਜਵਾੜਾਸ਼ਾਹੀ ਤੋਂ ਮੁਕਤ ਕਰਾਉਣਾ ਸੀ।

ਲਾਹੌਰ ਸਾਜ਼ਿਸ਼ ਕੇਸ (ਦੂਸਰਾ ਸਪਲੀਮੈਂਟਰੀ) ਵਿਚ "ਮੰਡੀ ਸਾਜ਼ਿਸ਼" (Mandi Plot) ਦਾ ਉਚੇਚਾ ਉਲੇਖ ਕੀਤਾ ਗਿਆ ਹੈ; ਏਸ ਸਾਜ਼ਿਸ਼ ਵਿਚ ਫਤਿਹਗੜ੍ਹ - ਮੰਡੀ ਦੋਬੀਆਨ ਵਿਚ ਇਹਨਾਂ ਗਦਰੀਆਂ ਦਾ ਜ਼ਿਕਰ ਹੈ—

ੳ) (ਸ਼ਹੀਦ) ਬਾਬੂ ਰਾਮ

ਅ) (ਸ਼ਹੀਦ) ਸੁਰਜਨ ਸਿੰਘ

ੲ) (ਸ਼ਹੀਦ) ਹਰਨਾਮ ਚੰਦ ਉਰਫ਼ ਨਾਮਾ

ਸ) ਫਜ਼ਲ ਦੀਨ (ਚਾਰੇ ਫ਼ਤਿਹਗੜ੍ਹ - ਹੋਸ਼ਿਆਰਪਰ ਦੇ ਸਨ)

ਹ) ਬਾਬਾ ਨਿਧਾਨ ਸਿੰਘ (ਚੁਘਾ - ਫਿਰੋਜ਼ਪੁਰ)

ਤੇ ਕ) ਬਾਬਾ ਅਮਰ ਸਿੰਘ (ਕੋਟਲਾ ਨੌਧ ਸਿੰਘ - ਹੋਸ਼ਿਆਰਪੁਰ)

ਪਹਿਲੇ ਤੇ ਦੂਜੇ ਮੰਡੀ ਸਾਜ਼ਿਸ਼ ਕੇਸਾਂ ਵਿਚ ਸੁਨਾਈਆਂ ਗਈਆਂ ਸਜ਼ਾਵਾਂ:

੧) ਮੀਆਂ ਜਵਾਹਰ ਸਿੰਘ, ਪਿੰਡ ਸੈਨੀ-ਮੋਰੀ: ਉਮਰ ਕੈਦ ਕਾਲਾ ਪਾਣੀ ਤੇ *ਜਾਇਦਾਦ ਜ਼ਬਤੀ*

੨) ਬਦਰੀ ਸਪੁੱਤਰ ਮੀਆਂ ਜਵਾਹਰ ਸਿੰਘ: ੧ ਸਾਲ ਸਖਤ ਕੈਦ ਤੇ *ਜਾਇਦਾਦ ਜ਼ਬਤੀ*

੩) ਜਵਾਹਰ ਸਪੁੱਤਰ ਜਿੰਦੂ, ਪਿੰਡ ਬਗਸੂ: ੫ ਸਾਲ ਸਖਤ ਕੈਦ ਤੇ *ਜਾਇਦਾਦ ਜ਼ਬਤੀ*

੪) ਲੰਭੂ ਉਰਫ਼ ਰਾਮ ਦਾਸ ਸਪੁੱਤਰ ਟਿਕੂ, ਰੰਗਰੇਜ਼, ਪਿੰਡ ਨਗਰ: ੧੪ ਸਾਲ ਸਖਤ ਕੈਦ ਕਾਲਾ ਪਾਣੀ ਤੇ *ਜਾਇਦਾਦ ਜ਼ਬਤੀ*

੫) ਸਿਧੂ (ਦੂਜਾ) ਸਪੁੱਤਰ ਫਕੀਰ ਪਿੰਡ ਬਗਸੂ: ੩ ਸਾਲ ਸਖਤ ਕੈਦ ਤੇ *ਜਾਇਦਾਦ ਜ਼ਬਤੀ*

੬) ਸਿਧੂ (ਪਹਿਲਾ) (ਸਪਲੀਮੈਂਟਰੀ ਕੇਸ) : ਉਮਰ ਕੈਦ ਕਾਲਾ ਪਾਣੀ ਤੇ *ਜਾਇਦਾਦ ਜ਼ਬਤੀ*

**ਜਨਵਰੀ-ਮਾਰਚ ੧੯੨੯ : ਐੱਚ.ਐਸ.ਆਰ.ਏ. ਦਾ ਆਗਰਾ ਚਿੰਤਨ ਤੇ ਬੰਬ-ਸਾਜ਼ੀ:**

ਸਾਂਡਰਸ ਦੀ ਹੱਤਿਆ ਦੇ ਕੁੱਝ ਹੀ ਦਿਨ ਪਿੱਛੋਂ ਕਲਕੱਤਾ ਵਿਖੇ ਕਾਂਗਰਸ ਸੈਸ਼ਨ ਦੌਰਾਨ (ਸ਼ਹੀਦ) ਜਤੀਨ ਦਾਸ ਦਾ ਬੰਬ-ਮਾਹਿਰ ਵਜੋਂ ਸਹਿਯੋਗ ਪ੍ਰਾਪਤ ਕਰਕੇ, ਉਹਦੀ ਸਲਾਹ ਤੇ ਆਗਰਾ ਸ਼ਹਿਰ ਦੀ ਇਸ ਕਾਰਜ ਲਈ ਅੱਡੇ ਵਜੋਂ ਚੋਣ ਕੀਤੀ ਗਈ ਸੀ। ੧੯੨੯ ਤੇ ਪਹਿਲੇ ਤਿੰਨ ਮਹੀਨੇ, ਆਪਣੀਆਂ ਡੇਢ ਸੌ ਦੇ ਲਗਭਗ ਕਿਤਾਬਾਂ ਤੇ ਪੜ੍ਹਨ ਦੀ ਵਿਹਲ ਅਤੇ ਸਾਰੇ ਪ੍ਰਮੁੱਖ ਆਗੂਆਂ ਦੀ ਉੱਥੇ ਮੌਜੂਦਗੀ ਦਾ ਲਾਹਾ ਲੈਂਦਿਆਂ, ਸਾਂਡਰਸ ਦੀ ਹੱਤਿਆ ਦੇ ਚਾਹੇ-ਅਣਚਾਹੇ ਸਿਟਿਆਂ ਦੀ ਪੜਚੋਲ ਸਮੀਖਿਆ ਕੀਤੀ ਗਈ ਤੇ ਅਗਲੇਰੀ ਰਣਨੀਤੀ ਬਾਰੇ ਗਹਿਗਚ ਸੰਵਾਦ-ਵਿਵਾਦ ਹਫ਼ਤਿਆਂ ਤੱਕ ਚਲਦਾ ਰਿਹਾ। ਇਸ ਮੰਥਨ ਦਾ ਨਤੀਜਾ ੮ ਅਪ੍ਰੈਲ ੧੯੨੯ ਦਾ ਅਸੈਂਬਲੀ ਬੰਬ ਧਮਾਕਾ ਸੀ, ਜਿਸ ਦੁਆਰਾ, ਇਹ ਗਿਣਤੀ ਦੇ ਨੌਜਵਾਨ ਤੇ ਇਹਨਾਂ ਦਾ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਰਾਜਸੀ ਮੁੱਖ-ਧਾਰਾ ਤੇ ਹਾਵੀ ਹੋਣਾ ਸ਼ੁਰੂ ਹੋ ਗਿਆ ਸੀ; ਇਨ੍ਹਾਂ ਦੁਆਰਾ ਉਭਾਰੇ ਗਏ ਮੁੱਦੇ ਲਗਭਗ ਦੋ ਸਾਲ ਵਿਸ਼ਾਲ ਕੌਮੀ ਚਰਚਾ ਦਾ ਕੇਂਦਰ ਬਿੰਦੂ ਬਣੇ ਰਹੇ ਤੇ ਪਿੱਛੋਂ ਜਾਕੇ ਵੀ ਇਨ੍ਹਾਂ ਦਾ ਪ੍ਰਭਾਵ ਜਾਰੀ ਰਿਹਾ, ਜੋ ਅੱਜ ਤੱਕ ਵੇਖਿਆ ਜਾ ਸਕਦੈ।

**੧ ਜਨਵਰੀ ੧੯੨੫: ਐੱਚ.ਆਰ.ਏ. ਦਾ ਮੈਨੀਫੈਸਟੋ ਦੀ ਰੈਵੋਲਿਊਸ਼ਨਰੀ ਦਾ ਪ੍ਰਸਾਰ:**

ਕਾਕੋਰੀ ਸਾਜ਼ਿਸ਼ ਕੇਸ ਬਾਰੇ ਅੰਵੱਧ ਹਾਈ ਕੋਰਟ ਵਿਚ ਦਾਇਰ ਕੀਤੀ ਗਈ ਅਪੀਲ ਦੇ ਫ਼ੈਸਲੇ ਦੀ ਸ਼ੁਰੂਆਤ ਹੈ: *ਦੀ ਰੈਵੋਲਿਊਸ਼ਨਰੀ* - ਇਨਕਲਾਬੀ ਪਾਰਟੀ ਦਾ ਤਰਜਮਾਨ — ਪਹਿਲੀ ਜਨਵਰੀ ੧੯੨੫ ਨੂੰ ਜਾਰੀ ਕੀਤਾ ਗਿਆ।"

*ਹਿੰਦੋਸਤਾਨ ਰਿਪਬਲਿਕਨ ਐਸੋਸੀਏਸ਼ਨ* ਨੇ *ਸਮਾਜਵਾਦੀ ਅਸੂਲਾਂ* ਦੇ ਅਧਾਰ ਤੇ ਇਕ ਨਵਾਂ ਸਮਾਜ



Namdhari Elibrary NamdhariElibrary@gmail.com

ਉਸਾਰਨ ਦਾ ਟੀਚਾ ਮਿਥਿਆ; ਉਂਜ ਆਪਣੇ ਵਿਕਾਸ ਦੇ ਮੁੱਢਲੇ ਪੜਾਅ ਤੇ ਹੀ ਐੱਚ.ਆਰ.ਏ. ਨੂੰ ਵੱਡੇ ਸੰਕਟ ਦਾ ਸਾਹਮਣਾ ਕਰਨਾ ਪੈ ਗਿਆ ਸੀ ਕਿਉਂਕਿ ੧੯੨੫ ਦੇ ਕਾਕੋਰੀ ਸਾਜ਼ਿਸ਼ ਕੇਸ ਵਿਚ ਇਸਦੇ ਲਗਭਗ ਸਾਰੇ ਮੁੱਖ ਆਗੂ ਫੜ ਲਏ ਗਏ ਸੀ। ਏਸ ਕਰਕੇ ਗ੍ਰਿਫਤਾਰੀਓਂ ਬਚੇ ਨੌਜਵਾਨਾਂ ਲਈ ਚੁਨੌਤੀ ਇਹ ਸੀ ਕਿ ਇਨਕਲਾਬੀ ਲਹਿਰ ਵਿਚ ਇੱਕ ਨਵੀਂ ਰੂਹ ਫੂਕੀ ਜਾਏ, ਜੋ ਸਤੰਬਰ ੧੯੨੮ ਵਿਚ ਜਾਕੇ ਨੇਪਰੇ ਚੜ੍ਹੀ; ਐੱਚ.ਐਸ.ਆਰ.ਏ. ਨੇ ਉਸ ਮੌਕੇ ਕੋਈ ਮੈਨੀਫੈਸਟੋ ਪ੍ਰਸਤੁਤ ਨਹੀਂ ਕੀਤਾ ਜੋ ਕਾਫੀ ਪਛੜ ਕੇ ਭਾਵ ਦਸੰਬਰ ੧੯੨੯ ਦੇ ਲਾਹੌਰ ਕਾਂਗਰਸ ਸੈਸ਼ਨ ਦੌਰਾਨ ਜਾਰੀ ਕੀਤਾ ਗਿਆ ਸੀ, ਪਰ ਏਸ ਨਵੀਂ ਜੱਥੇਬੰਦੀ ਦੇ ਸਾਰੇ ਠਿਕਾਣਿਆਂ ਤੇ ਦੀ ਰੈਵੋਲਿਊਸ਼ਨਰੀ ਦੀਆਂ ਕਾਪੀਆਂ ਮਿਲਣ ਦੇ ਅਧਾਰ ਤੇ ਇਹ ਸਹਿਜੇ ਹੀ ਕਿਹਾ ਜਾ ਸਕਦੈ ਕਿ ਇਸ ਦਸਤਾਵੇਜ਼ ਨੂੰ ਹੀ ਉਨ੍ਹਾਂ ਵੱਲੋਂ ਮੈਨੀਫੈਸਟੋ ਮੰਨਿਆ ਜਾਂਦਾ ਰਿਹੈ।

**੨ ਜਨਵਰੀ ੧੯੩੯: ਪ੍ਰਸਿੱਧ ਇਨਕਲਾਬੀ ਹਜ਼ਾਰਾ ਸਿੰਘ ਦੀ ਟਾਟਾਨਗਰ ਵਿਖੇ ਸ਼ਹੀਦੀ :**

ਹਜ਼ਾਰਾ ਸਿੰਘ ਉਰਫ਼ ਬੰਤਾ ਸਿੰਘ ਸਪੁੱਤਰ ਸ੍ਰੀ ਰਾਜਾ ਸਿੰਘ, ਪਿੰਡ ਭਾਲੜੀ, ਡਾਕਖਾਨਾ ਨੂਰਪੁਰ ਤਹਿਸੀਲ (ਹੁਣ) ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼ ਦੇ ਏਸ ਜਮਪਲ ਨੂੰ ੧੯੩੧ 'ਚ ਰਾਜਸੀ ਸਾਜ਼ਿਸ਼ ਦੇ ਜੁਰਮ ਵਿਚ ਫੜੇ ਜਾਣ ਤੇ ਲਾਹੌਰ ਕਿਲ੍ਹੇ ਦੀ ਜੇਲ੍ਹ ਵਿਚ ਰੱਖਿਆ ਗਿਆ, ਜਿਥੋਂ ਇਹ ਭੱਜ ਨਿਕਲਿਆ। ਦੱਖਣੀ ਭਾਰਤ ਪਹੁੰਚ ਕੇ ਹੋਰ ਇਨਕਲਾਬੀ ਸਾਥੀਆਂ ਨਾਲ ਰੱਲਕੇ ਉਟਾਕਮੰਡ ਬੈਂਕ ਡਾਕੇ ਦੇ ਜੁਰਮ ਵਿਚ ੭.੭.੧੯੩੩ ਨੂੰ ੧੦ ਸਾਲ ਸਖਤ ਕੈਦ ਦੀ ਸਜ਼ਾ ਪਾਕੇ ਰਾਜਾਮੁੰਦਰੀ ਜੇਲ੍ਹ ਭੇਜ ਦਿੱਤਾ ਗਿਆ, ਜਿਥੋਂ ਆਪਣੇ ਇਕ ਸਾਥੀ ਪ੍ਰੇਮ ਪ੍ਰਕਾਸ਼ ਸਮੇਤ ਫ਼ਰਾਰ ਹੋਇਆ, ਪਰ ਅਗਲੇ ਦਿਨ ਹੀ ਫੜ ਲਿਆ ਗਿਆ। ਫਿਰ ਇਸ ਨੂੰ ੧੯੩੪ ਵਿਚ ਅੰਡੇਮਾਨ ਭੇਜ ਦਿੱਤਾ ਗਿਆ ਤੇ ੧੯੩੭-੩੮ ਵਿਚ ਉਥੋਂ ਰਿਹਾ ਹੋਣ ਪਿੱਛੋਂ ਟਾਟਾਨਗਰ ਮਜ਼ਦੂਰ ਲਹਿਰ ਵਿਚ ਸਰਗਰਮ ਹੋ ਗਿਆ, ਜਿੱਥੇ ਇਕ ਹੜਤਾਲ ਦੌਰਾਨ ਮਿਲ-ਮਾਲਕਾਂ ਦੀ ਸ਼ਹਿ ਤੇ ਇਸ ਸੂਰਬੀਰ ਨੂੰ ੨.੧.੧੯੩੯ ਨੂੰ ਟਰੱਕ ਦੇ ਹੇਠਾਂ ਦਰੜ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

**੫ ਜਨਵਰੀ ੧੯੧੭: ਲਾਹੌਰ ਸਾਜ਼ਿਸ਼ ਕੇਸ (ਸੱਪਲੀਮੈਂਟਰੀ-ਦੂਸਰੇ) ਦਾ ਫੈਸਲਾ:**

ਇਸ ਕੇਸ ਅਨੁਸਾਰ ਹੇਠ ਲਿਖੇ ਪੰਜ ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਨਾਈ ਗਈ ਸੀ:

੧) ਹਾਫ਼ਿਜ਼ ਅਬਦੁੱਲਾ ਸਪੁੱਤਰ ਸ੍ਰੀ ਨਿਜ਼ਾਮ ਦੀਨ, ਜਗਰਾਉਂ (ਲੁਧਿਆਣਾ)

੨) (ਡਾ.) ਰੂੜ ਸਿੰਘ ਉਰਫ਼ ਅਰੂੜ ਸਿੰਘ ਸਪੁੱਤਰ ਪਾਲ ਸਿੰਘ, ਪਿੰਡ ਸੰਘੋਵਾਲ (ਜਲੰਧਰ)

੩) (ਭਾਈ) ਬਲਵੰਤ ਸਿੰਘ ਸਪੁੱਤਰ ਸ੍ਰੀ ਬੁੱਧ ਸਿੰਘ (ਖੁਰਦਪੁਰ - ਜਲੰਧਰ)

੪) ਬਾਬੂ ਰਾਮ ਸਪੁੱਤਰ ਗਾਂਧੀ (ਪਿੰਡ ਫਤਿਹਗੜ੍ਹ, ਹੋਸ਼ਿਆਰਪੁਰ)

੫) ਹਰਨਾਮ ਚੰਦ ਉਰਫ਼ ਨਾਮਾ (ਪਿੰਡ ਫਤਿਹਗੜ੍ਹ, ਹੋਸ਼ਿਆਰਪੁਰ)

ਹੇਠ ਲਿਖਿਆਂ ਨੂੰ ਉਮਰ ਕੈਦ ਕਾਲਾ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ —

੧) ਕਰਤਾਰ ਸਿੰਘ ਸਪੁੱਤਰ ਸੁੰਦਰ ਸਿੰਘ (ਨਵਾਂ ਚੰਦ - ਮੋਗਾ)

੨) ਮੁਨਸ਼ਾ ਸਿੰਘ ਦੁਖੀ ਸਪੁੱਤਰ ਸ੍ਰੀ ਨਿਹਾਲ ਸਿੰਘ (ਜੰਡਿਆਲਾ, ਜਲੰਧਰ)

੩) ਕਿਹਰ ਸਿੰਘ ਸਪੁੱਤਰ ਸ੍ਰੀ ਬਘੇਲ ਸਿੰਘ (ਸਾਹਨੇਵਾਲ, ਲੁਧਿਆਣਾ)

ਬਾਕੀ ਦਿਆਂ ਚੋਂ —

੧) ਬਤਨ ਸਿੰਘ ਉਰਫ਼ ਆਤਮਾ ਸਿੰਘ, ਸਪੁੱਤਰ ਸ੍ਰੀ ਮਿਹਰ ਸਿੰਘ (ਕਾਹਰੀ - ਹੋਸ਼ਿਆਰਪੁਰ)

੨) ਫ਼ਜ਼ਲ ਦੀਨ ਸਪੁੱਤਰ ਸ੍ਰੀ ਨੂਰਾ (ਫਤਿਹਗੜ੍ਹ, ਹੋਸ਼ਿਆਰਪੁਰ)

੩) ਹਰੀ ਸਿੰਘ ਸਪੁੱਤਰ ਸ੍ਰੀ ਭੀਕਾ ਸਿੰਘ (ਛੋਟੀਆਂ ਢਾਬਾਂ, ਥਾਨਾ ਬਾਘਾਪੁਰਾਣਾ, ਮੋਗਾ)

ਨੂੰ ਸੱਤ ਸੱਤ ਸਾਲ ਕਾਲਾ ਪਾਣੀ ਤੇ ਜਾਇਦਾਦ ਜ਼ਬਤੀ ਅਤੇ ਅਮਰ ਸਿੰਘ ਸਪੁੱਤਰ ਸ੍ਰੀ ਬੂਟਾ ਸਿੰਘ (ਕੋਟਲਾ ਨੌਧ ਸਿੰਘ, ਹੋਸ਼ਿਆਰਪੁਰ) ਨੂੰ ਦੋ ਸਾਲ ਦੀ ਸਖਤ ਕੈਦ ਹੋਈ ਸੀ। ਕੁਲ ੧੭ ਦੋਸ਼ੀਆਂ ਚੋਂ ਸਿਰਫ਼ ਤਿੰਨਾਂ ਨੂੰ ਹੀ ਬਰੀ ਕੀਤਾ ਗਿਆ ਸੀ :—

੧) ਬਿਸ਼ਨ ਸਿੰਘ ਉਰਫ਼ ਹੁਕਮ ਸਿੰਘ ਸਪੁੱਤਰ ਸ੍ਰੀ ਮਹਿਣਾ ਸਿੰਘ (ਮਰਹਾਨਾ - ਤਰਨ ਤਾਰਨ)

੨) ਦਲੀਪ ਸਿੰਘ ਸਪੁੱਤਰ ਦਿਆਲ ਸਿੰਘ (ਬਹੂਵਾਲ - ਹੋਸ਼ਿਆਰਪੁਰ)

ਤੇ ੩) ਦਿਆਲ ਸਿੰਘ ਸਪੁੱਤਰ ਸ੍ਰੀ ਸੇਵਾ ਸਿੰਘ (ਮਲੋਵਾਲ - ਤਰਨਤਾਰਨ)

**੯ ਜਨਵਰੀ ੧੯੨੩ : ਨਾ-ਮਿਲਵਰਤਨ ਅੰਦੋਲਣ ਦੌਰਾਨ ਚੌਰਾ-ਚੌਰੀ ਕਾਂਡ ਵਿਚ ੧੭੫ ਨੂੰ ਫਾਂਸੀ ਦੇ ਹੁਕਮ:**

ਯੂ.ਪੀ. ਦੇ ਗੋਰਖਪੁਰ ਜ਼ਿਲ੍ਹੇ ਵਿਚ ੫ ਫਰਵਰੀ ੧੯੨੨ ਨੂੰ ਸੱਤਿਆਗਰਹੀਆਂ ਦੇ ਜਲੂਸ 'ਚ ਸ਼ਾਮਿਲ ਭੀੜ ਦੀ ਪੁਲੀਸ ਨਾਲ ਝੜਪ ਹੋ ਜਾਣ ਤੇ ਪੁਲੀਸ ਨੇ ਅਨ੍ਹੇਵਾਹ ਗੋਲੀਆਂ ਚਲਾਈਆਂ ਜਿਸ ਨਾਲ ਤਿੰਨ ਹਲਾਕ ਤੇ ਕਿੰਨੇ ਹੋਰ ਜ਼ਖ਼ਮੀ ਹੋਏ; ਪੁਲੀਸ ਵਾਲੇ ਕਾਰਤੂਸ ਮੁਕ ਜਾਣ ਤੇ ਥਾਨੇ ਅੰਦਰ ਜਾ



Namdhari Elibrary NamdhariElibrary@gmail.com

ਲੁਕੇ ਤੇ ਅੰਦਰੋਂ ਫਾਟਕ ਬੰਦ ਕਰ ਲਿਆ: ਕੋਈ ੫੦੦੦ ਦੀ ਭੀੜ ਨੇ ਰੋਹ ਵਿਚ ਆ ਕੇ ਥਾਨੇ ਦੀ ਇਮਾਰਤ ਨੂੰ ਅੱਗ ਲਾ ਦਿੱਤੀ, ਜਿਸ ਨਾਲ ੨੨ ਪੁਲੀਸ ਵਾਲੇ ਜ਼ਿੰਦਾ ਸੜ ਗਏ; ਸੈਸ਼ਨ ਅਦਾਲਤ ਨੇ ੯.੧.੧੯੨੩ ਨੂੰ ੧੭੫ ਨੂੰ ਫਾਂਸੀ ਦਾ ਹੁਕਮ ਸੁਣਾਇਆ। ਹਾਈ ਕੋਰਟ ਅਲਾਹਾਬਾਦ ਨੇ ਅਪੀਲ ਵਿਚ ੧੯ ਨੂੰ ਛੱਡ ਕੇ ਬਾਕੀਆਂ ਦੀ ਸਜ਼ਾ ਘਟਾ ਕੇ ਉਮਰ ਕੈਦ - ਕਾਲਾ ਪਾਣੀ ਕਰ ਦਿੱਤੀ ਸੀ। ਇਹਨਾਂ ੧੯ ਨੂੰ ੨.੭.੧੯੨੩ ਨੂੰ ਗੋਰਖਪੁਰ ਜੇਲ੍ਹ ਵਿਚ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ। ਉਧਰ ਗਾਂਧੀ ਜੀ ਨੇ ਬਗੈਰ ਕਿਸੇ ਹੋਰ ਆਗੂ ਨਾਲ ਸਲਾਹ ਕੀਤਿਆਂ ਪੂਰੀ ਚੜ੍ਹਤ ਵਿਚ ਆਏ ਇਸ ਜਨ-ਅੰਦੋਲਣ ਨੂੰ ਏਕ ਦਮ ਬਰੇਕਾਂ ਲਾ ਦਿੱਤੀਆਂ ਤੇ ਵਿਆਪਕ ਫ਼ਿਰਕੂ ਫ਼ਸਾਦ ਭੜਕ ਪਏ।

**੧੧ ਜਨਵਰੀ ੧੯੧੫: ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ:**

ਬਦਨਾਮ ਸੂਹੀਏ ਹੋਪਕਿਨਸਨ ਦੀ ੨੧.੧੦.੧੯੧੪ ਵੈਨਕੂਵਰ ਕਚਹਿਰੀਆਂ ਵਿਚ ਹੱਤਿਆ ਦੇ ਦੋਸ਼ ਵਿਚ ਇਸ ਸੂਰਬੀਰ ਨੂੰ ੧੧ ਜਨਵਰੀ ੧੯੧੫ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ। ਇਹ ਹੋਪਕਿਨਸਨ ਹੀ ਸੀ, ਜਿਹਦੀ ਸ਼ਹਿ ਤੇ ਗਦਾਰ ਬੇਲਾ ਸਿੰਘ ਨੇ ੫ ਸਤੰਬਰ ੧੯੧੪ ਨੂੰ ਗੁਰਦੁਆਰੇ ਭਰੀ ਸੰਗਤ ਵਿਚ ਭਾਈ ਭਾਗ ਸਿੰਘ ਭਿਖੀਵਿੰਡ ਨੂੰ ਸ਼ਹੀਦ ਕੀਤਾ ਸੀ ਤੇ ਭਾਈ ਬਤਨ ਸਿੰਘ ਨੂੰ ਘਾਤਕ ਚੋਟਾਂ ਪੁਚਾਈਆਂ ਸਨ।

**੧੧ ਜਨਵਰੀ ੧੯੩੪ ਚਿਟਾਗਾਂਗ ਸਾਕੇ ਦੇ ਹੀਰੋ ਮਾਸਟਰ ਸੂਰਯਾ ਸੈਨ ਦੀ ਸ਼ਹੀਦੀ:**

ਚਿਟਾਗਾਂਗ (ਹੁਣ ਬੰਗਲਾ ਦੇਸ਼) ਦੇ ਪਹਾੜੀ - ਜੰਗਲੀ ਇਲਾਕੇ ਵਿਚ ੧੮ ਅਪ੍ਰੈਲ ੧੯੩੦ ਨੂੰ ਸਰਕਾਰੀ ਅਸਲ੍ਹਾਖਾਨੇ ਤੇ ਹੱਥ ਸਾਫ਼ ਕਰਕੇ ਵਿਢੇ ਗਏ ਹਥਿਆਰਬੰਦ ਵਿਦਰੋਹ ਦੀ ਕਮਾਨ *ਮਾਸਟਰ ਦਾ* ਦੇ ਹੱਥ ਸੀ। ਲੰਮੇ ਸੰਘਰਸ਼ ਪਿੱਛੋਂ ੧੬ ਫ਼ਰਵਰੀ ੧੯੩੩ ਨੂੰ ਗ੍ਰਿਫਤਾਰ ਹੋਏ ਤੇ ੧੧ ਜਨਵਰੀ ੧੯੩੪ ਵਾਲੇ ਦਿਨ ਫਾਂਸੀ ਲਾਕੇ ਸ਼ਹੀਦ ਕੀਤੇ ਗਏ।

**੧੭-੧੮ ਜਨਵਰੀ ੧੮੭੨: ੬੬ ਨਾਮਧਾਰੀ ਸਿੱਖਾਂ ਦਾ ਮਲੇਰਕੋਟਲਾ ਵਿਖੇ ਤੋਪਾਂ ਨਾਲ ਉਡਾਏ ਜਾਣਾ:**

ਰੋਹ ਵਿਚ ਆਏ *ਮਸਤਾਨਿਆਂ* ਨੇ ੧੫ ਜਨਵਰੀ ਨੂੰ ਮਲੇਰਕੋਟਲਾ ਰਿਆਸਤ ਦੇ ਖਜ਼ਾਨੇ ਅਤੇ ਅਸਲ੍ਹਾਖਾਨੇ ਤੇ ਹਮਲਾ ਕੀਤਾ; ਰਿਆਸਤੀ ਫ਼ੌਜ ਨਾਲ ਹੋਈ ਝੜਪ ਵਿਚ ਸੱਤ ਫ਼ੌਜੀ ਮਾਰੇ ਗਏ ਤੇ ੧੫ ਜ਼ਖ਼ਮੀ ਹੋਏ। ਦੂਜੇ ਪਾਸੇ ੮ ਨਾਮਧਾਰੀ ਸ਼ਹੀਦ ਤੇ ੨੯ ਫਟੜ ਹੋਏ ਜਿਨ੍ਹਾਂ ਵਿਚੋਂ ੭ ਨੂੰ ਗੰਭੀਰ ਸੱਟਾਂ ਲੱਗੀਆਂ ਸਨ। ਫ਼ੌਜ ਨਾਲ ਟੱਕਰ ਲੈਂਦੇ ਹੋਏ ਇਹ ਰੜ੍ਹ ਪਿੰਡ ਦੇ ਜੰਗਲ ਜਾ ਪਹੁੰਚੇ ਜਿਥੋਂ ਇਹਨਾਂ ਨੂੰ ੧੬ ਜਨਵਰੀ ਵਾਲੇ ਦਿਨ ਗ੍ਰਿਫਤਾਰ ਕਰਕੇ ਰਾਤੀਂ ਸ਼ੇਰਪੁਰ ਗੜ੍ਹੀ ਵਿਚ ਰਖ ਕੇ ਅਗਲੀ ਸ਼ਾਮ ਮਲੇਰਕੋਟਲਾ, ਲੁਧਿਆਣਾ ਦੇ ਡੀ.ਸੀ. ਕਾਵਨ ਦੇ ਪੇਸ਼ ਕਰ ਦਿੱਤਾ, ਜਿਸ ਨੇ ਪਹਿਲਾਂ ਤੋਂ ਹੀ ਇਹਨਾਂ ਸਾਰਿਆਂ ਨੂੰ ਤੋਪਾਂ ਨਾਲ ਉਡਾ ਦੇਣ ਲਈ ਸੱਤ ਤੋਪਾਂ ਬੀੜ ਰੱਖੀਆਂ ਸਨ। ਇਹਨਾਂ ਦੇ ਉੱਥੇ ਪਹੁੰਚਦਿਆਂ ਹੀ ਸੱਤਾਂ, ਸੱਤਾਂ ਦੀ ਟੋਲੀ ਨੂੰ ਤੋਪਾਂ ਨਾਲ ਉਡਾਣਾ ਸ਼ੁਰੂ ਕਰ ਦਿੱਤਾ। ੪੯ ਦੀ ਸ਼ਹੀਦੀ ਵੇਲੇ ਹਨੇਰਾ ਹੋ ਜਾਣ ਕਰਕੇ ਇਹ ਕਾਰਵਾਈ ਰੋਕ ਦਿੱਤੀ ਗਈ। ਇਸ ਦੌਰਾਨ ਬਾਲਕ ਬਿਸ਼ਨ ਸਿੰਘ ਨੂੰ ਡੀ.ਸੀ. ਨੇ ਕੋਲ ਸੱਦ ਕੇ ਮਾਫ਼ੀ ਮੰਗਣ ਲਈ ਕਿਹਾ ਤਾਂ ਉਸਨੇ ਡੀ.ਸੀ. ਦੀ ਲੰਮੀ ਸਾਰੀ ਦਾੜ੍ਹੀ ਨੂੰ ਅਜੇਹਾ ਘੁਟ ਕੇ ਫੜਿਆ ਕਿ ਅਖੀਰ ਉਹਨੂੰ ਤਲਵਾਰਾਂ ਨਾਲ ਸ਼ਹੀਦ ਕਰਾਕੇ ਹੀ ਦਮ ਲਿਆ।

ਇਸ ਲੇਖਕ ਦਾ ਏਹ ਸੁਭਾਗ ਹੀ ਹੈ ਕਿ ਇਹਨਾਂ ੬੬ ਸ਼ਹੀਦਾਂ ਦੀ ਟਕਸਾਲੀ ਸੂਚੀ ਉਸ ਨੇ ੨੭ ਅਪ੍ਰੈਲ ੨੦੦੫ ਨੂੰ ਪਟਿਆਲਾ ਰਿਆਸਤ ਦੇ ਮਿਸਲਖਾਨੇ 'ਚੋਂ ਪ੍ਰਾਪਤ ਕੀਤੀ ਸੀ। (ਹਵਾਲਾ: National Gallery of Portraits, Sector 17, Chandigarh)

**੧੯ ਜਨਵਰੀ ੧੯੩੫: ਸ: ਸੇਵਾ ਸਿੰਘ ਠੀਕਰੀਵਾਲਾ ਦੀ ਸ਼ਹੀਦੀ:**

ਇਕ ਰੱਜੇ-ਪੁਜੇ ਪਰਿਵਾਰ 'ਚੋਂ ਹੁੰਦਿਆਂ ਹੋਇਆ ਵੀ ਸੰਘਰਸ਼ਮਈ ਜੀਵਨ ਅਪਨਾਇਆ; ਰਜਵਾੜੇਸ਼ਾਹੀ, ਹਰ ਤਰ੍ਹਾਂ ਦੀ ਧੱਕੇਸ਼ਾਹੀ ਤੇ ਲੁਟ-ਖਸੁਟ ਵਿਰੁੱਧ ਲੋਕ ਘੋਲਾਂ ਦੀ ਅਗਵਾਈ ਕੀਤੀ। ਅਖੀਰ ਪਟਿਆਲਾ ਦੀ ਰਿਆਸਤੀ ਜੇਲ੍ਹ ਵਿਚ ਲੰਮੀ ਭੁਖ-ਹੜਤਾਲ ਪਿਛੋਂ ੧੯ ਜਨਵਰੀ ੧੯੩੫ ਨੂੰ ਸ਼ਹੀਦੀ ਪ੍ਰਾਪਤ ਕੀਤੀ।

**੨੬ ਜਨਵਰੀ ੧੯੩੦: ਕਾਂਗਰਸ ਦਾ ਪਹਿਲਾ ਆਜ਼ਾਦੀ ਦਿਵਸ ਤੇ ਇਨਕਲਾਬੀਆਂ ਵਲੋਂ 'ਬੰਬ ਦਾ ਫ਼ਲਸਫ਼ਾ'** (Philosophy of the Bomb):

ਲਾਹੌਰ ਵਿਖੇ ਦਸੰਬਰ ੧੯੨੯ ਨੂੰ ਕਾਂਗਰਸ ਨੇ ਆਪਣੇ ਸੈਸ਼ਨ ਦੌਰਾਨ ਆਉਂਦੀ ੨੬ ਜਨਵਰੀ ਨੂੰ 'ਆਜ਼ਾਦੀ ਦਿਵਸ' ਮਨਾਉਣ ਦਾ ਫ਼ੈਸਲਾ ਕੀਤਾ ਗਿਆ, ਜੋ ੧੯੪੭ ਤੱਕ ਸਾਲੋ-ਸਾਲ ਜਾਰੀ ਰਿਹਾ।

ਦੂਜੇ ਪਾਸੇ ਨੌਜਵਾਨ ਇਨਕਲਾਬੀਆਂ ਨੇ ਗਾਂਧੀ ਜੀ ਵਲੋਂ ੨੩ ਦਸੰਬਰ ੧੯੨੯ ਵਾਲੇ ਵਾਇਸਰਾਏ ਤੇ ਹਮਲੇ ਦੀ ਭਰਪੂਰ ਨਿਖੇਧੀ ਕਰਦਿਆਂ ਇਕ ਲੇਖ ਲਿਖਿਆ ਜਿਸ ਦਾ ਢੁਕਵਾਂ ਤੇ ਤਰਕਸੰਗਤ ਜਵਾਬ (ਸ਼ਹੀਦ) ਭਗਵਤੀ ਚਰਨ ਵੋਹਰਾ ਦੁਆਰਾ ਰਚਿਤ 'ਬੰਬ ਦਾ ਫ਼ਲਸਫ਼ਾ' ਰਾਹੀਂ ਦਿੱਤਾ ਗਿਆ ਸੀ, ਜੋ ੨੬ ਜਨਵਰੀ ਨੂੰ ਇਕੋ ਦਿਨ ਦੇਸ਼ ਦੇ ਕਈ ਸ਼ਹਿਰਾਂ ਵਿਚ ਵੱਡੀ ਗਿਣਤੀ ਵਿਚ ਵੰਡਿਆ ਗਿਆ ਸੀ।



Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

## ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

***Manufacturers :***

# Namdhari Sales

**10240/54, Library Road, Azad Market, Delhi-110006**

**Phone Office : 011-23516689, 011-23614784**

**Mobile Phone :** *S. Charanjit Singh 98105-56398*
*S. Satvinder Singh 9811655210*



Namdhari Elibrary NamdhariElibrary@gmail.com

# ਪੜ੍ਹਨ ਦੇ ਸ਼ੌਕ ਜਿਹਾ ਵਰਦਾਨ ਕੋਈ ਨਾ

—ਡਾ. ਸੁਰਿੰਦਰ ਮੰਡ



ਜਿਸ ਨੂੰ ਵੀ ਪੜ੍ਹਨ ਦਾ ਸ਼ੌਕ ਨਹੀਂ, ਉਹ ਅਸਲੀ ਅਨਪੜ੍ਹ ਹੈ। ਭਾਵੇਂ ਕਿ ਉਸਨੇ ਕੁਝ ਸਾਲ ਪਹਿਲਾਂ ਕੋਈ ਜਮਾਤਾਂ ਪਾਸ ਕਰ ਵੀ ਲਈਆਂ ਹੋਣ। ਉਹ ਜਮਾਤਾਂ, ਜੋ ਬਹੁਤੀ ਵਾਰ ਸਮਾਂ ਪਾ ਕੇ ਭੁੱਲ ਭਲਾ ਹੀ ਜਾਂਦੀਆਂ ਹਨ।

ਨਾ ਪੜ੍ਹਨ ਦੇ ਹੱਕ ਵਿਚ ਦਲੀਲਾਂ ਦੇਣ ਵਾਲਾ ਬੰਦਾ ਗਿਆਨ ਦਾ ਵੈਰੀ ਹੈ। ਵਿਰਾਸਤ ਦਾ ਦੁਸ਼ਮਣ ਹੈ। ਵੱਡ ਵਡੇਰਿਆਂ ਦੀ ਨਾਲਾਇਕ ਔਲਾਦ ਹੈ ਜੋ ਕਦੀ ਵਿਦਵਾਨ ਨਹੀਂ ਬਣ ਸਕਦੀ।

ਜਿਸ ਨੂੰ ਵੀ ਪੜ੍ਹਨ ਦਾ ਸ਼ੌਕ ਪੈਦਾ ਹੋ ਗਿਆ, ਸਮਝੋ ਕਿ ਹੁਣ ਤਕ ਬੰਦ ਗੁਫਾ ਵਿਚ ਤੜੇ ਰਹੇ ਬੰਦੇ ਲਈ ਉਹ ਖਿੜਕੀ ਖੁੱਲ੍ਹ ਗਈ ਹੈ ਜਿਸ ਥਾਣੀਂ ਉਸਨੂੰ ਸਾਰਾ ਸੰਸਾਰ ਨਜ਼ਰ ਆ ਸਕਦਾ ਹੈ। ਹੁਣ ਉਹ ਸੈਂਕੜੇ ਸਾਲ ਪਹਿਲਾਂ ਹੋ ਚੁੱਕੇ ਸਿਆਣੇ ਬੰਦਿਆਂ ਦੀ ਸੰਗਤ ਮਾਣ ਸਕਦਾ ਹੈ। ਉਹਨਾਂ ਦੀ ਸਾਰੀ ਘਾਲ ਕਮਾਈ ਨੂੰ ਬੈਠਾ ਬਿਠਾਇਆ ਹੀ ਪ੍ਰਾਪਤ ਕਰ ਸਕਦਾ ਹੈ। ਕਿਸੇ ਮਹਾਂਪੁਰਖ ਦੇ ਅਸਲੀ ਦਰਸ਼ਨ ਸਿਰਫ ਉਸ ਨੇ ਹੀ ਕੀਤੇ ਹਨ ਜਿਸਨੇ ਉਨਾਂ ਦੀਆਂ ਲਿਖਤਾਂ ਨੂੰ ਪੜ੍ਹਿਆ ਵਿਚਾਰਿਆ ਹੈ। ਬਾਕੀ ਦੁਨੀਆਂ ਨੇ ਸਿਰਫ ਫੋਟੋਆਂ ਦੇ ਰੰਗ ਵੇਖੇ ਹਨ ਹੋਰ ਕੁਝ ਨਹੀਂ।

ਪੜ੍ਹਾਈ ਦੇ ਸ਼ੌਕ ਵਾਲਾ ਆਪਣੇ ਆਪ ਦੀ ਕੈਦ ਵਿਚੋਂ ਮੁਕਤ ਹੋ ਸਕਦਾ ਹੈ। ਪੁਸਤਕਾਂ ਮਨੁੱਖ ਨੂੰ ਉਸਦੇ ਖੋਲ ਵਿਚੋਂ ਬਾਹਰ ਕੱਢਦੀਆਂ ਹਨ। ਉਹ ਆਪ ਹੀ ਐਸਾ ਕਲਾਕਾਰ ਬਣ ਜਾਂਦਾ ਹੈ ਜਿਹੜਾ ਆਪਣੀ ਤਸਵੀਰ ਨੂੰ ਬਣਾ ਹੀ ਨਹੀਂ ਸਗੋਂ ਬਦਲ ਵੀ ਸਕਦਾ ਹੈ। ਤਸਵੀਰ ਹੀ ਨਹੀਂ ਸਗੋਂ ਤਕਦੀਰ ਵੀ ਬਦਲ ਸਕਦਾ ਹੈ। ਕਿਉਂਕਿ ਕੁਦਰਤ ਨੇ ਉਸਨੂੰ ਤਕਦੀਰ ਬਣਾਉਣ ਲਈ ਬੁੱਧੀ ਬਖਸ਼ੀ ਸੀ ਤੇ ਬੁੱਧੀ ਨੂੰ ਜਗਾਉਣ ਦੀ ਹਿੰਮਤ ਅਤੇ ਲਗਨ ਉਸਨੇ ਖੁਦ ਪੈਦਾ ਕਰਨੀ ਸੀ।

ਕਿਤਾਬਾਂ ਤਾਂ ਕਾਗਜ਼ ਹਨ। ਇਹਨਾਂ ਨੂੰ ਜਿਊਂਦਾ ਕਰਨ ਵਾਲਾ ਪਾਠਕ ਹੈ। ਪਾਠਕ ਦੀ ਨਜ਼ਰ ਪੈਣ ਸਾਰ ਹੀ ਲਿਖਤ ਜਿਊਂਦੀ ਜਾਗਦੀ ਚੀਜ਼ ਬਣ ਜਾਂਦੀ ਹੈ। ਸਾਨੂੰ ਸੋਹਣੀ ਲਗਦੀ। ਸਾਨੂੰ ਪਰੇਰਦੀ। ਆਪਣੇ ਨਾਲ ਲੈ ਤੁਰਦੀ।

ਅਗਿਆਨਤਾ ਧਰਤੀ ਉਤੇ ਸਭ ਤੋਂ ਵੱਡਾ ਸਰਾਪ ਹੈ। ਅਗਿਆਨਤਾ ਦਾ ਮਾਰਿਆ ਬੰਦਾ ਹਰ ਪਾਸਿਓਂ ਥੋਥੜ ਹੈ। ਪੜ੍ਹਾਈ ਅਗਿਆਨਤਾ ਤੋਂ ਮੁਕਤ ਕਰਦੀ ਹੈ। ਪੜ੍ਹਨਾ ਕੁਦਰਤ ਵਲੋਂ ਸਾਨੂੰ ਬਖਸ਼ਿਸ਼ ਕੀਤੀਆਂ ਅੱਖਾਂ ਦਾ ਸਭ ਤੋਂ ਵਧੀਆ ਉਪਯੋਗ ਹੈ। ਅਗਿਆਨਤਾ ਤੋਂ ਗਿਆਨ ਵੱਲ ਨੂੰ ਸਫਰ ਕਰਨ ਵਿਚ ਪੜ੍ਹਨ ਦਾ ਸ਼ੌਕ ਸਭ ਤੋਂ ਕਾਰਗਰ ਵਸੀਲਾ ਹੈ। ਇਸ ਵਾਹਨ ਉੱਤੇ ਸਵਾਰੀ ਕਰਨ ਵਾਲੇ ਸਭ ਤੋਂ ਪਹਿਲਾਂ ਮੰਜਿਲ ਉੱਤੇ ਪਹੁੰਚੇ ਹਨ।

ਬੰਦਾ ਕੋਈ ਬਾਕੀ ਜੀਵ ਜੰਤੂਆਂ ਨਾਲੋਂ ਤਕੜਾ ਤਾਂ ਨਹੀਂ ਸੀ। ਸਗੋਂ ਬਹੁਤਿਆਂ ਨਾਲੋਂ ਤਾਂ ਕਮਜ਼ੋਰ ਹੀ ਸੀ। ਨਾ ਬਹੁਤਾ ਭੱਜ ਸਕੇ, ਨਾ ਉੱਡ ਸਕੇ, ਨਾ ਤਰ ਸਕੇ। ਇਹ ਤਾਂ ਇਸਦੀ ਬੁੱਧੀ ਦਾ ਕਮਾਲ ਹੈ ਕਿ ਇਹ ਸਾਰਿਆਂ ਉੱਤੇ ਭਾਰੂ ਹੋ ਗਿਆ ਹੈ।

ਬੁੱਧੀ ਹੀ ਮਨੁੱਖ ਦੀ ਅਸਲ ਤਾਕਤ ਹੈ। ਬੁੱਧੀ ਨਾਲ ਹੀ ਦੂਜਿਆਂ ਨੂੰ ਨਾਲ ਲਿਆ ਜਾ ਸਕਦਾ। ਹਿੰਮਤੀ ਬੁੱਧੀਮਾਨ ਇਕੱਲਾ ਨਹੀਂ ਹੁੰਦਾ, ਉਹ ਬਾਕੀ ਸਾਰਿਆਂ ਦੀ ਸ਼ਕਤੀ ਆਪਣੇ ਨਾਲ ਜੋੜ ਕੇ ਕੁਝ ਵੀ ਕਰ ਸਕਦਾ ਹੈ। ਪੜ੍ਹਨਾ ਬੁੱਧੀਮਤਾ ਦੀ ਸਭ ਤੋਂ ਵੱਡੀ ਖੁਰਾਕ ਹੈ।

ਕਿਸੇ ਦੀ ਸਰੀਰਕ ਤਾਕਤ ਵੀ ਓਨਾ ਚਿਰ ਕੋਈ ਚੰਗਾ ਸਿੱਟਾ ਨਹੀਂ ਕੱਢ ਸਕਦੀ, ਜਦ ਤਕ ਬੁੱਧੀ ਨਾਲ ਨਹੀਂ। ਕਬੁੱਧੀ ਦੇ ਹੱਥ ਵਿਚ ਜਿਹੜਾ ਵੀ ਹਥਿਆਰ ਆ ਗਿਆ, ਉਸ ਨਾਲ ਉਹ ਬਣਾਊ ਘੱਟ ਅਤੇ ਢਾਹੂ ਜ਼ਿਆਦਾ।

ਪੜ੍ਹਾਈ ਡਿਗਰੀਆਂ ਦਾ ਵੀ ਸੋਮਾ ਹੈ। ਡਿਗਰੀਆਂ ਜੋ ਮਨੁੱਖ ਦੇ ਸਮਾਜਕ ਰੁਤਬੇ ਵਿਚ ਵੱਡਾ ਯੋਗਦਾਨ ਪਾਉਂਦੀਆਂ ਹਨ। ਉਸਦੇ ਆਰਥਕ ਵਸੀਲਿਆਂ ਦਾ ਸਾਧਨ ਬਣਦੀਆਂ ਹਨ।

ਪੜ੍ਹਨ ਦਾ ਸ਼ੌਕ ਇਸਦੀ ਚੇਟਕ ਲੱਗਣ ਤੋਂ ਬਿਨਾ ਪੈਦਾ ਨਹੀਂ ਹੋ ਸਕਦਾ। ਜਿੰਨੇ ਵੀ ਲੋਕ ਪੜ੍ਹਨ ਦੀ ਰੁੱਚੀ ਰੱਖਦੇ ਹਨ, ਉਹਨਾਂ ਨੂੰ ਜ਼ਰੂਰ ਹੀ ਕਿਸੇ ਨੇ ਕਦੀ ਕੋਈ ਅਜਿਹੀ ਚੰਗੀ ਰਚਨਾ ਪੜ੍ਹਨ ਨੂੰ ਦਿੱਤੀ ਹੁੰਦੀ ਹੈ ਜੋ ਹੋਰ ਪੜ੍ਹਨ ਦੀ ਜਾਗ ਲਾਉਂਦੀ ਹੈ।

ਵਰਨਾ ਚੇਟਕ ਤਾਂ ਸਾਨੂੰ ਕੋਈ ਨਾ ਕੋਈ ਲੱਗਣੀ ਹੀ ਲੱਗਣੀ ਹੁੰਦੀ ਹੈ। ਚੇਟਕ ਤੋਂ ਬਿਨਾ ਤਾਂ ਸਾਡਾ ਵਕਤ ਹੀ ਨਹੀਂ ਲੰਘਣਾ। ਕੋਈ ਮਾੜੀ ਚੇਟਕ ਲਾ ਦਊਗਾ–ਨਸ਼ਾ ਕਰਨ ਦੀ–ਅਵਾਰਾਗਰਦੀ ਦੀ–ਚੁਗਲੀ ਨਿੰਦਿਆ ਦੀ–ਵਖਾਵੇ ਦੀ ਜਾਂ ਕੋਈ ਵੀ ਹੋਰ। ਚੇਟਕ ਸਾਡੀ ਜ਼ਿਹਨੀ ਲੋੜ ਹੈ। ਚੰਗਾ ਹੈ ਆਪ ਨੂੰ ਆਪ ਹੀ ਚੇਟਕ ਲਾ ਲਓ। ਕਿਸੇ ਨੂੰ ਪੁਸਤਕ ਪੜ੍ਹਨ ਲਈ ਦੇਣਾ ਉਸ ਉੱਤੇ ਬਹੁਤ ਵੱਡਾ ਉਪਕਾਰ ਹੈ।

ਪੜ੍ਹਨ ਦਾ ਸ਼ੌਕੀਨ ਕਦੀ ਵੀ ਇਕੱਲਤਾ ਮਹਿਸੂਸ ਨਹੀਂ ਕਰਦਾ। ਨਾ ਸਫਰ ਵਿਚ, ਨਾ ਜੇਲ੍ਹ ਵਿਚ, ਨਾ ਘਰ ਵਿਚ। ਉਸਦਾ ਇਕੱਲ ਦਾ ਸਮਾਂ ਵੀ ਬੜਾ ਖੂਬਸੂਰਤ ਢੰਗ ਨਾਲ ਗੁਜ਼ਰਦਾ ਹੈ। ਪੁਸਤਕਾਂ ਨੂੰ ਕਈਆਂ ਨੇ ਵਧੀਆ ਦੋਸਤ ਨਾਲ ਸੰਗਿਆ ਦਿੱਤੀ ਹੈ।

ਸੁਹਜ ਤ੍ਰਿਪਤੀ ਤੋਂ ਬਿਨਾ ਜੀਵਨ ਬੋਝ ਵਰਗਾ ਲੱਗਣ ਲੱਗ ਪੈਂਦਾ ਹੈ। ਰੁੱਖਾ ਜਿਹਾ, ਅਕਾਊ ਜਿਹਾ। ਆਪਣਾ ਆਪ ਮਸ਼ੀਨ ਵਰਗਾ ਜਾਪਦਾ ਹੈ। ਸਾਹਿਤ ਦੀ ਪੜ੍ਹਾਈ ਮਨੁੱਖ ਅੰਦਰਲੀਆਂ ਸੂਖਮ ਭਾਵਨਾਵਾਂ ਨੂੰ ਜਗਾਉਂਦੀ ਹੈ।

ਪੜ੍ਹਨਾ ਗਿਆਨ ਵਿਚ ਵਾਧਾ ਕਰਦਾ ਹੈ। ਗਿਆਨ ਸਾਨੂੰ ਆਮ ਤੋਂ ਖਾਸ ਬਣਾਉਂਦਾ ਹੈ। ਗਿਆਨ ਅਮਲ ਦਾ ਮਾਰਗ ਦਰਸ਼ਕ ਹੈ। ਗਿਆਨ ਹੰਕਾਰ ਵਿਚ ਨਾ ਬਦਲ ਜਾਵੇ ਇਸ ਲਈ ਉਸਨੂੰ ਠੀਕ ਦ੍ਰਿਸ਼ਟੀ ਦੀ ਜ਼ਰੂਰਤ ਹੁੰਦੀ ਹੈ। ਦ੍ਰਿਸ਼ਟੀ ਦਰਸ਼ਨ ਤੋਂ ਮਿਲਦੀ ਹੈ ਜਿਸ ਦਾ ਸਭ ਤੋਂ ਵੱਡਾ ਦਿਲਚਸਪ ਖਜ਼ਾਨਾ ਸਾਹਿਤ ਹੈ।



Namdhari Elibrary NamdhariElibrary@gmail.com

ਅਕਲ ਅਤੇ ਗਿਆਨ ਦਾ ਸੋਮਾ ਇਕੱਲੀ ਪੜ੍ਹਾਈ ਨਹੀਂ ਸਗੋਂ ਸੁਣਨਾ, ਵੇਖਣਾ ਅਤੇ ਅਨੁਭਵ ਵੀ ਹੈ। ਅੱਖਰ ਗਿਆਨ ਤੋਂ ਬਗੈਰ ਕੁੱਲ ਜੀਵ ਜੰਤੂ ਵੀ ਤਾਂ ਜੀਵਨ ਬਸਰ ਕਰ ਹੀ ਰਹੇ ਹਨ। ਮਨੁੱਖ ਵੀ ਅੱਖਰ ਗਿਆਨ ਤੋਂ ਬਿਨਾ ਸਦੀਆਂ ਤੀਕ ਜੀਵਿਆ, ਅੱਗੇ ਵਧਿਆ ਹੈ। ਕਹਾਣੀਆਂ ਗੀਤ ਬਣਾਉਂਦਾ ਸਣਾਉਂਦਾ ਰਿਹਾ ਹੈ। ਪਰ ਹੁਣ ਅੱਖਰ ਗਿਆਨ ਨੇ ਵਿਕਾਸ ਦਾ ਦਾਇਰਾ ਬਹੁਤ ਚੌੜਾ ਅਤੇ ਚਾਲ ਤੇਜ਼ ਕਰ ਦਿੱਤੀ ਹੈ। ਅੱਖਰ ਗਿਆਨ ਨਾਲ ਅਨੁਭਵ ਨਿੱਜ ਤਕ ਸੀਮਤ ਨਾ ਰਹਿ ਕੇ ਵਿਸ਼ਵ ਵਿਆਪੀ ਹੋ ਗਿਆ ਹੈ, ਪੜ੍ਹਾਈ ਹੀ ਸਮੇਂ ਦਾ ਹਾਣੀ ਬਣਾ ਸਕਦੀ ਹੈ।

ਪੜ੍ਹਾਈ ਤੋਂ ਪ੍ਰਾਪਤ ਗਿਆਨ ਸਿਰਫ਼ ਸਾਹਮਣੇ ਦਿੱਸਦੀਆਂ ਵਸਤੂਆਂ ਘਟਨਾਵਾਂ ਤੱਕ ਹੀ ਨਹੀਂ ਅਟਕ ਜਾਂਦਾ ਸਗੋਂ ਸਾਨੂੰ ਅਕਾਲ ਮੂਰਤਿ ਬਣਾ ਕੇ ਕਹਿੰਦਾ ਹੈ, "ਲੈ ਬਈ ਮਿੱਤਰ, ਭਾਵੇਂ ਹਜ਼ਾਰਾਂ ਸਾਲ ਪਿੱਛੇ ਘੁੰਮ ਫਿਰ ਆ ਤੇ ਭਾਵੇਂ ਭਵਿੱਖ ਦੇ ਅੰਬਰੀ ਕਲਪਨਾ ਦੀ ਉਡਾਨ ਭਰ ਲਾ।"

ਗਿਆਨ ਸੁਣਨ ਤੱਕ ਹੀ ਰੁਕੇ ਬੈਠੇ ਬੰਦੇ ਨੂੰ ਸੁਣਾਉਣ ਦੇ ਸਮਰੱਥ ਵੀ ਬਣਾ ਦਿੰਦਾ ਹੈ। ਪੜ੍ਹੇ ਗੁੜ੍ਹੇ ਬੰਦੇ ਹੀ ਵਧੀਆ ਵਕਤਾ ਹੋਏ ਹਨ। ਜੋ ਮਨੁੱਖ ਪੜ੍ਹ ਸਕਦਾ ਹੈ ਪਰ ਪੜ੍ਹਦਾ ਨਹੀਂ ਉਹ ਐਸੇ ਮਲਾਹ ਵਰਗਾ ਹੈ ਜਿਹੜਾ ਆਪਣੀ ਬੇੜੀ ਨੂੰ ਕੰਢੇ ਨਾਲ ਬੰਨ੍ਹ ਕੇ ਉਮਰ ਭਰ ਬੈਠਾ ਰਿਹਾ। ਉਹ ਉਸ ਅਭਾਗੇ ਪੰਛੀ ਵਰਗਾ ਹੈ, ਜਿਸ ਕੋਲ ਖੰਭ ਤਾਂ ਹੈਗੇ ਸਨ ਪਰ ਉਸਨੇ ਕਦੀ ਉਡਾਨ ਨਹੀਂ ਭਰੀ। ਲੰਗੜੇ ਲੂਲੇ ਤਾਂ ਇਸ ਲਈ ਨਾ ਤੁਰੇ ਕਿ ਲੱਤਾਂ ਨਹੀਂ ਸਨ ਪਰ ਉਹ ਲੱਤਾਂ ਵਾਲਾ ਲੂਲਾ ਲੰਗੜਾ ਹੈ। ਉਸ ਉਤੇ ਘਰਦਿਆਂ ਅਤੇ ਅਧਿਆਪਕਾਂ ਦੀ ਕੀਤੀ ਸਾਰੀ ਮਿਹਨਤ ਅਜਾਈਂ ਗਈ ਹੈ। ਜਿਹੜਾ ਆਪਣੇ ਸਿਰ ਵਿਚਲੀ ਜਾਣਕਾਰੀ ਨੂੰ ਹਰ ਤਰ੍ਹਾਂ ਨਵਿਆਉਂਦਾ ਨਹੀਂ, ਉਹ ਛੱਪੜ ਟੋਭੇ ਦੇ ਪਾਣੀ ਵਾਂਗ ਇਕ ਬੁੱਸੀ ਹੋਈ ਸ਼ਖਸੀਅਤ ਹੁੰਦਾ ਹੈ। ਉਸ ਦੀਆਂ ਗੱਲਾਂ ਵਿਚ ਸੱਜਰਾਪਨ ਨਹੀਂ ਹੁੰਦਾ। ਉਸ ਦੀ ਗੱਲਬਾਤ ਬੇਹੀ ਦਾਲ ਸਬਜ਼ੀ ਵਰਗੀ ਹੁੰਦੀ ਹੈ। ਬਹੁਤੀ ਵਾਰ ਤਾਂ ਉਹ ਖਾਲੀ ਪਤੀਲੇ ਵਿਚ ਕੜਛੀ ਮਾਰ ਮਾਰ ਕੇ ਹੀ ਦਾਲ ਸਬਜ਼ੀ ਵਰਤਾਈ ਜਾਂਦਾ ਹੈ।

ਵਿਦਿਆਰਥੀ ਅਧਿਆਪਕ ਜੋ ਕੁਛ ਕਰਦੇ ਹਨ ਇਸਨੂੰ ਪੜ੍ਹਨ ਦਾ ਸ਼ੌਕ ਨਹੀਂ ਕਿਹਾ ਜਾ ਸਕਦਾ। ਇਹ ਤਾਂ ਮਜਬੂਰੀ ਦੀ ਖੇਡ ਹੈ। ਜਿਸਦਾ ਸਿਲੇਬਸ ਤੋਂ ਇਲਾਵਾ ਕੁਝ ਪੜ੍ਹਨ ਨੂੰ ਜੀਅ ਕਰੇ, ਉਸਨੇ ਹੀ ਉਮਰ ਭਰ ਪੜ੍ਹਨਾ ਹੈ। ਸਿਲੇਬਸ ਬਾਹਰਾ ਪੜ੍ਹਨ ਤੋਂ ਬਿਨਾ ਕਿਸੇ ਦੀ ਬਹੁਪੱਖੀ ਸ਼ਖਸੀਅਤ ਨਹੀਂ ਹੋ ਸਕਦੀ।

ਰਸਮੀ ਪੜ੍ਹਾਈ ਨੇ ਸਾਡੇ ਲਈ ਡਿਗਰੀ ਦਾ ਜੁਗਾੜ ਕਰਨ ਦੇ ਨਾਲ ਨਾਲ ਦੋ ਮੁੱਖ ਕੰਮ ਕਰਨੇ ਹੁੰਦੇ ਹਨ। ਇਕ ਪੜ੍ਹਨ ਦੀ ਜਾਚ ਸਿਖਾਉਣੀ ਤੇ ਦੂਜਾ ਪੜ੍ਹਾਈ ਦਾ ਸ਼ੌਕ ਜਗਾਉਣਾ। ਜਾਚ ਨਾਲ ਪੜ੍ਹਿਆ ਹੋਇਆ ਸਮਝ ਆਉਣਾ ਹੁੰਦਾ ਹੈ ਤੇ ਸ਼ੌਕ ਨਾਲ ਸਾਰੀ ਉਮਰ ਪੜ੍ਹਨ ਦਾ ਬਾਨ੍ਹਣੂ ਬੱਝਦਾ ਹੈ। ਜੇ ਇਹਨਾਂ ਵਿਚੋਂ ਇਕ ਕੰਮ ਵੀ ਰਹਿ ਗਿਆ ਤਾਂ ਦੂਜੇ ਦਾ ਵੀ ਪੂਰਾ ਫਾਇਦਾ ਨਹੀਂ ਹੁੰਦਾ। ਇਹ ਜਾਚ ਅਤੇ ਸ਼ੌਕ ਪੈਦਾ ਕਰਾਉਣ ਵਿਚ ਅਧਿਆਪਕ ਦਾ ਅਤੇ ਸਕੂਲ ਕਾਲਜ ਦੇ ਮਾਹੌਲ ਦਾ ਖਾਸ ਯੋਗਦਾਨ ਹੁੰਦਾ ਹੈ। ਪਰ ਜਿਹੜੀ ਚੀਜ਼ ਅਧਿਆਪਕ ਦੇ ਆਵਦੇ ਕੋਲ ਈ ਹੈ ਨੀ, ਉਹ ਦੂਜੇ ਨੂੰ ਕਿਵੇਂ ਵੰਡ ਦਊਗਾ।

ਪੜ੍ਹਨ ਦੇ ਸ਼ੌਕ ਦਾ ਮਹੱਤਵ ਪਤਾ ਹੋਣਾ ਹੋਰ ਗੱਲ ਹੈ ਤੇ ਪੜ੍ਹਾਈ ਦਾ ਸ਼ੌਕ ਹੋਣਾ ਹੋਰ ਗੱਲ। ਮਹੱਤਵ ਤਾਂ ਸਾਰਿਆਂ ਨੂੰ ਪਤਾ ਹੈ। ਸੌ ਪ੍ਰਤੀਸ਼ਤ ਲੋਕ ਹੀ ਮੰਨਦੇ ਹਨ ਕਿ ਪੜ੍ਹਦੇ ਰਹਿਣਾ ਬੜੀ ਚੰਗੀ ਆਦਤ ਹੈ। ਪਰ ਪੰਜ ਪ੍ਰਤੀਸ਼ਤ ਲੋਕ ਵੀ ਇਸ ਉੱਤੇ ਅਮਲ ਨਹੀਂ ਕਰਦੇ।

ਬੁੱਧੀ ਮਨੁੱਖੀ ਸ਼ਖਸੀਅਤ ਦਾ ਸਭ ਤੋਂ ਤਾਕਤਵਰ ਪਹਿਲੂ ਹੈ। ਪੜ੍ਹਨਾ ਬੁੱਧੀ ਦੇ ਸ਼ਕਤੀਸ਼ਾਲੀ ਹੋਣ ਦਾ ਸਭ ਤੋਂ ਵੱਡਾ ਸੋਮਾ ਹੈ। ਪੁਸਤਕਾਂ ਬੁੱਧੀ ਦੇ ਵਧਣ ਫੁੱਲਣ ਦਾ ਸਭ ਤੋਂ ਸਸਤਾ ਸਾਧਨ ਹਨ।

ਪੜ੍ਹਨ ਦਾ ਸ਼ੌਕ ਜੱਦੀ ਪੁਸ਼ਤੀ ਮਿਲ ਜਾਣ ਵਾਲੀ ਚੀਜ਼ ਨਹੀਂ। ਵਿਰਾਸਤ ਵਿਚ ਕਿਤਾਬਾਂ ਮਿਲ ਸਕਦੀਆਂ, ਕਿਤਾਬਾਂ ਪੜ੍ਹਨ ਦਾ ਸ਼ੌਕ ਨਹੀਂ। ਸ਼ੌਕ ਤੋਂ ਬਿਨਾ ਇਹ ਮੁਫਤ ਲੱਭੀਆਂ ਕਿਤਾਬਾਂ ਰੱਦੀ ਵਿਚ ਵਿਕ ਜਾਣਗੀਆਂ। ਸ਼ੈਲਫਾਂ ਵਿਚੋਂ ਕੱਢ ਕੇ ਬੋਰੀਆਂ ਵਿਚ ਤੁੰਨ ਕੇ ਲੋਹ ਦੇ ਖਾਣ ਲਈ ਰੱਖ ਦਿੱਤੀਆਂ ਜਾਣਗੀਆਂ।

ਸ਼ੌਕ ਜਗਾਉਣ ਲਈ ਕਿਤਾਬਾਂ ਦੀ ਚੋਣ ਬਹੁਤ ਉੱਚ ਪਾਏ ਦੀ ਹੋਣੀ ਚਾਹੀਦੀ ਹੈ। ਕਿਸੇ ਨਵੇਂ ਨਵੇਂ ਪੜ੍ਹਨ ਦੀ ਇੱਛਾ ਰੱਖਣ ਵਾਲੇ ਨੂੰ ਦੋ ਚਾਰ ਨੀਰਸ ਪੁਸਤਕਾਂ ਪੜ੍ਹਨ ਨੂੰ ਦੇ ਦਿਓਗੇ ਤਾਂ ਉਹ ਮੁੜ ਕੇ ਉਮਰ ਭਰ ਕਿਸੇ ਲਿਖਤ ਵੱਲ ਮੂੰਹ ਨਹੀਂ ਕਰੇਗਾ।

ਪੜ੍ਹਦਿਆਂ ਪੜ੍ਹਦਿਆਂ ਫਿਰ ਬੰਦੇ ਵਿਚ ਉਹ ਕਲਾ ਵੀ ਜਨਮਦੀ ਹੈ ਜਿਸ ਨਾਲ ਬਾਹਰੋਂ ਦਿੱਸਦੀ ਅਸਲੀਅਤ ਦੀ ਤਹਿ ਵਿਚ ਉਤਰਿਆ ਜਾਂਦਾ ਹੈ। ਉਸਦੇ ਬਹੁਪਰਤੀ, ਬਹੁਦਿਸ਼ਾਵੀ, ਬਹੁਅਰਥੀ ਅਤੇ ਸੈਨਤਾਂ ਨਾਲ ਰਮਜ਼ਾਂ ਮਾਰਦੇ ਅਰਥ ਸਮਝ ਆਉਣ ਲੱਗ ਪੈਂਦੇ ਹਨ। ਬੰਦਾ ਪਾਠਕ ਤੋਂ ਸਾਹਿਤ ਦਾ ਪਾਰਖੂ ਬਣ ਜਾਂਦਾ ਹੈ।

ਨਾਲੇ ਪੜ੍ਹਨਾ ਕਿਤੇ ਇਕੱਲਾ ਪੁਸਤਕਾਂ ਨੂੰ ਥੋੜਾ ਹੈ। ਪੁਸਤਕਾਂ ਦੇ ਤਾਂ ਰੂਪ ਹੀ ਬਹੁਤ ਨੇ। ਪ੍ਰਕਿਰਤੀ ਦੇ ਰੂਪ ਵਿਚ ਬੜੀ ਪਿਆਰੀ ਮਹਾਨ ਕਿਤਾਬ ਸਾਡੇ ਸਾਰਿਆਂ ਦੇ ਸਾਹਮਣੇ ਖੁੱਲ੍ਹੀ ਪਈ ਹੈ। ਆਪ ਹੀ ਆਪਣੇ ਵਰਕੇ ਥੱਲ ਥੱਲ ਸਾਨੂੰ ਵਿਖਾਉਂਦੀ। ਪਰ ਉਸਨੂੰ ਵੇਖਣ ਵਾਲੀ ਅੱਖ ਖੋਲ੍ਹਣ ਲਈ ਉਸਦਾ ਭਾਗ ਬਣਨਾ ਪੈਂਦਾ। ਆਪਣਾ ਹੋ ਜਾਣ ਵਾਲੇ ਨੂੰ ਪ੍ਰਕਿਰਤੀ ਮਹਿਬੂਬ ਵਾਂਗ ਆਪਣੇ ਨਾਲ ਜੋੜ ਲੈਂਦੀ ਹੈ। ਇਸ ਮਿਲਨ ਵਿਚੋਂ ਪੈਦਾ ਹੋਈ ਕਣੀ ਨਾਲ ਅੰਦਰੋਂ ਮਨੁੱਖਤਾ ਪ੍ਰਗਟ ਹੁੰਦੀ ਹੈ। ਬ੍ਰਹਿਮੰਡ ਨਾਲ ਅਭੇਦਤਾ ਜਾਪਦੀ, ਜੀਵਨ ਮੌਤ ਦੇ ਰਹੱਸ ਖੁੱਲ੍ਹਦੇ ਅਤੇ ਜੀਵਨ ਢੰਗ ਵਿਚ ਸਹਿਜਤਾ ਆਉਂਦੀ ਹੈ।

ਕਿਤਾਬਾਂ ਵਿਚ ਹੁਣ ਤੱਕ ਪੈਦਾ ਹੋਏ ਸਭ ਸਿਆਣੇ ਬੰਦੇ ਜਿਊਂਦੇ ਜਾਗਦੇ ਬੈਠੇ ਹਨ। ਉਹਨਾਂ ਦੇ ਭਰਵੇਂ ਦਰਸ਼ਨ ਸਾਨੂੰ ਤ੍ਰੈਕਾਲ ਦ੍ਰਿਸ਼ਟੀ ਦਾ ਮਾਲਕ ਬਣਾ ਸਕਦੇ ਹਨ। ਉਹਨਾਂ ਵੱਲ ਪਿੱਠ ਕਰਨ ਵਾਲਾ ਸਿਰਫ਼ ਆਪਣੇ ਆਪ ਦੇ ਆਲੇ ਦੁਆਲੇ ਤਕ ਵੇਖ ਸਕਦਾ ਹੈ।

*ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,*
*ਸਰਕਾਰੀ ਕਾਲਜ ਤਲਵਾੜਾ, ਘਰ-ਮੁੰਦਰ ਵਿਹਾਰ ਤਲਵਾੜਾ,*
*ਜ਼ਿਲ੍ਹਾ ਹੁਸ਼ਿਆਰਪੁਰ, ਫੋਨ-੦੧੮੮੩-੨੩੬੫੩੦*
*ਮੋਬਾਇਲ ੯੪੧੭੩-੨੪੫੪੩*
***surindermand@gmail.com***



Namdhari Elibrary NamdhariElibrary@gmail.com

# ਮਿੱਟੀ ਦੀ ਮੌਤ

—ਡਾ. ਅਜੀਤ ਸਿੰਘ

ਇਹ ਠੀਕ ਹੈ, ਮਰਨ ਵਾਲੇ ਨਾਲ ਮਰਿਆ ਨਹੀਂ ਜਾ ਸਕਦਾ। ਇਹ ਵੀ ਠੀਕ ਹੈ ਕਿ ਜੇ ਮੈਨੂੰ ਪਹਿਲਾਂ ਪਤਾ ਲੱਗ ਜਾਂਦਾ ਮੈਂ ਉਹਨੂੰ ਮੋੜ ਨਹੀਂ ਸੀ ਲਿਆਉਣਾ। ਤਾਂ ਵੀ ਮੈਨੂੰ ਬੇਹੱਦ ਅਫਸੋਸ ਤੇ ਦੁਖ ਹੈ ਕਿ ਏਨੀ ਦਰਦਾਇਕ ਗੱਲ ਮੇਰੇ ਕੋਲੋਂ ਕਿਉਂ ਛੁਪਾਈ ਗਈ? ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਮਰਹੂਮ ਗੁਰਸੇਵਕ ਸਿੰਘ ਦੀ ਰੂਹ ਮੈਨੂੰ ਲਾਹਨਤਾਂ ਪਾ ਰਹੀ ਹੋਵੇ-ਤੂੰ ਅਹਿਸਾਨ-ਫ਼ਰਾਮੋਸ਼ ਏਂ, ਤੈਥੋਂ ਚਾਰ ਕਦਮਾਂ ਚੱਲ ਕੇ ਅਫ਼ਸੋਸ ਕਰਨ ਵੀ ਨਹੀਂ ਆਇਆ ਗਿਆ। ਮੈਨੂੰ ਮਹਿਸੂਸ ਹੋ ਰਿਹਾ ਹੈ ਜਿਵੇਂ ਮਾਸੀ ਆਖ ਰਹੀ ਹੋਵੇ, ਤੇਰੇ ਵਰਗਾ ਖ਼ੁਦਗਰਜ਼ ਬੰਦਾ ਤੂੰ ਈ ਹੋ ਸਕਦਾ ਏਂ! ਪਰ ਮੇਰਾ ਕਸੂਰ ਕੀ ਏ? ਮੈਨੂੰ ਕਿਸੇ ਦੱਸਿਆ ਹੋਵੇ, ਤਾਂ ਨਾਂ।

ਹਾਂ, ਮੈਨੂੰ ਆਪਣੇ ਆਪ ਨੂੰ ਮਾਫ਼ ਕਰਨਾ ਮੁਸ਼ਕਿਲ ਹੋ ਰਿਹਾ ਹੈ। ਤੁਹਾਨੂੰ ਨਹੀਂ ਪਤਾ, ਉਹਨਾਂ ਦਾ ਮੇਰੇ ਉਤੇ ਕਿੱਡਾ ਅਹਿਸਾਨ ਹੈ। ਗੱਲ ਜ਼ਰਾ ਪਿਛਿਉਂ ਟੋਰਨੀ ਪਵੇਗੀ।

ਮੈਂ ਰੁਲ-ਖੁਲ ਕੇ ਬੀ. ਏ., ਬੀ.ਟੀ. ਕਰ ਤਾਂ ਲਈ ਸੀ, ਪਰ ਨੌਕਰੀ ਕਿਤੇ ਨਹੀਂ ਸੀ ਮਿਲ ਰਹੀ। ਮੈਂ ਪਰੇਸ਼ਾਨ ਸਾਂ ਤੇ ਘਰ ਦੇ ਅੱਡ ਦੁਖੀ ਸਨ। ਮੇਰੇ ਬਾਪੂ ਨੇ ਜਿਵੇਂ ਮੈਨੂੰ ਪੜ੍ਹਾਇਆ, ਮੈਂ ਹੀ ਜਾਣਦਾ ਸਾਂ। ਉਪਰੋਂ ਮੁਸੀਬਤ ਇਹ ਕਿ ਮੈਂ ਭੈਣਾਂ-ਭਰਾਵਾਂ ਵਿਚੋਂ ਸਭ ਤੋਂ ਵੱਡਾ ਸਾਂ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਰ੍ਹਾਂ ਸਮਝਦਾ ਤੇ ਮਹਿਸੂਸ ਕਰਦਾ ਸਾਂ। ਅਜੇਹੀ ਮਾਯੂਸੀ ਦੇ ਦਿਨਾਂ ਵਿਚ ਇਕ ਦਿਨ ਮੇਰੇ ਚਾਚੇ ਨੇ ਰੁੱਕਾ ਲਿਖਿਆ ਤੇ ਮੈਨੂੰ ਆਪਣੇ ਸਾਂਢੂ ਕੋਲ ਭੇਜ ਦਿੱਤਾ-ਏਹੀ ਸ. ਗੁਰਸੇਵਕ ਸਿੰਘ ਕੋਲ। ਇਸ ਤਰ੍ਹਾਂ ਗੁਰਸੇਵਕ ਸਿੰਘ ਮੇਰਾ ਸਕਾ ਮਾਸੜ ਨਹੀਂ ਸੀ, ਉਹ ਮੇਰੇ ਚਾਚੇ ਦਾ ਸਾਂਢੂ ਸੀ ਤੇ ਮੇਰੀ ਚਾਚੀ ਦੀ ਵੱਡੀ ਭੈਣ ਦਾ ਪਤੀ। ਕਿਉਂਕਿ ਉਹ ਮੇਰੇ ਚਾਚੇ ਦੇ ਪੁਤਰਾਂ ਦਾ ਮਾਸੜ ਸੀ, ਇਸ ਲਈ ਮੇਰਾ ਵੀ ਮਾਸੜ ਸੀ। ਜਦੋਂ ਮੈਂ ਉਹਨਾਂ ਨੂੰ ਮਿਲਿਆ, ਉਹ ਉਡ ਕੇ ਮਿਲੇ, ਘਰ ਲੈ ਗਏ ਤੇ ਖ਼ੂਬ ਖ਼ਾਤਰ ਕੀਤੀ।

"ਅਪਲਾਈ ਕੀਤਾ?" ਉਹਨਾਂ ਪੁੱਛਿਆ ਸੀ।

"ਜੀ ਹਾਂ, ਸ਼ਾਇਦ ਅੱਜ ਭਲਕ ਇੰਟਰਵੀਊ ਵੀ ਆ ਜਾਵੇ। ਮੇਰੇ ਕੁਝ ਸਾਥੀਆਂ ਨੂੰ ਤਾਂ ਇੰਟਰਵੀਊ ਆ ਵੀ ਚੁੱਕੀ ਹੈ" ਮੈਂ ਨਿਮਰਤਾ ਨਾਲ ਕਿਹਾ।

"ਤੂੰ ਚਿੰਤਾ ਨਾਂਹ ਕਰ, ਯਾਰ! ਜੇ ਵਾਹਿਗੁਰੂ ਨੇ ਚਾਹਿਆ ਤਾਂ ਤੇਰਾ ਕੰਮ ਜ਼ਰੂਰ ਬਣੂ। ਹੌਸਲਾ ਨਹੀਂ ਛੱਡੀਦਾ" ਉਹਨਾਂ ਭਰੋਸਾ ਦਵਾਇਆ ਸੀ ਤੇ ਮੇਰੇ ਕਾਗਜ਼-ਪੱਤਰ ਵੇਖਣ ਲੱਗ ਪਏ ਸਨ।



"ਹੂੰ, ਮੈਟ੍ਰਿਕ ਫ਼ਸਟ ਕਲਾਸ। ਗੁੱਡ! ਐਫ. ਐਸ. ਸੀ. ਫ਼ਸਟ ਕਲਾਸ, ਵੈਰੀ ਗੁੱਡ, ਬੀ. ਏ. ਥਰਡ ਡਵੀਜ਼ਨ ਬਾਈ ਪਾਰਟਸ। ਚਲ ਕੋਈ ਨਾਂਹ। ਤੂੰ ਫੇਰ ਵੀ ਬਹੁਤਿਆਂ ਨਾਲੋਂ ਚੰਗਾ ਏਂ, ਗੱਲ ਕਿਉਂ ਨਾਂਹ ਬਣੂ?" ਉਹਨਾਂ ਨੂੰ ਮਿਲਣ ਪਿਛੋਂ ਸੱਚਮੁਚ ਮੈਂ ਬੜੇ ਹੌਸਲੇ ਵਿਚ ਆ ਗਿਆ ਸਾਂ।

"ਅਸਲ 'ਚ ਘਰੇਲੂ ਮਜਬੂਰੀਆਂ ਕਾਰਣ ਐਫ. ਐਸ. ਸੀ. ਪਿਛੋਂ ਮੈਨੂੰ ਕਾਲਜ ਦੀ ਪੜ੍ਹਾਈ ਛੱਡਣੀ ਪਈ ਸੀ ਤੇ ਪ੍ਰਾਈਵੇਟ ਬੀ. ਏ. ਕਰਨੀ ਪਈ ਸੀ। ਮਿਹਨਤ ਨਾ ਹੋ ਸਕੀ ਤੇ ਥਰਡ ਡਵੀਜ਼ਨ ਆ ਗਈ। ਬੀ. ਟੀ. 'ਚ ਦਾਖਲਾ ਵੀ ਭੱਜ-ਨੱਠ ਨਾਲ ਮਿਲਿਆ ਸੀ।" ਮੈਨੂੰ ਆਪਣੀ ਇਸ ਥਰਡ ਡਵੀਜ਼ਨ 'ਤੇ ਬੜੀ ਸ਼ਰਮਸਾਰੀ ਮਹਿਸੂਸ ਹੋ ਰਹੀ ਸੀ।

"ਵਾਹ! ਤਾਂ ਕੀ ਹੋਇਆ? ਇਹ ਜ਼ਿੰਦਗੀ ਹੈ, ਚੰਗਾ-ਮਾੜਾ ਸਭ ਚਲਦੈ। ਨਾਲੇ ਕਈ ਵਾਰੀਂ ਹਾਲਾਤ ਹੱਥ 'ਚ ਨਹੀਂ ਰਹਿੰਦੇ। ਬੱਸ ਤੂੰ ਚਿੰਤਾ ਨਹੀਂ ਕਰਨੀ ਕਿਸੇ ਗੱਲ ਦੀ" ਉਹਨਾਂ ਥਾਪੀ ਦਿੰਦਿਆਂ ਕਿਹਾ ਸੀ। ਮੈਨੂੰ ਸ. ਗੁਰਸੇਵਕ ਸਿੰਘ ਦੀ ਸਾਦਾ ਤੇ ਹਸ਼ਾਸ਼-ਬਿਸ਼ਾਸ਼ ਸ਼ਖ਼ਸੀਅਤ ਨੇ ਬੜਾ ਪ੍ਰਭਾਵਿਤ ਕੀਤਾ ਸੀ। ਉਦੋਂ ਉਹ ਪੈਪਸੂ ਦੇ ਸਿਹਤ ਵਿਭਾਗ ਵਿਚ ਅਫ਼ਸਰ ਲੱਗੇ ਹੋਏ ਸਨ।

ਲਓ ਜੀ, ਇੰਟਰਵੀਊ ਆ ਗਈ, ਨੌਕਰੀ ਵੀ ਮਿਲ ਗਈ, ਪਰ ਸਕੂਲ ਮਿਲਿਆ ਉਹ ਜਿਹੜਾ ਪੈਪਸੂ ਤੇ ਰਾਜਸਥਾਨ ਦੇ ਬਾਰਡਰ ਤੇ ਸੀ। ਨੌਕਰੀ ਮਿਲਣ ਦੀ ਖ਼ੁਸ਼ੀ ਅੱਧੀ ਰਹਿ ਗਈ ਤੇ ਮੈਨੂੰ ਪਿੱਸੂ ਪੈ ਗਏ। ਮੈਂ ਕਦੇ ਐਨੀ ਦੂਰ ਘਰੋਂ ਪਹਿਲਾਂ ਕਿਤੇ ਗਿਆ ਹੀ ਨਹੀਂ ਸੀ। ਨਿਯੁਕਤੀ-ਪੱਤਰ ਹੱਥ 'ਚ ਲਿਆ ਤੇ ਉਹਨਾਂ ਕੋਲ ਫੇਰ ਜਾ ਅਰਜ਼ ਗੁਜ਼ਾਰੀ। ਉਹਨਾਂ ਦੀ ਹੀ ਕਿਰਪਾ ਨਾਲ ਮੈਨੂੰ ਅਜੇਹੀ ਥਾਂ ਮਿਲ ਗਈ ਜਿਹੜੀ ਮੇਰੇ ਘਰ ਤੋਂ ਮਸਾਂ ਪੰਜਾਹ ਕੁ ਮੀਲ ਦੂਰ ਸੀ। ਹੁਣ ਤੁਸੀਂ ਹੀ ਦੱਸੋ, ਮੈਂ ਉਹਨਾਂ ਦੇ ਅਹਿਸਾਨ ਨੂੰ ਕਿਵੇਂ ਭੁੱਲ



Namdhari Elibrary NamdhariElibrary@gmail.com

ਸਕਦਾ ਹਾਂ? ਫੇਰ ਏਥੇ ਹੀ ਬੱਸ ਨਹੀਂ। ਪੈਪਸੂ-ਪੰਜਾਬ ਇਕ ਹੋ ਗਏ ਤੇ ਉਹ ਕਾਫ਼ੀ ਸੀਨੀਅਰ ਹੋਣ ਕਰਕੇ ਏਧਰ ਸੁਪਰਡੈਂਟ ਆ ਲੱਗੇ। ਰੱਬ ਝੂਠ ਨਾਂਹ ਬੁਲਾਏ, ਮੈਂ ਚਿੱਠੀਆਂ ਲਿਖ ਲਿਖ ਕਈਆਂ ਦੇ ਉਹਨਾਂ ਕੋਲੋਂ ਕੰਮ ਕਰਵਾਏ। ਮੈਂ ਉਹਨਾਂ ਨੂੰ ਮਿਲਣ ਵੀ ਜਾਂਦਾ ਰਿਹਾ। ਮੈਨੂੰ ਉਹ ਆਪਣੇ ਬੱਚਿਆਂ ਵਾਂਗ ਪਿਆਰ ਦਿੰਦੇ ਸਨ। ਪਰ ਹੁਣ ਉਹਨਾਂ ਕੋਲ ਵਿਹਲ ਘਟ ਹੁੰਦੀ ਸੀ। ਘਰ ਰਹਿ ਕੇ ਵੀ ਉਹਨਾਂ ਨਾਲ ਪਹਿਲਾਂ ਵਾਂਗ ਗੱਲਬਾਤ ਨਹੀਂ ਸੀ ਹੋ ਸਕਦੀ! ਤਾਂ ਵੀ ਉਹ ਤਪਾਕ ਨਾਲ ਮਿਲਦੇ ਤੇ ਹਮੇਸ਼ਾਂ ਉੱਚੀਆਂ-ਸੁੱਚੀਆਂ ਗੱਲਾਂ ਆਖਦੇ। ਹੁਣ ਤੁਸੀਂ ਹੀ ਦਸੋ ਉਹਨਾਂ ਦੀ ਮੌਤ ਹੋ ਗਈ ਹੋਵੇ ਤੇ ਮੈਂ ਅਫਸੋਸ ਕਰਨ ਨਾ ਗਿਆ ਹੋਵਾਂ, ਇਸ ਤੋਂ ਵੱਡਾ ਗੁਨਾਹ ਕੀ ਹੋ ਸਕਦਾ ਹੈ? ਪਰ ਸੱਚ ਜਾਣਿਓ, ਮੈਂ ਕਸੂਰਵਾਰ ਨਹੀਂ ਹਾਂ। ਇਹ ਠੀਕ ਹੈ, ਕੁਝ ਚਿਰ ਪਿਛੋਂ ਮੈਂ ਦਿਲੀ ਵਿਚ ਨੌਕਰੀ ਕਰ ਲਈ ਸੀ ਤੇ ਮੈਨੂੰ ਦਿੱਲੀ ਤੋਂ ਪੰਜਾਬ ਜਾਣਾ ਸੀ, ਪਰ ਸ. ਗੁਰਸੇਵਕ ਸਿੰਘ ਪਿਛੇ ਤਾਂ ਮੈਂ ਕੁਝ ਵੀ ਕਰ ਸਕਦਾ ਸਾਂ।

ਜੇ ਹੁਣ ਵੀ ਚਾਚੀ ਦਿੱਲੀ ਵਿਚ ਰਹਿੰਦੀ ਆਪਣੀ ਦੂਜੀ ਭੈਣ ਦੇ ਪੁੱਤਰ ਦੇ ਵਿਆਹ ਨਾ ਆਉਂਦੀ ਤੇ ਮੈਨੂੰ ਨਾ ਮਿਲਦੀ ਮੈਨੂੰ ਇਸ ਬਾਰੇ ਕੁਝ ਪਤਾ ਨਹੀਂ ਸੀ ਲੱਗਣਾ। ਨਾ ਚਿੱਠੀ, ਨਾ ਚੀਰਾ। ਨਾ ਖ਼ਤ, ਨਾਂ ਪੱਤਰ। ਪਿੰਡ ਵਾਲੀਆਂ ਵਲੋਂ ਕੋਈ ਖ਼ਬਰ-ਸਾਰ ਨਹੀਂ ਸੀ ਆਈ। ਤੇ ਫੇਰ ਦਿੱਲੀ ਵਾਲੀ ਚਾਚੀ ਦੀ ਭੈਣ ਤਾਂ ਮੈਨੂੰ ਦੱਸ ਸਕਦੀ ਸੀ। ਆਖ਼ਰ ਦੱਸੀਂ-ਪੰਦਰੀਂ ਤਾਂ ਮਿਲਦੇ ਹੀ ਰਹੀਦਾ ਸੀ, ਮੈਨੂੰ ਲੱਗਾ ਜਿਵੇਂ ਨਾ ਦੱਸਣ ਦੀ ਸਾਜ਼ਸ਼ ਕਰ ਰੱਖੀ ਹੋਵੇ। ਮੈਨੂੰ ਸਭ ਤੋਂ ਵਧ ਗਿਲਾ ਚਾਚੀ ਤੇ ਸੀ ਜਿਸਨੂੰ ਮੈਂ ਚਾਚੀ ਘਟ ਤੇ ਮਾਂ ਵਧੇਰੇ ਸਮਝਦਾ ਸਾਂ। ਪਰ ਹੋ ਸਕਦਾ ਹੈ, ਖ਼ਤ-ਪੱਤਰ ਲਿਖਿਆ ਹੋਵੇ, ਮਿਲਿਆ ਨਾਂਹ ਹੋਵੇ, ਪਰ ਇਹ ਕਿਵੇਂ ਹੋ ਸਕਦਾ ਹੈ? ਤਾਰ ਦਿੱਤੀ ਜਾ ਸਕਦੀ ਸੀ, ਬੰਦਾ ਭੇਜਿਆ ਜਾ ਸਕਦਾ ਸੀ। ਕਿਸੇ ਨਾਂ ਕਿਸੇ ਪਾਸਿਉਂ ਤਾਂ ਪਤਾ ਲੱਗ ਜਾਣਾ ਚਾਹੀਦਾ ਸੀ। ਪਰ ਹੁਣ ਚਾਚੀ ਨੂੰ ਮਿਲਣ ਪਿਛੋਂ ਜਦੋਂ ਮੈਨੂੰ ਪਤਾ ਲੱਗਾ ਤੇ ਮੈਂ ਗਿਲਾ ਕੀਤਾ ਤਾਂ ਉਸਦੇ ਉੱਤਰ ਨੇ ਮੈਨੂੰ ਹੋਰ ਹੈਰਾਨ-ਪਰੇਸ਼ਾਨ ਕਰ ਦਿੱਤਾ।

"ਕਾਕਾ, ਜਾਣ ਕੇ ਨਹੀਂ ਸੀ ਦੱਸਿਆ। ਤੈਨੂੰ ਕੀ, ਕਿਸੇ ਨੂੰ ਵੀ ਨਹੀਂ ਦੱਸਿਆ। ਜੇ ਮੇਰੇ 'ਤੇ ਨਹੀਂ ਯਕੀਨ, ਜਾਹ ਪੁੱਛ ਲੈ ਭੈਣ ਨੂੰ ਦੂਜੇ ਕਮਰੇ 'ਚ ਬੈਠੀ ਐ।"

"ਪਰ, ਕਿਉਂ?"

"ਹੁਣ ਭਾਈ, ਕੀ ਦੱਸਾਂ?"

"ਤਾਂ ਵੀ" ਮੇਰੇ ਪਿੜ-ਪੱਲੇ ਕੁਝ ਨਹੀਂ ਸੀ ਪੈ ਰਿਹਾ।

"ਕਾਕਾ, ਝੱਗਾ ਚਕੀਏ ਤਾਂ ਆਪਣਾ ਈ ਢਿੱਡ ਨੰਗਾ ਹੁੰਦੈ।"

"ਆਖ਼ਰ ਕਿਸੇ ਨੂੰ ਤਾਂ ਦੱਸਿਆ ਹੋਊ। ਚਾਰ ਅੱਖਰ ਮੈਨੂੰ ਲਿਖ ਦਿੰਦੇ ਤਾਂ ਕੀ ਹਰਜ ਸੀ, ਚਲੋ, ਭੋਗ ਬਾਰੇ ਹੀ ਦੱਸ ਛੱਡਦੇ" ਮੇਰੀਆਂ ਅੱਖਾਂ ਭਰ ਆਈਆਂ ਸਨ।

"ਬਸ, ਭੋਗ ਤੇ ਵੀ ਕੱਠ ਨੀਂ ਕੀਤਾ।"

"ਚਾਚੀ, ਕੋਈ ਗੱਲ ਹੈ ਜ਼ਰੂਰ।"

"ਬੇਟਾ, ਮੈਂ ਅੱਜ ਤੱਕ ਤੇਰੇ ਕੋਲੋਂ ਕਿਸੇ ਗੱਲ ਦਾ ਲੁਕਾਅ ਨਹੀਂ ਰੱਖਿਆ। ਉਸ ਕੋੜ੍ਹੀ ਨੇ ਤਾਂ ਮੇਰੀ ਭੈਣ ਦਾ ਘਰ ਈ ਨਰਕ ਬਣਾ ਛੱਡਿਆ ਸੀ। ਗੱਲ ਕਰਦਿਆਂ ਵੀ ਸ਼ਰਮ ਆਉਂਦੀ ਐ। ਤੇਰੇ ਚਾਚੇ ਨੇ ਬਥੇਰਾ ਸਮਝਾਇਆ, ਮੈਂ ਵੀ ਕਈ ਵਾਰ ਆਖ-ਵੇਖ ਕੇ ਦੇਖ ਲਿਆ। ਭਾਈ ਚੰਗਾ-ਭਲਾ ਹੁੰਦਾ ਸੀ। ਪਤਾ ਨੀਂ ਏਸ ਉਮਰੇ ਉਸਨੂੰ ਕੀ ਝੱਲ ਚੜ੍ਹ ਗਿਆ। ਕੋਈ ਕੋਈ ਥਾਂ ਈ ਚੰਦਰਾ ਹੁੰਦੈ।" ਚਾਚੀ ਦੀ ਹਰ ਗੱਲ ਗੁੰਝਲ ਤੇ ਪਹੇਲੀ ਜਾਪ ਰਹੀ ਸੀ। ਚਾਚੀ ਨੇ ਚੁੰਨੀ ਨਾਲ ਅੱਖਾਂ ਪੂੰਝੀਆਂ ਤੇ ਆਖਣਾ ਸ਼ੁਰੂ ਕੀਤਾ, "ਨਿੱਤ ਨਵੀਂ ਜ਼ਨਾਨੀ ਜਾਂ ਕੁੜੀ ਘਰ ਲੈ ਆਉਣੀ। ਇਹਦੀ ਬਦਲੀ ਦਾ ਕੇਸ ਐ, ਉਹਦੀ ਤਨਖ਼ਾਹ ਦਾ ਝਗੜਾ ਤੇ ਇਹਨੂੰ ਛੁੱਟੀ ਚਾਹੀਦੀ ਐ। ਸੱਚੀ ਪੁੱਛੇਂ ਤਾਂ ਉਹਨੇ ਰੱਬ ਈ ਭੁਲਾ ਛੱਡਿਆ ਸੀ, ਬਰਾਬਰ ਦਿਆਂ ਧੀਆਂ-ਪੁੱਤਾਂ ਅੱਗੇ ਭੈਣ ਅੱਖਾਂ ਨੀ ਸੀ ਚੁੱਕ ਸਕਦੀ, ਨਿੱਤ ਘਰ 'ਚ ਕਲੇਸ਼ ਤੇ ਲੜਾਈ-ਝਗੜਾ ਹੁੰਦਾ। ਅਸੀਂ ਤਾਂ ਭਾਈ ਅੱਕ ਕੇ ਜਾਣਾ ਛੱਡ-ਤਾ ਸੀ, ਫੇਰ ਭਾਈ ਪਤਾ ਨਹੀਂ ਉਸ ਆਪ ਕੁਝ ਖਾ ਲਿਆ ਸੀ ਜਾਂ ਕਿਸੇ ਸਿਰ ਮੁੰਨਣੀ ਨੇ ਦੇ-ਦੁਆ ਦਿੱਤਾ" ਚਾਚੀ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਗ ਰਹੇ ਸਨ।

"ਕਾਕਾ, ਮਰ ਤਾਂ, ਭਾਈ, ਉਹ ਉਦੋਂ ਈ ਗਿਆ ਸੀ, ਜਦੋਂ ਉਹਦੇ ਅੰਦਰਲਾ ਬੰਦਾ ਮਰ ਗਿਆ ਸੀ, ਹੁਣ ਤਾਂ ਉਸਦੀ ਮਿੱਟੀ ਨੂੰ ਈ ਘਰੋਂ ਤੋਰਿਐ। ਤੂੰ ਹੀ ਦੱਸ, ਕਿਸੇ ਨੂੰ ਕੀ ਦਸਦੇ। ਨਾਲੇ ਭਾਈ, ਜੱਗ ਤੋਂ ਡਰਦਿਆਂ ਬਹੁਤਾ ਰੌਲਾ-ਰੱਪਾ ਨਹੀਂ ਪਾਇਆ।" ਚਾਚੀ ਨੇ ਕਮਰੇ ਦੇ ਆਸੇ-ਪਾਸੇ ਨਿਗਾਹ ਮਾਰੀ ਜਿਵੇਂ ਉਹਨੂੰ ਡਰ ਸੀ, ਮਤਾਂ ਮੈਥੋਂ ਬਿਨਾਂ ਕੋਈ ਹੋਰ ਉਸਦੀਆਂ ਗੱਲਾਂ ਨੂੰ ਸੁਣ ਰਿਹਾ ਹੋਵੇ।

ਕਹਿਣਾ ਚਾਹੁੰਦਿਆਂ ਵੀ ਮੈਂ ਕੁਝ ਨਾਂ ਆਖ ਸਕਿਆ। ਮੈਨੂੰ ਲੱਗਿਆ ਜਿਵੇਂ ਚੁੱਪ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।



Namdhari Elibrary NamdhariElibrary@gmail.com

# ਆਖ਼ਰੀ ਵਾਰ ਸਮੁੰਦਰੋਂ ਪਾਰ

*—ਤਾਰਾ ਸਿੰਘ ਅਨਜਾਣ*

ਮੈਂ ਜਦ ਉਸ ਨੂੰ ਕਿਹਾ, "ਰਾਜੇ ਦੁਬਾਰਾ ਮੈਂ ਤੇਰੇ ਕੋਲ ਨਹੀਂ ਆਵਾਂਗਾ," ਤਾਂ ਲੱਗਦਾ ਸੀ ਉਹ ਉਦਾਸ ਹੋ ਗਿਆ ਸੀ। ਮੈਨੂੰ ਤਾਂ ਨਜ਼ਰ ਨਹੀਂ ਸੀ ਆਉਂਦਾ ਕਿ ਮੈਂ ਉਸ ਦੀਆਂ ਅੱਖਾਂ ਦੀ ਨਮੀ ਵੇਖ ਸਕਦਾ, ਫਿਰ ਵੀ ਮੈਂ ਉਸ ਨੂੰ ਹੌਸਲਾ ਦਿੰਦਿਆ ਆਖਿਆ, "ਪਤਾ ਨਹੀਂ ਡਾਕਟਰ ਦੀ ਮਿਹਨਤ ਦਾ ਕੀ ਨਤੀਜਾ ਨਿਕਲਣਾ ਹੈ, ਅੱਗੇ ਵੀ ਤਾਂ ਗੱਲ ਨਹੀਂ ਸੀ ਬਣੀ, ਜਿਵੇਂ ਸਮਾਂ ਹੋਵੇਗਾ ਠੀਕ ਹੀ ਸਮਝੀਏ। ਚਿੰਤਾ ਕਾਹਦੀ, ਜੇ ਨਿਗਾਹ ਠੀਕ ਨਾ ਰਹੀ ਤਾਂ ਤੇਰੇ ਕੋਲ ਇੱਥੇ ਸਮੁੰਦਰੋਂ ਪਾਰ ਕਿਵੇਂ ਆ ਸਕਾਂਗਾ! ਉਂਜ ਪਹਿਲਾਂ ਕਈ ਵਾਰ ਆਇਆ ਹੀ ਹਾਂ।"

ਮੈਂ ਆਪਣੇ ਲੜਕੇ ਅਜੀਤ ਕੋਲ ਜਿਸ ਨੂੰ ਘਰ ਵਿਚ 'ਰਾਜਾ' ਆਖਦੇ ਹਨ, ਯੂ. ਕੇ. ਗਿਆ ਹੋਇਆ ਸੀ। ਉਥੋਂ ਅੱਗੇ ਮਿੱਤਰ ਪਿਆਰਿਆਂ ਨੇ ਸਦਿਆ ਆਇਰਲੈਂਡ ਚਲਾ ਗਿਆ। ਦੇਸ਼ ਤਾਂ ਛੋਟਾ ਜਿਹਾ ਹੈ ਪਰ ਬੜਾ ਵਧੀਆ ਖੁੱਲ੍ਹਾ, ਡੁੱਲ੍ਹਾ ਲੱਗਾ। ਪੰਜਾਬੀ ਵੀ ਸਹਿਜੇ ਸਹਿਜੇ ਹੀ ਪੰਜਾਬੀ ਬੋਲਦੇ ਲੱਗੇ। ਉਹਨਾਂ ਨਾਲ ਰਹਿੰਦਿਆਂ ਬੜਾ ਪਿਆਰਾ ਜਿਹਾ ਮਾਹੌਲ ਸੀ; ਬੜਾ ਅਪਣੱਤ ਭਰਿਆ। ਬੱਚਿਆਂ ਨੂੰ ਕੁਝ ਪੰਜਾਬੀ ਪੜ੍ਹਾ ਛੱਡਣੀ, ਵੱਡਿਆਂ ਨਾਲ ਪਰਮਾਰਥ ਦੀਆਂ ਕੁਝ ਗੱਲਾਂ ਕਰ ਲੈਣੀਆਂ, ਕੁਦਰਤੀ ਨਜ਼ਾਰੇ ਵੇਖ ਲੈਣੇ ਅਤੇ ਸਮਾਂ ਵਧੀਆ ਲੰਘ ਜਾਣਾ। ਦੋ ਕੁ ਹਫਤੇ ਬਾਅਦ ਵਾਪਿਸ ਆਇਆ ਤਾਂ ਲੱਗਾ ਕਿ ਦਿਖਾਈ ਸਾਫ਼ ਨਹੀਂ ਦਿੰਦਾ, ਚਿੰਤਾ ਹੋਈ ਕਿ ਇਹ ਕੀ ਹੋ ਗਿਆ? ਕਿਤੇ ਕੋਈ ਗੰਭੀਰ ਸਮੱਸਿਆ ਤਾਂ ਨਹੀਂ ਖੜ੍ਹੀ ਹੋ ਰਹੀ।

ਉਂਜ ਤਾਂ ਸਧਾਰਨ ਹਾਲਤ ਵਿਚ ਇਹ ਆਪਬੀਤੀ ਸਮੱਸਿਆ ਵੱਡੀ ਨਹੀਂ ਸਮਝੀ ਜਾਣੀ ਚਾਹੀਦੀ ਕਿਉਂਕਿ ਦਵਾਈਆਂ ਪਾ ਕੇ ਜਾਂ ਓਪਰੇਸ਼ਨ ਕਰਕੇ ਜਾਂ ਕਦੇ ਲੋੜ ਅਨੁਸਾਰ ਲੈਂਜ਼ ਪਾ ਕੇ, ਅੱਖ ਠੀਕ ਹੋ ਹੀ ਜਾਂਦੀ ਹੈ। ਕਈਆਂ ਦੀ ਨਿਗਾਹ ਤਾਂ ਇਨੀ ਚੰਗੀ ਹੋ ਜਾਂਦੀ ਹੈ ਕਿ ਭਾਵੇਂ ਸੂਈ ਵਿਚ ਧਾਗਾ ਪਾ ਲੈਣ, ਪਰ ਮੇਰਾ ਪਹਿਲਾ ਤਜਰਬਾ ਕੌੜਾ ਸੀ।

ਦਿੱਲੀ ਰਹਿੰਦਿਆਂ ਸੱਜੀ ਅੱਖ ਵਿਚ ਕਿਤੇ ਸੰਸਥਾਨ ਵਿਚ ਬੈਠਿਆਂ ਝੌਲਾ ਜਿਹਾ ਆ ਗਿਆ, ਦਿਸਣੋਂ ਹਟ ਗਿਆ, ਅੱਖ ਕਾਲੀ ਜਿਹੀ ਹੋ ਗਈ ਜਿਵੇਂ ਮੱਸਿਆ ਦੀ ਰਾਤ ਹੋਵੇ। ਨੇੜਲੇ ਡਾਕਟਰ ਕੋਲ ਗਿਆ, ਉਸਨੇ ਤਤਕਾਲ ਸੀਟੀ ਸਕੈਨ ਕਰਾਉਣ ਲਈ ਕਿਹਾ, ਜਿਸਦੀ ਰਿਪੋਰਟ ਆਈ, ਰੈਟੀਨਾ ਡੀਟੈਚ ਹੋ ਗਿਆ ਹੈ ਭਾਵ ਪਰਦਾ ਡਿੱਗ ਪਿਆ ਹੈ। ਦਿੱਲੀ ਏਮਸ ਦੇ ਡਾਕਟਰ ਰਜਿੰਦਰ ਪ੍ਰਸਾਦ ਸੈਂਟਰ ਵਿਚ ਗਏ। ਉੱਥੇ ਡਾਕਟਰ ਅਤੁਲ ਕੁਮਾਰ ਨੇ ਉਪਰੇਸ਼ਨ ਕੀਤਾ। ਡਾਕਟਰ ਅਤੁਲ ਸੰਸਾਰ ਦੇ ਮੰਨੇ ਪ੍ਰਮੰਨੇ ਅੱਖਾਂ ਦੇ ਡਾਕਟਰਾਂ ਵਿਚੋਂ ਗਿਣਿਆ ਜਾਂਦਾ ਹੈ; ਉਸਨੂੰ



ਭਾਰਤ ਸਰਕਾਰ ਵਲੋਂ "ਪਦਮ ਸ਼੍ਰੀ" ਦਾ ਸਨਮਾਨ ਵੀ ਮਿਲਿਆ ਹੈ, ਉਹ ਰੈਟੀਨਾ ਦਾ ਐਕਸਪਰਟ ਸਮਝਿਆ ਜਾਂਦਾ ਹੈ। ਉਸਦੀ ਟੀਮ ਦੇ ਕੀਤਿਆਂ ਓਪਰੇਸ਼ਨ ਤਾਂ ਠੀਕ ਹੋ ਗਿਆ, ਪਰ ਨਿਗਾਹ ਠੀਕ ਨਹੀਂ ਹੋਈ। ਲਗਾਤਾਰ ਏਮਸ ਜਾਂਦੇ ਰਹੇ, ਡਾਕਟਰ ਦੇ ਦੱਸੇ ਅਨੁਸਾਰ ਦਵਾਈਆਂ ਪਾਉਂਦੇ ਰਹੇ, ਪਰ ਲੋੜੀਂਦਾ ਸਿੱਟਾ ਨਾ ਨਿਕਲਿਆ। ਖੱਬੀ ਅੱਖ ਠੀਕ ਸੀ ਇਸ ਕਰਕੇ ਬਹੁਤੀ ਚਿੰਤਾ ਨਹੀਂ ਕੀਤੀ ਤੇ ਫਿਰ ਸੋਚਿਆ ਟਾਈਮ ਲੱਗ ਸਕਦਾ ਹੈ, ਨਿਗਾਹ ਵੀ ਠੀਕ ਹੋ ਹੀ ਜਾਏਗੀ।

ਯੂ. ਕੇ. ਬੈਠਿਆਂ ਚਿੰਤਾ ਇਸੇ ਕਰਕੇ ਹੋ ਗਈ ਸੀ ਕਿ ਉੱਥੇ ਬੈਠਿਆਂ ਤਜਰਬੇਕਾਰ ਡਾਕਟਰ ਕੋਲੋਂ, ਗੱਲ ਨਹੀਂ ਬਣੀ, ਇੱਥੇ ਪਤਾ ਨਹੀਂ ਕੀ ਸਿੱਟਾ ਨਿਕਲਣਾ ਹੈ? ਬਿਗਾਨਾ ਦੇਸ਼ ਹੈ, ਮੈਂ ਇਥੋਂ ਦਾ ਨਾਗਰਿਕ ਨਹੀਂ, ਮੈਨੂੰ ਇਥੋਂ ਦੀਆਂ ਡਾਕਟਰੀ ਸਹੂਲਤਾਂ ਮਿਲਣ ਬਾਰੇ ਵੀ ਸ਼ੰਕਾ ਸੀ। ਖਰਚਾ ਕਿੰਨਾ ਕੁ ਆ ਸਕਦਾ ਹੈ, ਇਸਦਾ ਵੀ ਕੋਈ ਅੰਦਾਜ਼ਾ ਨਹੀਂ ਸੀ। ਮਨ ਵਿਚ ਬੇਚੈਨੀ ਤਾਂ ਵਧੀ ਸੀ।

ਜੇ ਵਾਪਿਸ ਹਿੰਦੋਸਤਾਨ ਜਾ ਕੇ ਓਪਰੇਸ਼ਨ ਕਰਵਾਉਣਾ ਹੋਵੇ ਤਾਂ ਪਹਿਲੀ ਗੱਲ ਇਹ ਕਿ ਮੈਂ ਇਕੱਲਾ ਸ਼ਾਇਦ ਹੀ ਜਾ ਸਕਾਂ। ਦੂਜੀ ਗੱਲ ਪਤਾ ਨਹੀਂ ਕਿੱਦਣ ਦੀ ਵਾਪਸੀ ਦੀ ਸੀਟ ਮਿਲੇ ਤੇ ਇਸ ਤੋਂ ਅਗਾਂਹ ਉੱਥੇ ਡਾਕਟਰ ਕਦੋਂ ਓਪਰੇਸ਼ਨ ਦੀ ਤਾਰੀਖ ਦੇਵੇ। ਫਿਰ ਜਾਣਾ ਤਾਂ ਡਾਕਟਰ 'ਅਤੁਲ' ਕੋਲ ਹੀ ਹੈ, ਜਿਸ ਕੋਲੋਂ ਪਹਿਲਾਂ ਫਾਇਦਾ ਨਹੀਂ ਹੋਇਆ। ਹੋਰ ਕਿਸੇ ਦਾ ਪਤਾ ਜੁ ਨਹੀਂ ਸੀ।

ਇੰਗਲੈਂਡ ਹੀ ਹਰਜਿੰਦਰ ਸਿੰਘ ਕੰਵਲ, ਸੁਰਜੀਤ ਸਿੰਘ ਜੀਤ ਆਦਿ ਨਾਲ ਗੱਲ ਕੀਤੀ ਕਿ ਇਸ ਸਮੱਸਿਆ ਵਿਚੋਂ ਕਿਵੇਂ ਨਿਕਲਿਆ ਜਾਵੇ ਤਾਂ ਉਹਨਾਂ ਦੱਸਿਆ, ਵਾਪਿਸ ਚਲੇ ਜਾਓ, ਇਹਨਾਂ ਬੰਦਿਆਂ ਦਾ ਕੋਈ ਇਤਬਾਰ ਨਹੀਂ। ਹਿੰਦੋਸਤਾਨ ਦਾ ਇਲਾਜ ਸਸਤਾ ਵੀ ਹੈ ਤੇ ਚੰਗਾ ਵੀ ਹੈ।



Namdhari Elibrary NamdhariElibrary@gmail.com

ਆਪਣੀ ਨੂੰਹ ਕੰਵਲਜੀਤ ਦੀ ਭੂਆ ਪਾਲੋ ਨਾਲ ਗੱਲ ਕੀਤੀ ਉਸ ਦੱਸਿਆ, ਉਹ ਵੀ ਹੈਲਥ ਸਰਵਿਸ ਵਿਚ ਨੌਕਰੀ ਕਰਦੀ ਰਹੀ ਹੈ, ਪਰ ਇਥੋਂ ਦੇ ਡਾਕਟਰਾਂ ਦਾ ਰਵੱਈਆ ਇਥੋਂ ਦੇ ਨਾਗਰਿਕਾਂ ਪ੍ਰਤੀ ਤਾਂ ਜ਼ਿੰਮੇਵਾਰੀ ਵਾਲਾ ਹੁੰਦਾ ਹੈ, ਬਾਕੀਆਂ ਪ੍ਰਤੀ ਉਹ ਜ਼ਿੰਮੇਵਾਰੀ, ਹਮਦਰਦੀ ਤੇ ਪਿਆਰ ਨਹੀਂ ਵਿਖਾਉਂਦੇ। ਆਪਾਂ ਤਾਂ ਫਿਕਰ ਹੀ ਕਰਨਾ ਸੀ ਜੋ ਕਰਨਾ ਹੁੰਦਾ ਹੈ, ਬਾਕੀ ਕੰਮ ਤਾਂ ਡਾਕਟਰਾਂ ਨੇ ਹੀ ਕਰਨਾ ਹੁੰਦਾ ਹੈ। ਰਾਜੇ ਨੇ ਆਪਣੇ ਸਰਕਾਰੀ ਹੈਲਥ ਸਰਵਿਸ ਵਲੋਂ ਥਾਪੇ ਪਰਵਾਰਕ ਡਾਕਟਰ (ਜੀ. ਪੀ. ਜਨਰਲ ਪ੍ਰੈਕਟੀਸ਼ਨਲ), ਡਾਕਟਰ, ਇੰਦਰਾਨਿਲ ਕੁੰਦੂ (Dr. Indranail Kundu) ਕੋਲੋਂ ਇੰਟਰਨੈਟ ਤੇ ਅਪੁਆਇੰਟਮੈਂਟ ਲਈ ਤਾਂ ਪੰਝੀ ਜੂਨ ਦੋ ਹਜ਼ਾਰ ਦੱਸ ਦੀ ਤਾਰੀਖ ਮਿਲੀ। ਭਾਵੇਂ ਅਪੁਆਇੰਟਮੈਂਟ ਬੁੱਕ ਕਰ ਲਈ, ਪਰ ਇਹ ਦੱਸ ਕੁ ਦਿਨ ਬੜੇ ਔਖੇ ਸਨ। ਵਾਧੂ ਮਨ ਵਿਚ ਗੱਲਾਂ ਆਈ ਜਾਦੀਆਂ ਸਨ, ਚੰਗੀ ਗੱਲ ਤਾਂ ਮਨ ਵਿਚ ਹੁਣ ਵੀ ਨਹੀਂ ਸੀ ਆ ਰਹੀ, ਫਿਰ ਤਾਂ ਹੋਰ ਢਹਿੰਦੀ ਕਲਾ ਵਿਚ ਹੀ ਜਾਣਾ ਸੀ।

ਕੰਵਲਜੀਤ ਨੇ ਫੌਰੀ ਲੋੜ ਦੀ ਗੱਲ ਕਹਿ ਕੇ ਹਸਪਤਾਲ ਦੀ ਰਿਸੈਪਸ਼ਨਿਸਟ ਨਾਲ ਫ਼ੋਨ ਤੇ ਗੱਲ ਕੀਤੀ। ਯੂ. ਕੇ. ਵਿਚ ਨਾ ਲੰਮੀਆਂ-ਲੰਮੀਆਂ ਲਾਈਨਾਂ ਹਨ, ਨਾ ਉਹਨਾਂ ਲਾਈਨਾਂ ਵਿਚ ਲੱਗਣ ਦੀ ਲੋੜ ਹੈ। ਕੋਈ ਵੀ ਲੋੜ ਅਨੁਸਾਰ ਇੰਟਰਨੈੱਟ ਤੇ ਗੱਲ ਕਰਕੇ ਟਾਈਮ ਲੈ ਸਕਦਾ ਹੈ। ਤੇ ਉਹਨਾਂ ਦਾ ਫਾਇਦਾ ਲੈ ਸਕਦਾ ਹੈ। ਉਸ ਨਾਲ ਸਭ ਦਾ ਸਮਾਂ ਵੀ ਬਚਦਾ ਹੈ ਅਤੇ ਭਾਜੜ ਵੀ ਘਟਦੀ ਹੈ। ਡਾਕਟਰ ਦੇ ਮੇਜ਼ ਸਾਹਮਣੇ ਵੀ ਮਰੀਜ਼ਾਂ ਦੀ ਭੀੜ ਨਹੀਂ ਹੁੰਦੀ। ਜਿਹੜੀ ਸਾਰੇ ਵਾਤਾਵਰਨ ਨੂੰ ਪ੍ਰਦੂਸ਼ਿਤ ਤੇ ਅਸੁਖਾਵਾਂ ਕਰੇ। ਕੰਵਲਜੀਤ ਨੂੰ ਅਗਲੇ ਦਿਨ ਸਵੇਰੇ ਹਸਪਤਾਲ ਪਹੁੰਚਣ ਦਾ ਸਮਾਂ ਮਿਲ ਗਿਆ। ਰਾਜਾ ਲੈ ਗਿਆ, ਡਾਕਟਰ ਕੁੰਦੂ ਨੇ ਵੇਖਿਆ ਭਾਵੇਂ ਉਹ ਖੁਦ ਅੱਖਾਂ ਦਾ ਮਾਹਰ ਨਹੀਂ ਸੀ ਪਰ ਨਿਗਾਹ ਦੀ ਸਮੱਸਿਆ ਦੀ ਗੰਭੀਰਤਾ ਨੂੰ ਵੇਖ ਕੇ ਉਸ ਨੇ ਕਿਹਾ, "ਤੁਸੀਂ ਬਾਹਰ ਬੈਠੋ, ਮੈਂ ਅੱਖਾਂ ਦੇ ਮਾਹਰ ਡਾਕਟਰ ਨਾਲ ਗੱਲ ਕਰ ਕੇ ਤੁਹਾਨੂੰ ਦੱਸ ਦਿਆਂਗਾ।" ਉਸਦੇ ਕਹਿਣ ਅਨੁਸਾਰ ਰਿਸੈਪਸ਼ਨਿਸਟ ਅੱਖਾਂ ਦੇ ਮਾਹਰ ਡਾਕਟਰ "ਵੇਜ਼ਲੀ" ਨਾਲ ਰੈਡਿੰਗ ਗੱਲ ਕਰਦੀ ਰਹੀ। ਜਦੋਂ ਟਾਈਮ ਮਿਲਿਆ ਤਾਂ ਡਾਕਟਰ 'ਗਰਗਿਸ' ਜਿਹੜਾ ਉਸ ਸਮੇਂ ਡਾ. ਕੁਦੂੰ ਦੀ ਥਾਂ ਡਿਊਟੀ ਉਤੇ ਸੀ; ਖੁਦ ਬਾਹਰ ਸਾਨੂੰ ਦੱਸਣ ਆਇਆ ਕਿ ਤੁਹਾਡਾ ਅੱਜ ਹੀ ਪਿਛਲੇ ਪਹਿਰ ਰੈਡਿੰਗ ਜਾਣਾ ਜ਼ਰੂਰੀ ਹੈ। ਉਸਨੇ ਅਨਜਾਣ ਸਮਝਦਿਆਂ, ਸਾਨੂੰ ਲੈਂਗਲੀ ਤੋਂ ਰੈਡਿੰਗ ਦਾ ਰਸਤਾ ਵੀ ਸਮਝਾਇਆ (ਕਿਉਂਕਿ ਅਸੀਂ ਲੈਂਗਲੀ ਰਹਿੰਦੇ ਸਾਂ) ਤੇ ਨਾਲ ਹੀ ਇਹ ਵੀ ਦੱਸਿਆ ਕਿ ਅਸੀਂ ਉੱਥੇ ਪਾਰਕਿੰਗ ਤੇ ਗੱਡੀ ਕਿੱਥੇ ਖੜੀ ਕਰ ਸਕਾਂਗੇ। ਅਜੀਤ ਵਾਸਤੇ ਤਾਂ ਸ਼ਾਇਦ ਇਹ ਨਵੀਂ ਗੱਲ ਨਾ ਹੋਵੇ ਪਰ ਮੈਂ ਡਾਕਟਰ ਗਰਗਿਸ ਦੇ ਇਸ ਵਿਉਹਾਰ ਤੋਂ ਬਹੁਤ ਪ੍ਰਭਾਵਿਤ ਹੋਇਆ। ਕਿਉਂਕਿ ਹਿੰਦੋਸਤਾਨ ਵਿਚ ਤਾਂ ਕਈ ਡਾਕਟਰ ਬੜੇ ਖਿੱਝ ਜਾਂਦੇ ਹਨ ਤੇ ਬੜੇ ਖਰਵੇ ਸ਼ਬਦਾਂ ਵਿਚ ਕਹਿ ਦਿੰਦੇ ਹਨ ਕਿ ਬੜੀ ਕਾਹਲੀ ਹੈ ਤਾਂ ਕਿਸੇ ਹੋਰ ਥਾਂ ਜਾ ਕੇ ਇਲਾਜ ਕਰਵਾ ਲਵੋ। ਇਸ ਨਾਲ ਤਾਂ ਮਨੋਵਿਗਿਆਨਕ ਤੌਰ ਤੇ ਵੀ ਮਰੀਜ਼ ਢਹਿੰਦੀ ਕਲਾ ਵਿਚ ਹੀ ਜਾਂਦਾ ਹੈ ਨਾ! ਫਿਰ ਰੈਡਿੰਗ ਦੇ ਹਸਪਤਾਲ ਗਏ, ਉਹ ਬੜਾ ਵਧੀਆ, ਸਾਫ਼-ਸੁਥਰਾ, ਸ਼ਾਂਤ ਤੇ ਪ੍ਰਭਾਵਸ਼ਾਲੀ ਵਾਤਾਵਰਨ ਵਾਲਾ ਸੀ। ਉਸ ਵਿਚ ਇਸ ਤਰ੍ਹਾਂ ਖਾਣ-ਪੀਣ ਦੀਆਂ ਦੁਕਾਨਾਂ ਸਨ ਜਿਵੇਂ ਕਿਸੇ ਵੱਡੇ ਹੋਟਲ ਜਾਂ ਹਵਾਈ ਅੱਡੇ ਤੇ ਹੋਣ। ਸਫਾਈ ਦੇ ਤਾਂ ਕਹਿਣੇ ਹੀ ਕਿਆ! ਅਸੀਂ ਡਾਕਟਰ ਵੇਜ਼ਲੀ ਕੋਲ ਗਏ ਪਰ ਪਹਿਲਾਂ ਨਰਸ ਨੂੰ ਮਿਲੇ ਜਿਸਨੇ ਦੁਆਈ ਪਾ ਕੇ ਚੈੱਕ ਕੀਤਾ। ਡਾਕਟਰ ਨੇ ਸੱਦ ਕੇ ਬੜੇ ਧਿਆਨ ਨਾਲ ਤੇ ਬਰੀਕੀ ਨਾਲ ਵੱਖ-ਵੱਖ ਮਸ਼ੀਨਾਂ ਅੱਗੇ ਬਿਠਾ ਕੇ ਵੇਖਿਆ ਕਦੀ ਅੱਖ ਹੇਠਾਂ ਕਰਨ ਨੂੰ ਕਿਹਾ, ਕਦੀ ਉਤੇ, ਕਦੀ ਸੱਜੇ ਘੁੰਮਾਉਣ ਨੂੰ ਤੇ ਕਦੀ ਖੱਬੇ! ਇਹ ਕਹਿੰਦੀਆਂ ਉਹਦਾ ਵੀ ਚਿਹਰਾ ਉਦਾਸ ਸੀ ਕਿ ਅਨਫਾਰਚੂਨੇਟਲੀ ਰੈਟੀਨਾ ਇਜ਼ ਡੀਟੈਚਿੰਗ (ਪਰਦਾ ਡਿੱਗ ਰਿਹਾ ਹੈ) ਪਰ ਉਸ ਨੇ ਸਾਨੂੰ ਬਾਹਰ ਇੰਤਜ਼ਾਰ ਕਰਨ ਲਈ ਕਿਹਾ। ਉਸਨੇ ਟੈਲੀਫੋਨ ਕਰਕੇ ਰੈਟੀਨਾ ਦਾ ਉਪਰੇਸ਼ਨ ਕਰਨ ਵਾਲੇ ਮਾਹਿਰ ਡਾਕਟਰ 'ਸਰਹਾਨ' ਨੂੰ ਸੱਦ ਲਿਆ। ਮਿ. ਸਰਹਾਨ ਨੇ ਫਿਰ ਮਸ਼ੀਨਾਂ ਰਾਹੀਂ ਚੈੱਕ ਕੀਤਾ ਤੇ ਫੈਸਲਾ ਲਿਆ ਕਿ ਇਹ ਓਪਰੇਸ਼ਨ ਫੌਰਨ ਕਰਨ ਦੀ ਲੋੜ ਹੈ। ਉਸੇ ਵੇਲੇ ਬਲਡ ਪ੍ਰੈਸ਼ਰ, ਸ਼ੂਗਰ, ਅਲਰਜੀ, ਦਿਲ ਦੀ ਕਿਸੇ ਤਕਲੀਫ ਆਦਿ ਬਾਰੇ ਨਰਸਾਂ ਰਾਹੀਂ ਪੁੱਛਿਆ ਗਿਆ ਤੇ ਖ਼ੂਨ ਦਾ, ਗਲੇ ਦਾ, ਨੱਕ ਦਾ, ਕਈ ਤਰ੍ਹਾਂ ਦਾ ਸੈਂਪਲ ਵੀ ਲਿਆ ਗਿਆ ਤੇ ਕਿਹਾ ਗਿਆ ਕਿ ਕੱਲ੍ਹ ਕਿੰਗ ਐਡਵਰਡ ਸੈਵੰਥ ਹਸਪਤਾਲ ਵਿੰਡਸਰ ਓਪਰੇਸ਼ਨ ਹੋਵੇਗਾ। ਇਹ ਜਾਣ ਕੇ ਹੋਰਾਂ ਦੀਆਂ ਉੱਥੇ ਦੇ ਡਾਕਟਰੀ ਪ੍ਰਬੰਧ ਬਾਰੇ ਕੀਤੀਆਂ ਗੱਲਾਂ ਝੂਠੀਆਂ ਜਾਪੀਆਂ ਕਿਉਂਕਿ ਉਹਨਾਂ ਨੂੰ ਕਿੰਨਾ ਫ਼ਿਕਰ ਸੀ ਮਰੀਜ਼ ਦਾ। ਕਿਵੇਂ ਉਹ ਟਾਈਮ ਦਾ ਧਿਆਨ ਰੱਖ ਰਹੇ ਸਨ।

ਸਾਨੂੰ ਇਹ ਪਤਾ ਲੱਗਾ ਕਿ ਮਿ. ਸਰਹਾਨ ਨੇ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆ ਕਿਸੇ ਹੋਰ ਦਾ ਓਪਰੇਸ਼ਨ ਕੈਂਸਲ ਕਰਕੇ ਇਸ ਓਪਰੇਸ਼ਨ ਵਾਸਤੇ ਸਮਾਂ ਕੱਢਿਆ ਸੀ। ਓਪਰੇਸ਼ਨ ਵਾਲੇ ਦਿਨ ਗਏ ਵਿੰਡਸਰ ਹਸਪਤਾਲ ਦਾ ਬੜਾ ਸ਼ਾਂਤ ਤੇ ਸੁਖਾਵਾਂ ਵਾਤਾਵਰਨ ਸੀ। ਹਿੰਦੋਸਤਾਨ ਦੇ



Namdhari Elibrary NamdhariElibrary@gmail.com

ਹਸਪਤਾਲਾਂ ਵਾਂਗ ਕੋਈ ਭੀੜ-ਭੜਕਾ ਨਹੀਂ ਸੀ, ਕੋਈ ਭਾਜੜ ਨਹੀਂ ਸੀ, ਨਾ ਕੋਈ ਧਕਮ-ਧੱਕਾ, ਨਾ ਫ਼ਜ਼ੂਲ ਦਾ ਮੋਬਾਈਲ ਫੋਨਾਂ ਦਾ ਰੌਲਾ ਅਤੇ ਨਾ ਹੀ ਕੋਈ ਜੇਬ ਕੱਟੇ ਜਾਣ ਦਾ ਖ਼ਤਰਾ। ਹਿੰਦੁਸਤਾਨ ਵਿਚ ਤਾਂ ਮਰੀਜ਼ ਜਾਂ ਉਸਦੇ ਨਾਲ ਆਇਆਂ ਨੂੰ ਉਂਜ ਹੀ ਹੱਥਾਂ ਪੈਰਾਂ ਦੀ ਪਈ ਹੁੰਦੀ ਹੈ। ਤੇ ਜੇਬ ਕਤਰੇ ਅਗਲਿਆਂ ਨੂੰ ਹੋਰ ਉਦਾਸ ਕਰ ਜਾਂਦੇ ਹਨ।

ਸਾਫ਼ ਸੁਥਰੇ ਲਾਂਘਿਆਂ ਵਿਚੋਂ ਲੰਘਦੇ ਹੋਏ ਰਿਸੈਪਸ਼ਨ ਤੇ ਪੁੱਜ ਕੇ ਆਪਣੇ ਕਾਗਜ਼ ਵਿਖਾਏ। ਉਹਨਾਂ ਆਪਣੀ ਕਾਰਵਾਈ ਕਰਕੇ, ਦਵਾਈ ਪਾ ਕੇ, ਡਾਕਟਰ ਕੋਲ ਪਹੁੰਚਾ ਦਿੱਤਾ। ਸਾਡੀ ਰਿਪੋਰਟ ਤਾਂ ਭੇਜਣ ਦੀ ਜਾਂ ਆਪੇ ਲੈ ਕੇ ਜਾਣ ਦੀ ਇਥੋਂ ਵਾਂਗ ਲੋੜ ਨਹੀਂ ਸੀ ਕਿਉਂਕਿ ਸਾਰਾ ਰਿਕਾਰਡ ਕੰਪਿਊਟਰ ਰਾਹੀਂ ਇਕ ਥਾਂ ਤੋਂ ਦੂਜੀ ਥਾਂ ਤੇ ਮੇਲ ਕਰ ਦਿੱਤਾ ਜਾਂਦਾ ਸੀ। ਅੱਖ ਸੁੰਨ ਕਰਕੇ ਓਪਰੇਸ਼ਨ ਵਾਲੇ ਕਪੜੇ ਪੁਆ ਕੇ ਓਪਰੇਸ਼ਨ ਥਿਏਟਰ ਵਲ ਲਿਜਾਣ ਲੱਗਿਆਂ ਭਾਵੇਂ ਮੈਂ ਕਿਹਾ ਸੀ ਕਿ ਮੈਨੂੰ ਦਵਾਈਆਂ ਦੀ ਲੋੜ ਨਹੀਂ ਫਿਰ ਵੀ ਪਰਵਿੰਦਰ ਕੌਰ ਨਾਂ ਦੀ ਨਰਸ ਇਸ ਕਰਕੇ ਨਾਲ ਗਈ ਕਿ ਜੇ ਕਿਤੇ ਲੋੜ ਪਵੇ ਤਾਂ ਮੈਂ ਉਸਨੂੰ ਆਪਣੀ ਗੱਲ ਦੱਸ ਸਕਾਂ। ਉਹਨਾਂ ਦੀ ਇਹ ਗੱਲ ਵੀ ਵਧੀਆ ਸੀ ਕਿ ਉਹ ਨਰਸ ਓਪਰੇਸ਼ਨ ਸਮੇਂ ਮੇਰਾ ਹੱਥ ਫੜ ਕੇ ਖੜ੍ਹੀ ਰਹੀ ਤੇ ਮੈਨੂੰ ਕਿਹਾ ਗਿਆ ਜੇ ਮੈਨੂੰ ਕੋਈ ਅਸੁਖਾਂਵੀਂ ਤਕਲੀਫ ਹੋਵੇ ਤਾਂ ਮੈਂ ਉਸਦਾ ਹੱਥ ਘੁੱਟ ਦਿਆਂ। ਉਹ ਪਹਿਲਾਂ ਮੇਰੀ ਉਸ ਤਕਲੀਫ ਨੂੰ ਸੁਣਨਗੇ ਫਿਰ ਓਪਰੇਸ਼ਨ ਅਗਾਂਹ ਤੋਰਨਗੇ। ਦੋ ਘੰਟਿਆਂ ਦੇ ਸਮੇਂ ਵਿਚ ਓਪਰੇਸ਼ਨ ਕਰਕੇ ਮੈਨੂੰ ਕਮਰੇ ਵਿਚ ਮੰਜੇ ਤੇ ਭੇਜ ਦਿੱਤਾ ਗਿਆ। ਅਜੀਤ ਨੂੰ ਕੁਝ ਹਦਾਇਤਾਂ ਦਿੱਤੀਆਂ। ਡਾ. ਸਰਗਨ ਨੇ ਫਿਰ ਧਿਆਨ ਨਾਲ ਚੈੱਕ ਕੀਤਾ ਤੇ ਕਿਹਾ ਕਪੜੇ ਬਦਲ ਕੇ ਤੁਸੀਂ ਘਰ ਜਾ ਸਕਦੇ ਹੋ। ਉਹਨਾਂ ਕਿਹਾ, "ਖੱਬੀ ਅੱਖ ਵਿਚ ਰੈਟੀਨਾ ਅਟੈਚ ਕਰਕੇ ਗੈਸ ਬੁਲਬੁਲਾ ਪਾਇਆ ਹੈ। ਇਹ ਤਿੰਨ ਕੁ ਮਹੀਨੇ ਅੱਖ ਵਿਚ ਰਹੇਗਾ ਇਸ ਸਮੇਂ ਵਿਚ ਹਵਾਈ ਸਫ਼ਰ ਨਹੀਂ ਕੀਤਾ ਜਾ ਸਕਦਾ। ਇਹ ਬੁਲਬੁਲਾ ਆਪੇ ਘੁੱਲ ਜਾਏਗਾ। ਜਦੋਂ ਇਹ ਘੁੱਲ ਜਾਏ ਤਾਂ ਹਵਾਈ ਸਫ਼ਰ ਕੀਤਾ ਜਾ ਸਕਦਾ ਹੈ। ਲੇਟਣਾ ਇਕ ਹਫਤਾ ਸੱਜੇ ਪਾਸੇ ਸਿਰ ਕਰਕੇ ਤਾਂਕਿ ਉਸ ਗੈਸ ਦਾ ਦਬਾਅ ਰੈਟੀਨੇ ਤੇ ਪਵੇ ਤੇ ਉਹ ਠੀਕ ਥਾਂ ਸੈੱਟ ਹੋਇਆ ਰਹੇ। ਹਫਤਾ ਭਰ ਹਰ ਘੰਟੇ ਵਿਚ ਸਿਰਫ ਦਸ ਮਿੰਟ ਹੀ ਸਿਰ ਹੋਰ ਤਰ੍ਹਾਂ ਕਰਨਾ ਹੈ। ਨਹੀਂ ਤਾਂ *ਚੀਕ ਆਨ ਦੀ ਪਿਲੋ* (ਸਿਰਹਾਨੇ ਤੇ ਸੱਜੀ ਗੱਲ੍ਹ) ਕਰਕੇ ਸੌਣਾ ਹੈ ਕੋਈ ਹੋਰ ਪਰੇਹਜ਼ ਨਹੀਂ, ਕੋਈ ਹੋਰ ਚਿੰਤਾ ਕਰਨ ਵਾਲੀ ਗੱਲ ਨਹੀਂ। ਡਾਕਟਰ ਨੇ ਮਸ਼ੀਨ ਨਾਲ ਉਤਾਂਹ, ਹੇਠਾਂ, ਸੱਜੇ, ਖੱਬੇ ਆਨਾ ਘੁੰਮਾ ਕੇ ਵੇਖਣ ਲਈ ਕਿਹਾ ਤੇ ਓਪਰੇਸ਼ਨ ਤੇ ਤਸੱਲੀ ਪ੍ਰਗਟ ਕੀਤੀ। ਮੇਰੇ ਸੱਜੇ ਗੁੱਟ ਉਤੇ ਇਕ ਪੱਟੀ, ਪਲਾਸਟਿਕ ਦੀ ਬੰਨ੍ਹ ਦਿੱਤੀ ਗਈ ਸੀ। ਜਿਸ ਉੱਤੇ ਲਿਖਿਆ ਹੋਇਆ ਸੀ ਕਿ ਇਸ ਦੀ ਅੱਖ ਵਿਚ ਬੁਲਬੁਲਾ ਪਾਇਆ ਗਿਆ ਹੈ। ਜੇ ਕਿਸੇ ਤਕਲੀਫ ਕਰਕੇ ਕੋਈ ਇਲਾਜ ਕਰਨਾ ਪਵੇ ਤਾਂ ਉਸਦਾ ਧਿਆਨ ਰੱਖਿਆ ਜਾਏ। ਤਿੰਨ ਮਹੀਨੇ ਕਿੰਨਾ ਧਿਆਨ ਰੱਖਿਆ ਜਾਂਦਾ ਹੈ। ਜੇ ਕਿਸੇ ਕਾਰਨ ਮਰੀਜ਼ ਨੂੰ ਬੇਹੋਸ਼ੀ ਕਾਰਨ ਕੋਈ ਦਵਾਈ ਦੇਣੀ ਪਵੇ ਤਾਂ ਪੱਟੀ ਤੇ ਲਿਖੀ ਹਿਦਾਇਤ ਦੀ ਉਲੰਘਣਾ ਨਾ ਹੋਵੇ। ਅਸੀਂ ਘਰ ਆ ਕੇ ਉਸਦੀਆਂ ਹਦਾਇਤਾਂ ਤੇ ਅਮਲ ਕਰਨ ਲੱਗੇ। ਲੋੜ ਅਨੁਸਾਰ ਅੱਖ ਵਿਚ ਦੁਆਈਆਂ ਪਾਉਣ ਲੱਗੇ।

ਹਫ਼ਤੇ ਕੁ ਬਾਅਦ ਬੁੱਧਵਾਰ ਆਉਣ ਵਾਸਤੇ ਉਸਨੇ ਸਾਨੂੰ ਜ਼ੁਬਾਨੀ ਤਾਂ ਆਖ ਹੀ ਦਿੱਤਾ ਸੀ ਪਰ ਨਾਲ ਹੀ ਕੁਝ ਦਿਨਾਂ ਬਾਅਦ ਚਿੱਠੀ ਵੀ ਆ ਗਈ ਕਿ ਤੁਹਾਡਾ ਜਿਹੜਾ ਸਮਾਂ ਨਿਸ਼ਚਿਤ ਹੈ ਉਸ ਸਮੇਂ ਜ਼ਰੂਰ ਪਹੁੰਚੋ। ਜੇ ਨਹੀਂ ਪਹੁੰਚ ਸਕਦੇ ਤਾਂ ਦੱਸੋ। ਇਸ ਤਰ੍ਹਾਂ ਡਾਕਟਰ ਮਰੀਜ਼ ਦਾ ਸਮਾਂ ਤੇ ਆਪਣਾ ਸਮਾਂ, ਕੀਮਤੀ ਸਮਝਦਿਆਂ ਹੋਇਆ ਉਸ ਦੀ ਕਦਰ ਕਰਦੇ ਹਨ ਫਿਰ ਟੈਲੀਫੋਨ ਉੱਤੇ, ਡਾਕਟਰ ਨੂੰ ਮਿਲਣ ਦੇ ਸਮੇਂ ਤੋਂ ਇਕ ਦਿਨ ਪਹਿਲਾਂ ਉਸਦੇ ਦਫਤਰ ਵਾਲੇ ਤਸੱਲੀ ਕਰ ਲੈਂਦੇ ਹਨ ਕਿ ਅਸੀਂ ਵਿਖਾਉਣ ਆ ਰਹੇ ਹਾਂ ਜਾਂ ਨਹੀਂ। ਇਸ ਤਰ੍ਹਾਂ ਡਾਕਟਰ ਮਰੀਜ਼ ਨੂੰ ਵੀ ਅਵੇਸਲਾ ਨਹੀਂ ਹੋਣ ਦਿੰਦੇ ਤੇ ਨਾ ਉਸ ਦੇ ਪਰਿਵਾਰ ਨੂੰ। ਤਾਂਕਿ ਸਾਰੇ ਪੂਰੀ ਜ਼ਿੰਮੇਵਾਰੀ ਸਮਝਣ। ਉਥੋਂ ਦੇ ਹੋਰ ਮਾਹੌਲ ਦਾ ਤਾਂ ਪਤਾ ਨਹੀਂ ਪਰ ਜਿਥੋਂ ਮੈਂ ਗਿਆ ਸਾਂ ਇਥੋਂ ਦੇ ਹਾਲਾਤ ਅਨੁਸਾਰ ਤਾਂ ਉਹ ਵਾਤਾਵਰਨ ਨਿਵੇਕਲਾ ਪਰ ਚੰਗੇਰਾ ਲੱਗਦਾ ਹੈ?

ਉਂਜ ਉੱਥੇ ਵੀ ਅਗਲੀ ਵਾਰ ਵਿਖਾਉਣ ਗਿਆਂ ਇਕ ਐਸੀ ਡਾਕਟਰ ਮਿਲੀ ਜਿਸਨੇ ਇਹ ਪੁੱਛਣ ਤੇ ਕਿ ਨਿਗਾਹ ਠੀਕ ਹੋ ਜਾਏਗੀ? ਅਗੋਂ ਜੁਆਬ ਦਿੱਤਾ ਇਕੀ ਸਾਲ ਦੀ ਉਮਰ ਦੇ ਜੁਆਨਾਂ ਵਰਗੀ ਨਹੀਂ ਹੋਵੇਗੀ। ਪੜ੍ਹਨ ਵੇਲੇ ਮੋਟੇ ਸ਼ੀਸ਼ੇ ਦੀ ਲੋੜ ਪਏਗੀ। ਇਹ ਗੱਲ ਭਾਵੇਂ ਠੀਕ ਵੀ ਹੋਵੇ ਪਰ ਮਰੀਜ਼ ਨੂੰ ਹੌਸਲਾ ਦੇਣ ਵਾਲੀ ਤਾਂ ਨਹੀਂ ਹੁੰਦੀ ਨਾ। ਕਿਉਂਕਿ ਇਹ ਕੇਸ ਮਿ. ਸਰਹਾਨ ਦਾ ਸੀ ਉਸਨੂੰ ਚਿੰਤਾ ਵੱਧ ਸੀ। ਉਸਨੇ ਜਦੋਂ ਵੇਖਿਆ ਕਿ ਅੱਖ ਵਿਚ ਪ੍ਰੈਸ਼ਰ ਜ਼ਿਆਦਾ ਹੈ ਤਾਂ ਉਸਨੇ ਖਾਣ ਤੇ ਪਾਉਣ ਵਾਸਤੇ ਦੁਆਈਆਂ ਦਿੱਤੀਆਂ। ਲੋੜ ਅਨੁਸਾਰ ਅੱਖਾਂ ਦੀਆਂ ਦੁਆਈਆਂ ਬਦਲੀਆਂ ਵੀ।

ਯੂ. ਕੇ. ਵਿਚ ਤੁਸੀਂ ਬਜ਼ਾਰੋਂ ਕਿਸੇ ਕੈਮਿਸਟ ਕੋਲੋਂ ਵੀ ਆਪੇ ਕੋਈ ਦੁਆਈ ਨਹੀਂ ਖਰੀਦ ਸਕਦੇ। ਉਹੀ ਹੀ ਦੁਆਈ ਦਏਗਾ ਜਿਹੜੀ ਡਾਕਟਰ ਨੇ ਲਿਖੀ ਹੋਵੇਗੀ। ਸਾਡੇ ਕੋਲੋਂ ਤਾਂ ਦੁਆਈਆਂ ਦੇ ਪੈਸੇ ਵੀ ਨਹੀਂ ਮੰਗੇ ਗਏ ਕਿਉਂਕਿ ਡਾਕਟਰ



Namdhari Elibrary NamdhariElibrary@gmail.com

ਦੀ ਲਿਖੀ ਦੁਆਈ ਦੇ ਪੈਸੇ ਕੈਮਿਸਟ ਨੂੰ ਸਰਕਾਰ ਤੋਂ ਮਿਲ ਜਾਂਦੇ ਹਨ। ਹਰ ਮਰੀਜ਼ ਦਾ ਕੇਸ ਕੰਪਿਊਟਰ ਤੇ ਹੁੰਦਾ ਹੈ ਮਰੀਜ਼ ਨੂੰ ਖਾਸ ਨੰਬਰ ਦਿੱਤਾ ਜਾਂਦਾ ਹੈ ਸਰਕਾਰ ਨੂੰ ਬਿੱਲ ਭੇਜਣ ਲੱਗਿਆਂ ਉਹ ਇਸ ਨੰਬਰ ਦੀ ਵਰਤੋਂ ਕਰ ਲੈਂਦੇ ਹਨ।

ਉੱਥੇ ਦੇ ਹਸਪਤਾਲ ਸਾਫ਼ ਸੁਥਰੇ ਹਨ ਹੀ। ਬਾਹਰ ਵੀ ਅੱਖਾਂ ਨੂੰ ਮਿੱਟੀ ਘੱਟੇ ਤੋਂ ਬਚਾਉਣ ਦੀ ਲੋੜ ਘੱਟ ਹੀ ਪੈਂਦੀ ਹੈ। ਰੁੱਖਾਂ, ਬੂਟਿਆਂ ਤੇ ਵੀ ਘੱਟਾ ਨਹੀਂ ਮਿਲਦਾ ਕਿਉਂਕਿ ਪਤਾ ਨਹੀਂ ਕਦੋਂ ਮੀਂਹ ਪੈਣ ਨਾਲ ਰੁੱਖ, ਬੂਟੇ, ਛੱਤਾਂ, ਸੜਕਾਂ ਧੋਤੀਆਂ ਜਾਣੀਆਂ ਨੇ ਤੇ ਫਿਰ ਮਿੱਟੀ ਉੱਡੇਗੀ ਕਿਵੇਂ? ਇਸ ਕਰਕੇ ਘਰ ਵੀ ਅੱਖ ਦੇ ਬਚਾਅ ਵੇਲੇ ਕੁਝ ਪਰਹੇਜ਼ ਤਾਂ ਕੁਦਰਤੀ ਹੁੰਦਾ ਹੈ। ਜਦੋਂ ਤਕ ਅੱਖ ਦੀ ਨਿਗਾਹ ਕਾਫੀ ਜ਼ਿਆਦਾ ਠੀਕ ਨਹੀਂ ਸੀ ਹੋ ਗਈ ਤੇ ਮਿ. ਸਰਹਾਨ ਨੇ ਇਹ ਨਹੀਂ ਸੀ ਆਖ ਦਿੱਤਾ, "ਮੈਂ ਹੈਪੀ (ਖੁਸ਼) ਹਾਂ, ਓਪਰੇਸ਼ਨ ਕਾਮਯਾਬ ਰਿਹਾ, ਹੁਣ ਹਫ਼ਤੇ ਦਸ ਦਿਨ ਵਿਚ ਗੈਸ ਦਾ ਬੁਲਬੁਲਾ ਪੂਰੀ ਤਰ੍ਹਾਂ ਘੁਲ ਜਾਏਗਾ, ਨਿਗਾਹ ਸੱਜੇ, ਖੱਬੇ, ਹੇਠਾਂ, ਉੱਤੇ ਵੱਧ ਜਾਏਗੀ ਅਤੇ ਬੁਲਬੁਲਾ ਘੁਲਣ ਤੋਂ ਬਾਅਦ ਤੁਸੀਂ ਵਾਪਿਸ ਇੰਡੀਆ ਜਾ ਸਕੋਗੇ, ਓਨਾ ਚਿਰ ਚਿੰਤਾ ਬਣੀ ਰਹੀ। ਗੁੱਟ ਤੇ ਪਲਾਸਟਿਕ ਦੀ ਪੱਟੀ ਜਿਹੀ ਵੀ ਬੱਝੀ ਰਹੀ।

ਇਹੀ ਉਹ ਚਿੰਤਾ ਹੀ ਸੀ ਜਿਸ ਕਰਕੇ ਅੰਦਰੋਂ ਇਹ ਬੋਲ ਨਿਕਲੇ ਸਨ ਕਿ ਦੁਬਾਰਾ 'ਮੈਂ ਯੂ. ਕੇ. ਨਹੀਂ ਆ ਸਕਾਂਗਾ' ਅਤੇ ਇਹ ਵੀ ਮਨ ਵਿਚ ਆਈ ਸੀ ਕਿ ਜੇ ਨਿਗਾਹ ਠੀਕ ਨਾ ਹੋਈ ਤਾਂ ਕੌਣ ਡੰਗੋਰੀ ਬਣੇਗਾ? ਕਿਸ ਤਰ੍ਹਾਂ ਅਗਾਂਹ ਲਿਖਣ ਪੜ੍ਹਨ ਦਾ ਕੰਮ ਚੱਲੇਗਾ? ਫਿਰ ਉਹਨਾਂ ਦਾ ਧਿਆਨ ਆਇਆ, ਜਿਨ੍ਹਾਂ ਦੀ ਵੇਖਣ ਦੀ ਸ਼ਕਤੀ ਨਹੀਂ ਹੈ, ਸੂਰਮੇ ਸਿੰਘ ਤੇ ਮਨ ਵਿਚ ਆਇਆ ਕਿ ਉਹ ਲੰਮੀਆਂ ਉਮਰਾ ਭੋਗ ਰਹੇ ਹਨ, ਲਿਖਣ ਦਾ ਕੰਮ ਕਰ ਰਹੇ ਹਨ, ਹਿੰਮਤ ਕਰਕੇ ਜਿਉਂ ਰਹੇ ਹਨ ਉਹ ਹੀ ਹਿੰਮਤ ਆਪ ਨੂੰ ਵੀ ਰੱਖਣੀ ਪਵੇਗੀ। ਪਰ ਨਾਲ ਹੀ ਆਉਂਦਾ ਹੈ ਕਿ ਇਹ ਸੰਸਾਰ ਜੋ ਹਰੀ ਦਾ ਰੂਪ ਹੈ ਇਹ ਕਿਵੇਂ ਦਿਸੇਗਾ ਇਸਦੀਆਂ ਹੁਸੀਨ ਵਾਦੀਆਂ, ਇਸਦੇ ਦਿਲਕਸ਼ ਨਜ਼ਾਰੇ ਤਾਂ ਸਦਾ ਲਈ ਅਲੋਪ ਹੋ ਜਾਣਗੇ। ਮਨ ਨੂੰ ਇਸ ਗੱਲ ਦੀ ਵੀ ਤਸੱਲੀ ਸੀ ਕਿ ਵੱਡੇ ਲੜਕੇ ਰਾਣੇ ਰਾਹੀਂ ਸਤਿਗੁਰੂ ਜੀ ਨੂੰ ਅਰਜ਼ ਹੋ ਗਈ ਹੈ ਉਹਨਾਂ ਦੀ ਕਿਰਪਾ ਨਾਲ ਓਪਰੇਸ਼ਨ ਕਾਮਯਾਬ ਰਿਹਾ ਹੈ, ਸੁੱਖ ਵੀ ਬਣ ਹੀ ਜਾਵੇਗਾ। ਨਾਲੇ ਇਕ ਗੱਲ ਹੋਰ ਵੀ ਸੋਚ ਨਾਲ ਜੁੜੀ ਹੋਈ ਹੈ ਕਿ ਕੀ ਜਿਹੜੇ ਸਾਰੇ ਸਰੀਰਕ ਤੌਰ ਤੇ ਪੂਰੀ ਤਰ੍ਹਾਂ ਤੰਦਰੁਸਤ ਹਨ ਨਿਗਾਹ ਵੀ ਠੀਕ ਹੈ, ਹੱਡ ਗੋਡੇ ਵੀ ਕੰਮ ਕਰਦੇ ਹਨ, ਚੁਸਤ ਦਰੁਸਤ ਹਨ, ਕੀ ਸਾਰੇ ਸਮੁੰਦਰੋਂ ਪਾਰ ਆ ਜਾ ਰਹੇ ਹਨ? ਕੀ ਅੱਗੋਂ ਉਹਨਾਂ ਲਈ ਸਮੁੰਦਰੋਂ ਪਾਰ ਆਉਣਾ ਜਾਂ ਨਾ ਆਉਣਾ ਬੰਦੇ ਦੇ ਵੱਸ ਦੀ ਗੱਲ ਹੈ? ਕੀ ਬੰਦੇ ਨੂੰ ਪਤਾ ਹੈ ਕਿ ਉਸਦੀ ਉਮਰ ਕਿੰਨੀ ਹੈ? ਕੱਲ ਕੀ ਹੋ ਜਾਣਾ ਹੈ? ਕਈ ਘਰੋਂ ਸਫ਼ਰ ਤੇ ਨਿਕਲੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ ਜੇ ਬੰਦੇ ਨੂੰ ਆਪਣੀ ਹੋਣੀ ਦਾ ਪਤਾ ਹੋਵੇ, ਇਹ ਪਤਾ ਹੋਵੇ ਕਿ ਕੱਲ੍ਹ ਕੀ ਵਾਪਰਨਾ ਹੈ ਤਾਂ ਉਹ ਕੌੜਾ-ਕੌੜਾ ਥੂਹ ਕਰ ਦੇਵੇ ਅਤੇ ਮਿੱਠਾ-ਮਿੱਠਾ ਰੱਖ ਲਏ। ਭਾਵੇਂ ਵਿਗਿਆਨਕ ਤੌਰ ਤੇ ਮਨੁੱਖ ਨੇ ਬੜੀ ਤਰੱਕੀ ਕਰ ਲਈ ਹੈ ਉਹ ਸਮੁੱਚੀ ਪ੍ਰਕਿਰਤੀ ਨੂੰ ਆਪਣੇ ਅਨੁਸਾਰ ਚਲਾਉਣ ਵਾਸਤੇ ਬੜੀ ਕੋਸ਼ਿਸ਼ ਕਰ ਰਿਹਾ ਹੈ, ਉਹ ਨਿੱਤ ਨਵੇਂ ਸੁੱਖ, ਅਰਾਮ ਦੇ ਸਾਧਨ ਬਣਾ ਰਿਹਾ ਹੈ, ਪਰ ਇਸ ਅਟੱਲ ਸੱਚਾਈ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਤੇ ਕਿਸੇ ਨੂੰ ਨਹੀਂ ਪਤਾ ਕਿ ਭਵਿੱਖਤ ਦੇ ਗਰਭ ਵਿਚ ਕੀ ਹੈ? ਫਿਰ ਮੈਂ ਕਿਵੇਂ ਸੋਚ ਲਿਆ ਕਿ ਆਖਰੀ ਵਾਰ, ਸਮੁੰਦਰੋਂ ਪਾਰ ਆ ਜਾ ਰਿਹਾ ਹਾਂ।

*੭੨੦, ਅਰਬਨ ਸਟੇਟ, ਫੇਸ ਦੂ ਦੁਗਰੀ,*
*ਲੁਧਿਆਣਾ, ਮੋ-੯੧੪੬੫-੨੪੫੯੭*

## ਜ਼ਵਾਲ / —*ਸ਼ਿਵਨਾਥ*

ਪੈ ਰਿਹੇ ਘੜਮੱਸ ਸਾਡੇ,
ਵਿਹੜਿਆਂ ਵਿਚ ਬੇ-ਸ਼ੁਮਾਰ!
ਕਿਸ ਤਰ੍ਹਾਂ ਦੀ ਆ ਰਹੀ ਏ,
ਦੇਸ਼ ਦੇ ਅੰਦਰ ਬਹਾਰ ?

ਬੇ-ਸੁਰੇ ਜਿਹੇ ਗੀਤ,
ਸਭਿਆਚਾਰ ਦਾ ਹਿੱਸਾ ਬਣੇ।
ਬੇ-ਥਵ੍ਹੀ ਜਿਹੀ ਗੱਲ ਉੱਤੇ
ਮਾਰਦੇ ਹਾਂ ਤਾੜੀਆਂ।
ਉੱਡ ਗਈਆਂ ਨੇ ਹਿਯਾਵਾਂ,
ਖੰਭ ਲਾ ਕੇ ਸਾਰੀਆਂ!

ਅੱਜ ਸਾਡੀ ਸੂਝ ਨੂੰ,
ਸਾਡਾ ਪਸ਼ੂ-ਬਲ ਚਰ ਗਿਐ!
ਖ਼ਬਰੇ ਸਾਡੀ ਅਣਖਦੇ ਖਾਨੇ ਚੋਂ
ਕੀ ਕਿਉਂ ਮਰ ਗਿਐ ?

ਅੱਜ ਸਾਡੇ ਅੰਦਰੋਂ
ਉੱਠਦਾ ਨਹੀਂ ਕੋਈ ਸਵਾਲ,
ਇਹ ਵੀ ਆਉਣਾ ਸੀ,
ਅਸਾਡੀ, ਆਦਮੀਅਤ ਦਾ ਜ਼ਵਾਲ!

*੧੨੫੭-ਸੀ ਐਲ. ਆਈ. ਜੀ.*
*ਫੇਜ਼-੧੦ ਮੋਹਾਲੀ ੧੬੦੦੬੨*



Namdhari Elibrary NamdhariElibrary@gmail.com

# ਅਭੁੱਲ ਯਾਦਾਂ

—ਗੁਰਬਖਸ਼ ਸਿੰਘ ਮਠਾੜੂ

ਮੈਂ ਐਸੀਆਂ ਦੋ ਅਭੁੱਲ ਮਿਲਣੀਆਂ ਦਾ ਜ਼ਿਕਰ ਕਰਨ ਲੱਗਾ ਹਾਂ ਜੋ ਰੇਲ ਸਫਰ ਦੌਰਾਨ ਹੋਈਆਂ ਅਤੇ ਜਿਨ੍ਹਾਂ ਦਾ ਧੁਰਾ ਅੰਬਾਲਾ ਸਟੇਸ਼ਨ ਹੀ ਹੈ। ਪਹਿਲੀ ਤਾਂ ਅੰਬਾਲਾ ਤੋਂ ਜਲੰਧਰ ਦੇ ਸਫਰ ਦੌਰਾਨ ਉਸ ਵੇਲੇ ਦੇ ਪੰਜਾਬੀ ਸਾਹਿਤ ਦੇ ਮਹਾਨ ਲੇਖਕ ਸ. ਗੁਰਬਖਸ਼ ਸਿੰਘ "ਪ੍ਰੀਤਲੜੀ" ਨਾਲ ਹੋਈ ਅਤੇ ਦੂਸਰੀ ਜਲੰਧਰ ਤੋਂ ਅੰਬਾਲਾ ਦੇ ਸਫਰ ਦੌਰਾਨ ਗ਼ਜ਼ਲ ਗਾਇਕੀ ਦੇ ਸ਼ਹਿਨਸ਼ਾਹ ਉਸਤਾਦ ਮਹਿਦੀ ਹਸਨ ਨਾਲ ਹੋਈ ਜੋ ੩੦ ਸਾਲ ਬਾਦ ਭਾਰਤ ਦੇ ਦੌਰੇ ਤੇ ਆਏ ਸਨ, ਜਿਨਾਂ ਬਾਰੇ ਲਤਾ ਮੰਗੇਸ਼ਕਰ ਦਾ ਕਹਿਣਾ ਸੀ ਕਿ ਇਸਦੇ ਗਲੇ ਵਿਚ ਭਗਵਾਨ ਬੋਲਦੇ ਹਨ।

ਮੈਂ ੧੯੫੧ ਵਿਚ ਯੁਗੰਡਾ ਚਲੇ ਗਿਆ ਸੀ, ੫ ਸਾਲ ਬਾਦ ਓਥੇ ਪੱਕਾ ਹੋਣ ਤੇ ਪੰਜਾਬ ਦੀ ਤਿਆਰੀ ਕੀਤੀ। ਓਨ੍ਹਾਂ ਦਿਨਾਂ ਵਿਚ ਸਫਰ ਸਮੁੰਦਰੀ ਜਹਾਜ਼ ਉਪਰ ਹੀ ਹੁੰਦਾ ਸੀ। ਜਿੰਜਾ ਤੋਂ ਮੁੰਬਾਸਾ ਤਕ ਰੇਲ ਵਿਚ ੨ ਦਿਨ ਫਿਰ ਮੁੰਬਾਸਾ ਤੋਂ ਬੰਬਈ ਜਹਾਜ਼ ਵਿਚ ਕੋਈ ੧੦-੧੨ ਦਿਨ, ਅੱਗੇ ਬੰਬਈ ਤੋਂ ਜਲੰਧਰ ਤੱਕ ਰੇਲ ਵਿਚ ਕੋਈ ੩ ਦਿਨ ਇਸ ਤਰ੍ਹਾਂ ਤਕਰੀਬਨ ੧੭-੧੮ ਦਿਨ ਲਗ ਜਾਂਦੇ ਸਨ। ਅੱਜ ਵਾਂਗ ਨਹੀਂ ਕਿ ਅੰਮ੍ਰਿਤਸਰ ਸਵੇਰੇ ਨਾਸ਼ਤਾ ਕਰ ਕੇ ਹਵਾਈ ਜਹਾਜ਼ ਵਿਚ ਬੈਠ ਜਾਓ ਤੇ ਰਾਤ ਦਾ ਖਾਣਾ ਲੰਡਨ ਆ ਕੇ ਖਾ ਲਵੋ। ਜੇ ਕੋਈ ਪੰਜਾਬ ਛੁਟੀ ਆਂਦਾ ਸੀ ਤਾਂ ਉਸਦਾ ਇਕ ਮਹੀਨੇ ਤੋਂ ਵਧ ਵਕਤ ਸਫਰ ਵਿਚ ਹੀ ਨਿਕਲ ਜਾਂਦਾ ਸੀ। ਇਸ ਲਈ ਕਈ-ਕਈ ਸਾਲ ਲੋਕ ਛੁਟੀ ਨਹੀਂ ਸੀ ਜਾਂਦੇ। ਸਾਡੇ ਸ਼ਹਿਰ ਦੇ ਸਟੇਸ਼ਨ ਮਾਸਟਰ ਬੜੇ ਸਜਨ ਪੁਰਸ਼ ਸਨ ਅਤੇ ਓਨ੍ਹਾਂ ਨਾਲ ਮੇਲ ਮਿਲਾਪ ਵੀ ਕਾਫੀ ਸੀ, ਓਹ ਵੀ ਬਹੁਤ ਸਾਲਾਂ ਤੋਂ ਪੰਜਾਬ ਨਹੀਂ ਸੀ ਆਏ। ਓਨਾਂ ਦੀ ਇਕ ਲੜਕੀ ਸਹਾਰਨਪੁਰ ਰਹਿੰਦੀ ਸੀ ਜਿਥੇ ਓਨਾਂ ਦਾ ਦਾਮਾਦ ਰੇਲਵੇ ਵਿਚ ਸਰਵਿਸ ਕਰਦਾ ਸੀ। ਕਹਿਣ ਲੱਗੇ ਜੇ ਹੋ ਸਕੇ ਤਾਂ ਓਨ੍ਹਾਂ ਲਈ ਕੁਛ ਸੁਨੇਹਾ ਲੈ ਜਾਓ ਨਾਲੇ ਮਿਲ ਆਓਗੇ। ਮੇਰੇ ਚਾਚਾ ਜੀ ਅਤੇ ਮਾਮਾ ਜੀ ਲਖਨਊ ਰੇਲਵੇ ਵਿਚ ਕੰਮ ਕਰਦੇ ਸੀ ਓਨਾਂ ਨੂੰ ਮਿਲਣ ਤਾਂ ਜਾਣਾ ਹੀ ਸੀ ਅਤੇ ਸਹਾਰਨਪੁਰ ਇਸ ਲਾਈਨ ਉਪਰ ਹੀ ਆਂਦਾ ਹੈ ਇਸ ਲਈ ਇਨਕਾਰ ਨ ਕਰ ਸਕਿਆ। ਕੁਛ ਦਿਨ ਜਲੰਧਰ ਰਹਿ ਕੇ ਲਖਨਊ ਚਲੇ ਗਿਆ ਅਤੇ ਵਾਪਸੀ ਤੇ ਇਕ ਰਾਤ ਓਨਾਂ ਪਾਸ ਰੁਕ ਗਏ।

ਦੂਸਰੇ ਦਿਨ ਅੰਬਾਲਾ ਆ ਗਿਆ ਤਾਂ ਜੋ ਜਲੰਧਰ ਲਈ ਕੋਈ ਟਰੇਨ ਪਕੜ ਸਕਾਂ। ਸੈਕੰਡ ਕਲਾਸ ਦੇ ਵੇਟਿੰਗ ਰੂਮ ਵਿਚ ਟਰੇਨ ਦਾ ਇੰਤਜ਼ਾਰ ਕਰ ਰਿਹਾ ਸੀ ਕਿ ਇਕ ਨੌਜਵਾਨ ਨਾਲ ਜਾਣ ਪਹਿਚਾਨ ਹੋ ਗਈ ਜਿਸ ਨੇ ਲੁਧਿਆਣੇ ਜਾਣਾ ਸੀ। ਜਦ ਟਰੇਨ ਵਿਚ ਬੈਠਣ ਲੱਗੇ ਤਾਂ ਕਹਿਣ ਲੱਗਾ ਕਿ



ਤੁਹਾਡੇ ਹਮਨਾਮ ਪ੍ਰੀਤਲੜੀ ਵਾਲੇ ਬੈਠੇ ਹਨ। ਮੈਂ ਪ੍ਰੀਤਲੜੀ ਤਾਂ ਬਚਪਨ ਤੋਂ ਹੀ ਪੜ੍ਹਦਾ ਸੀ ਪਰ ਕਦੀ ਓਨਾਂ ਦੀ ਫੋਟੋ ਨਹੀਂ ਸੀ ਦੇਖੀ। ਮਨ ਬੜਾ ਖੁਸ਼ ਹੋਇਆ ਕਿ ਓਨਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲੇਗਾ। ਓਨਾਂ ਦੇ ਨਾਲ ਦੀਆਂ ਸਵਾਰੀਆਂ ਅੰਬਾਲਾ ਉਤਰ ਗਈਆਂ ਤੇ ਸਾਨੂੰ ਓਨਾਂ ਪਾਸ ਬੈਠਨ ਦਾ ਮੌਕਾ ਮਿਲ ਗਿਆ, ਫਤਿਹ ਬੁਲਾ ਕੇ ਬੈਠ ਗਏ ਸਰਦਾਰ ਜੀ ਹੁਰਾਂ ਨਾਲ ਓਨਾਂ ਦੀ ਸੁਪਤਨੀ ਵੀ ਸਫਰ ਕਰ ਰਹੇ ਸਨ। ਓਹ ਖਿੜਕੀ ਦੇ ਪਾਸ ਬੈਠੇ ਸਨ ਸੋ ਮੈਨੂੰ ਸਰਦਾਰ ਜੀ ਨਾਲ ਬੈਠਣ ਦਾ ਮੌਕਾ ਮਿਲ ਗਿਆ। ਸਰਦਾਰ ਜੀ ਕੋਈ 'ਸੁਪਨਿਆਂ' ਬਾਰੇ ਕਿਤਾਬ ਪੜ੍ਹ ਰਹੇ ਸਨ, ਕੁਛ ਮਿਨੰਟ ਕਿਤਾਬ ਪੜ ਲੈਂਦੇ ਫਿਰ ਸੁਪਤਨੀ ਨਾਲ ਗੱਲਾਂ ਕਰਨ ਲੱਗ ਜਾਂਦੇ, ਥੋੜੀ ਦੇਰ ਬਾਦ ਓਨਾਂ ਨੇ ਕਿਤਾਬ ਬੰਦ ਕਰ ਦਿੱਤੀ। ਮੈਂ ਓਨਾਂ ਨਾਲ ਗੱਲਬਾਤ ਤਾਂ ਕਰਨੀ ਚਾਹੁੰਦਾ ਸੀ ਪਰ ਪਤਾ ਨਹੀਂ ਸੀ ਲੱਗਦਾ ਕੇ ਕਿਥੋਂ ਸ਼ੁਰੂ ਕਰਾਂ।

ਓਨਾਂ ਦਿਨਾਂ ਵਿਚ ਇਕ ਸ਼ਰਧਾ ਮਾਤਾ ਦਾ ਬੜਾ ਜ਼ਿਕਰ ਹੁੰਦਾ ਸੀ। ਇਨ੍ਹਾਂ ਨਾਲ ਇਕ ਡੈਲੀਗੇਸ਼ਨ ਵਿਚ ਰੂਸ ਦਾ ਦੌਰਾ ਕਰਕੇ ਆਈ ਸੀ, ਇਹ ਜਵਾਨ, ਬੜੀ ਖੂਬਸੂਰਤ ਅਤੇ ਰੋਅਬ ਵਾਲੀ ਔਰਤ ਸੀ। ਇਹ ਸਾਡੇ ਸ਼ੈਹਰ "ਜਿੰਜਾ" ਆਈ ਤਾਂ ਇਕ ਦਿਨ ਲਈ ਸੀ ਪਰ ੪-੫ ਦਿਨ ਰਹੀ ਕਿਉਂਕਿ ਇਹ ਸ਼ਹਿਰ ਝੀਲ ਵਿਕਟੋਰੀਆ ਦੇ ਕੰਢੇ ਤੇ ਹੈ ਅਤੇ ਨੀਲ ਨਦੀ ਵੀ ਇਥੋਂ ਹੀ ਸ਼ੁਰੂ ਹੁੰਦੀ ਹੈ। ਇਹ ਬੜੀ ਖੂਬਸੂਰਤ ਜਗ੍ਹਾ ਹੈ ਜੋ ਉਸਨੂੰ ਬੜੀ ਪਸੰਦ ਆਈ ਸੀ। ਮੈਂ ਪਹਿਲੇ ਤਾਂ ਆਪਨੇ ਬਾਰੇ ਦੱਸਿਆ ਕਿ ਯੁਗੰਡਾ ਤੋਂ ਆਇਆ ਹਾਂ। ਫਿਰ ਕਿਹਾ ਕਿ ਤੁਸੀਂ ਕਾਫੀ ਬਾਹਰਲੇ ਮੁਲਕ ਜਾ ਆਏ ਹੋ ਪਰ ਅਫਰੀਕਾ ਦਾ ਚੱਕਰ ਨਹੀਂ ਲਗਾ। ਕੈਂਹਦੇ ਕੋਈ ਮੌਕਾ ਨਹੀਂ ਬਣਿਆ। ਮੈਂ ਦੱਸਿਆ ਕੇ ਜੇਹੜੀ ਸ਼ਰਧਾ ਮਾਤਾ ਤੁਹਾਡੇ ਨਾਲ ਰੂਸ ਗਈ ਸੀ ਓਹ ਯੁਗੰਡਾ ਦਾ ਚੱਕਰ ਲਗਾ ਗਈ ਹੈ। ਓਸਦਾ ਨਾਮ ਸੁਣ ਕਿ ਮੁਸਕਰਾ ਪਏ। ਕਹਿਣ ਲੱਗੇ ਕਿ ਰੂਸ ਵਿਚ ਜਿਥੇ ਵੀ ਜਾਈਦਾ ਸੀ, ਹਰ ਵਾਰ ਨਵੀਂ ਕਰਾਕਰੀ ਦਿੰਦੇ ਸੀ ਅਤੇ ਖਾਣਾ ਵੀ ਸ਼ੁਧ ਸ਼ਾਕਾਹਾਰੀ ਦੇਣਾ, ਪਰ ਇਸ ਨੇ ਕਹਿਣਾ ਕਿ ਮੇਰਾ ਧਰਮ ਭਰਿਸ਼ਟ ਹੋ ਗਿਆ.... ਭਾਰਤ ਜਾ ਕੇ ਗਊ ਗੋਬਰ ਮਲ ਕੇ, ਗਊ ਮੂਤਰ ਅਤੇ ਗੰਗਾ ਜਲ ਨਾਲ ਨਹਾ ਕੇ ਸ਼ੁਧ ਹੋਵਾਂਗੀ। ਫਿਰ ਰੂਸ ਬਾਰੇ ਗਲਾਂ ਹੁੰਦੀਆਂ ਰਹੀਆਂ। ਮੇਰਾ ਇਕ ਦੋਸਤ ਇਕਬਾਲ ਨਾਮ ਨਾਲ ਮਾਸਕੋ



Namdhari Elibrary NamdhariElibrary@gmail.com

ਰੇਡੀਓ ਦੀ ਇੰਡੀਅਨ ਸਰਵਿਸ ਵਿਚ ਕੰਮ ਕਰਦਾ ਸੀ। ਓਸ ਬਾਰੇ ਪੁਛਿਆ ਕਿ ਸ਼ਾਇਦ ਮਿਲਿਆ ਹੋਵੇ। ਕਹਿਦੇ ਓਹ ਤਾਂ ਨਹੀਂ ਮਿਲੇ ਪਰ ਨਵਤੇਜ ਜ਼ਰੂਰ ਮਿਲ ਚੁੱਕਾ ਹੈ। (ਇਕਬਾਲ ਦਾ ਅਸਲੀ ਨਾਮ ਸਮਿਤਰ ਸਿੰਘ ਸੀ) ਇਸ ਨਾਲ ਦੋਸਤੀ ਮਾਸਟਰ ਕੇਸ਼ਵ ਚੰਦਰ ਹੁਰਾਂ ਦੇ ਡੇਰੇ ਤੇ ਹੋਈ ਸੀ, ਜਿਥੇ ਮੈਂ ਵਾਇਲਨ ਸਿਖਣ ਜਾਂਦਾ ਸੀ ਅਤੇ ਇਹ ਤਬਲਾ ਸਿਖ ਰਿਹਾ ਸੀ। ਇਹ ਆਪਣੇ ਭਰਾ ਜੋ ਸਿਵਲ ਹਸਪਤਾਲ ਵਿਚ ਸਰਵਿਸ ਕਰਦਾ ਸੀ ਪਾਸ ਰਹਿੰਦਾ ਸੀ, ਇਸਨੂੰ ਇਹ ਘਰ ਛਡਣਾ ਪਿਆ ਕਿਉਂਕਿ ਇਹ ਕਮਿਊਨਿਸਟ ਪਾਰਟੀ ਦਾ ਸਰਗਰਮ ਵਰਕਰ ਸੀ। ਭਰਾ ਨੂੰ ਅਪਣੀ ਨੌਕਰੀ ਦੀ ਫਿਕਰ ਸੀ ਕਿਉਂਕਿ ਇਸ ਪਾਰਟੀ ਤੇ ਓਦੋਂ ਪਾਬੰਦੀ ਸੀ। ਸਾਡੀ ਰੇਲਵੇ ਰੋਡ ਤੇ ਮਿਊਜ਼ਕ ਦੀ ਦੁਕਾਨ ਸੀ ਜਿਸ ਉਪਰ ਕਮਰਾ ਸੀ ਜਿਥੇ ਇਹ ਤਕਰੀਬਨ ੨ ਸਾਲ ਰਿਹਾ ਅਤੇ ਪਾਰਟੀ ਦਾ ਕੰਮ ਕਰਦਾ ਰਿਹਾ। ੧੯੫੧ ਵਿਚ ਪੈਪਸੂ ਗੌਰਮਿੰਟ ਦੇ ਕਿਸੇ ਹਮਦਰਦ ਮਨਿਸਟਰ ਦੀ ਮਦਦ ਨਾਲ ਪਾਸਪੋਰਟ ਬਣਵਾ ਕੇ ਇਹ ਤਾਂ ਰੂਸ ਚਲੇ ਗਿਆ ਪਰ ਮੈਂ ਜਦ ਯੂਗੰਡਾ ਜਾਣ ਲਈ ਪਾਸਪੋਰਟ ਲਈ ਅਪਲਾਈ ਕੀਤਾ ਤਾਂ ਮੇਰਾ ਜ਼ਰੂਰ ਵਰਿਆਮ ਸਿੰਘ ਸੰਧੂ ("ਮੇਰੀ ਮੈਂ" ਵਰਿਆਮ ਦਸੰਬਰ ੨੦੦੯) ਹੁਰਾਂ ਵਾਂਗ ਪੁਲੀਸ ਨਾਲ ਵਾਹ ਪਿਆ ਜੋ ਕਿ ਲੰਬੀ ਕਹਾਣੀ ਹੈ।

ਕੁਛ ਗੱਲਾਂ ਪ੍ਰੀਤਨਗਰ ਬਾਰੇ ਹੋਈਆਂ ਫਿਰ ਅਫਰੀਕਾ ਦੇ ਹਾਲਾਤ ਬਾਰੇ ਪੁਛਣ ਲੱਗੇ ਕਿਉਂਕਿ ਓਨਾਂ ਦਿਨਾਂ ਵਿਚ ਕੀਨੀਆ ਦੀ ਆਜ਼ਾਦੀ ਦੀ ਜਦੋ ਜਹਿਦ ਦੀ ਖਬਰਾਂ ਵਿਚ ਕਾਫੀ ਚਰਚਾ ਹੁੰਦੀ ਸੀ। ਮੈਂ ਓਥੇ ਚਲ ਰਹੀ ਮੂਵਮੇਂਟ ਬਾਰੇ ਦਸਿਆ। ਇਹ ਵੀ ਦਸਿਆ ਕਿ ਅਫਰੀਕਨ ਵਿਚ ਆਜ਼ਾਦੀ ਲਈ ਜਾਗਰਤੀ ਪੈਦਾ ਕਰਨ ਵਾਲਾ ਵੀ ਅਪਣਾ ਹੀ ਕਾਮਰੇਡ ਮੱਖਣ ਸਿੰਘ ਹੈ ਜੋ ਇਨਾਂ ਦੇ ਲੀਡਰ ਜੋਮੋ ਕਨਿਆਟਾ ਦਾ ਵੀ ਸਿਆਸੀ ਗੁਰੂ ਹੈ। ਕਈ ਵਾਰ ਜੇਲ੍ਹ ਜਾ ਚੁੱਕਾ ਹੈ ਅਤੇ ਅੱਜਕਲ ਵੀ ਜੋਮੋ ਕਨਿਆਟਾ ਨਾਲ ਜੇਲ੍ਹ ਵਿਚ ਹੈ। ਬਾਕੀ ਆਪਣੇ ਪੰਜਾਬੀ ਲੋਕਾਂ ਖਾਸ ਕਰਕੇ ਸਿੱਖਾਂ ਦੀ ਬੜੀ ਇਜ਼ਤ ਕਰਦੇ ਹਨ ਕਿਉਂਕਿ ਅਫਰੀਕਨਾਂ ਨੇ ਸਾਰੇ ਕੰਮ ਇਨਾਂ ਪਾਸੋਂ ਹੀ ਸਿਖੇ। ੧੯੦੦ ਵਿਚ ਜਦ ਮੁੰਬਾਸਾ ਤੋਂ ਯੂਗੰਡਾ ਰੇਲਵੇ ਲਾਈਨ ਬਣ ਰਹੀ ਸੀ ਤਾਂ ਅੰਗਰੇਜ਼ ਸਾਰੇ ਵਰਕਰ ਪੰਜਾਬ ਤੋਂ ਲੈ ਕੇ ਗਏ ਜਿਨ੍ਹਾਂ ਵਿਚ ਮੁਸਲਮਾਨ ਤਾਂ ਜ਼ਿਆਦਾ ਕਰਕੇ ਲੇਬਰ ਦਾ ਕੰਮ ਹੀ ਕਰਦੇ ਸੀ, ਪਰ ਸਿੱਖ ਸਾਰੇ ਕਾਰੀਗਰ ਸਨ। ਇਨ੍ਹਾਂ ਵਿਚ ਬਹੁਗਿਣਤੀ ਰਾਮਗੜੀਆ ਬ੍ਰਾਦਰੀ ਦੀ ਸੀ। ਰੇਲਵੇ ਲਾਈਨ ਮੁਕੰਮਲ ਹੋਣ ਤੇ ਇਹ ਸਭ ਨੈਰੋਬੀ ਵਿਚ ਪਕੇ ਤੌਰ ਤੇ ਰਹਿਣ ਲੱਗ ਪਏ। ਕੁਛ ਤਾਂ ਕੰਟਰੈਕਟਰ ਬਣ ਗਏ, ਕੁਛ ਨੇ ਮਕੈਨੀਕਲ ਅਤੇ ਮੋਟਰ ਵਰਕਸ਼ਾਪਾਂ ਖੋਲ ਲਈਆਂ। ਕੰਮ ਚਲ ਪਏ ਤਾਂ ਪੰਜਾਬ ਤੋਂ ਹੋਰ ਰਿਸ਼ਤੇਦਾਰ ਮੰਗਵਾ ਲਏ ਅਤੇ ਟਾਂਗਾਨੀਕਾ ਤੇ ਯੂਗੰਡਾ ਵਿਚ ਵੀ ਫੈਲ ਗਏ। ਇਸ ਤੋਂ ਇਲਾਵਾ ਆਪਣੇ ਲੋਕ ਰੇਲਵੇ ਵਿਚ ਗਾਰਡ ਡਰਾਈਵਰ ਅਤੇ ਸਟੇਸ਼ਨ ਮਾਸਟਰ ਲਗੇ ਹੋਏ ਹਨ-ਜਾਂ ਸਕੂਲਾਂ ਵਿਚ ਮਾਸਟਰ ਅਤੇ ਹੈਡ ਮਾਸਟਰ ਹਨ। ਪੀ ਡਬਲਯੂ ਡੀ ਵਿਚ ਵੀ ਟੌਪ ਪੋਸਟਾਂ ਤੇ ਹਨ। ਕੁਛ ਪੁਲੀਸ ਵਿਚ ਇੰਸਪੈਕਟਰ ਤੋਂ ਲੈ ਕੇ ਸੁਪਰਿਨਟੈਂਡੈਂਟ ਤਕ ਕੰਮ ਕਰ ਰਹੇ ਹਨ। ਗੱਲਾਂ ਕਰਦੇ ਵਕਤ ਦਾ ਪਤਾ ਹੀ ਨਾ ਚੱਲਿਆ, ਜਲੰਧਰ ਸਟੇਸ਼ਨ ਆ ਗਿਆ ਸੀ। ਦੋਹਾਂ ਪਾਸੋਂ ਵਿਦਾ ਲਈ ਅਤੇ ਗੱਡੀ ਤੋਂ ਬਾਹਰ ਨਿਕਲ ਲੱਗਾ ਤਾਂ ਸਰਦਾਰ ਸਾਹਿਬ ਮੈਨੂੰ ਗੱਡੀ ਦੇ ਦਰਵਾਜ਼ੇ ਤਕ ਛਡਨ ਆਏ। ਇਹ ਓਨਾਂ ਦਾ ਵਡਾਪਨ ਸੀ ਅਤੇ ਮੈਂ ਸੋਚ ਰਿਹਾ ਸੀ ਕਿ ਐਡਾ ਮਹਾਨ ਲੇਖਕ ਅਤੇ ਐਨੀ ਨਿਮ੍ਰਤਾ!

੧੯੭੯ ਵਿਚ ਭਤੀਜੀ ਦਾ ਵਿਆਹ ਲੰਡਨ ਵਿਚ ਪੱਕਾ ਹੋ ਗਿਆ ਸੀ। ਭਾਈ ਸਾਹਿਬ ਹੁਰਾਂ ਨੇ ਬਾਅਦ ਵਿਚ ਜਾਣਾ ਸੀ। ਮੈਂ ਤੇ ਬੇਟੀ ਸੁਰਿੰਦਰ ੪ ਮਈ ਨੂੰ ਜਲੰਧਰ ਸਟੇਸ਼ਨ ਤੇ ਦੁਪਹਿਰ ਵੇਲੇ ਗੱਡੀ ਦੀ ਓਡੀਕ ਕਰ ਰਹੇ ਸਾਂ ਤਾਂ ਦੇਖਿਆ ਕੇ ਮਹਿਦੀ ਹਸਨ ਹੁਰੀਂ ਵੀ ਆਪਣੇ ਸਾਥੀਆਂ ਨਾਲ ਆ ਰਹੇ ਹਨ। ਇਨਾਂ ਦਾ ਪਿਛਲੀ ਰਾਤ ਜਲੰਧਰ ਵਿਚ ਪ੍ਰੋਗਰਾਮ ਸੀ। ਸਫਰ ਦੀ ਤਿਆਰੀ ਕਰਕੇ ਪ੍ਰੋਗਰਾਮ ਤੇ ਜਾ ਨਹੀਂ ਸੀ ਹੋਇਆ ਪਰ ਅਖਬਾਰ ਵਿਚ ਪੜਿਆ ਸੀ ਕਿ ਪ੍ਰੋਗਰਾਮ ਕਾਫੀ ਲੰਬਾ ਚਲਿਆ ਅਤੇ ਕੁਛ ਬੇਸਵਾਦੀ ਵੀ ਹੋਈ ਕਿਉਂਕਿ ਕੁਛ ਲੋਕ ਪੰਜਾਬੀ ਗਾਣਿਆਂ ਦੀ ਫਰਮਾਇਸ਼ ਕਰਦੇ ਰਹੇ ਜਦ ਕਿ ਓਹ ਸਿਰਫ ਉਰਦੂ ਗ਼ਜ਼ਲਾਂ ਹੀ ਗਾਉਂਦੇ ਹਨ। ਓਸ ਵੇਲੇ ਤਾਂ ਓਨਾਂ ਨਾਲ ਕੋਈ ਗੱਲਬਾਤ ਨ ਹੋ ਸਕੀ ਕਿਉਂਕਿ ਟਰੇਨ ਆ ਰਹੀ ਸੀ! ਲੁਧਿਆਨੇ ਸਟੇਸ਼ਨ ਤੇ ਬਾਹਰ ਨਿਕਲਿਆ ਤਾਂ ਦੇਖਿਆ ਕੇ ਸਾਡੇ ਫਸਟ ਕਲਾਸ ਦੇ ਡੱਬੇ ਦੇ ਅਗਲੇ ਪਾਸੇ ਕਾਫੀ ਲੋਕ ਖੜੇ ਹਨ। ਪੁਛਣ ਤੇ ਪਤਾ ਲੱਗਾ ਕੇ ਮੇਹਦੀ ਹਸਨ ਹੁਰਾਂ ਨੂੰ ਦੇਖ ਰਹੇ ਹਨ। ਹੋਇਆ ਕੀ ਕਿ ਓਨਾਂ ਦੀਆਂ ਸੀਟਾਂ ਏ. ਸੀ. ਵਿਚ ਸਨ ਪਰ ਏ. ਸੀ. ਖਰਾਬ ਹੋ ਗਿਆ ਤੇ ਓਨਾਂ ਨੂੰ ਸਾਡੇ ਵਾਲੇ ਡੱਬੇ ਵਿਚ ਬਿਠਾ ਦਿੱਤਾ।

ਟਰੇਨ ਚਲਣ ਤੇ ਓਨਾਂ ਦੇ ਕੈਬਨ ਵਿਚ ਚਲੇ ਗਿਆ ਤਾਂ ਦੇਖਿਆ ਕਿ ਓਨਾਂ ਦੇ ਸਾਥੀ ਤਾਂ ਉਪਰਲੀਆਂ ਬਰਥਾਂ ਤੇ ਲੇਟ ਗਏ ਹਨ ਪਰ ਓਸਤਾਦ ਜੀ ਬੈਠੇ ਹਨ। ਮੈਂ ਕਿਹਾ ਕਿ ਰਾਤ ਪ੍ਰੋਗਰਾਮ ਵੀ ਕਾਫੀ ਦੇਰ ਚਲਦਾ ਰਿਹਾ ਥੱਕੇ ਹੋਵੋਗੇ ਕੀ ਕੁਛ ਮਿੰਟ ਗੱਲਬਾਤ ਹੋ ਸਕਦੀ ਹੈ। ਮੈਨੂੰ ਉਮੀਦ ਨਹੀਂ ਸੀ ਕਿ ਐਡਾ ਮਹਾਨ ਕਲਾਕਾਰ ਇਸ ਹਾਲਤ ਵਿਚ ਗੱਲਬਾਤ ਕਰਨ ਨੂੰ ਤਿਆਰ ਹੋਵੇਗਾ, ਪਰ ਬੜੀ ਨਿਮ੍ਰਤਾ ਨਾਲ ਕਹਿਣ ਲਗੇ "ਬੈਠੋ ਸਰਦਾਰ ਸਾਹਿਬ ਗੱਲਬਾਤ ਕਰ ਕੇ ਬੜੀ ਖੁਸ਼ੀ ਹੋਵੇਗੀ।" ਮੈਂ ਕਿਹਾ ਕਿ ਖਾਂ ਸਾਹਿਬ ਕੁਛ ਅਪਣੀ ਜ਼ਿੰਦਗੀ ਬਾਰੇ ਦਸੋ? ਕਹਿਣ ਲੱਗੇ ਕਿ ਮੇਰਾ ਪਿਛੋਕੜ ਰਾਜਿਸਥਾਨ ਦਾ ਹੈ। ਜੈਪੁਰ ਦੇ ਪਾਸ ਇਕ ਛੋਟੇ ਜਿਹੇ ਪਿੰਡ ਵਿਚ ਮੇਰਾ ਜਨਮ ਹੋਇਆ। ਖਾਨਦਾਨੀ ਪੇਸ਼ਾ ਗਾਣਾ ਹੀ ਸੀ। ਬਜ਼ੁਰਗ ਕਲਾਸੀਕਲ ਗਾਣਾ ਗਾਉਂਦੇ ਸੀ ਅਤੇ ਮਹਾਰਾਜਾ ਬੜੋਦਾ,



Namdhari Elibrary NamdhariElibrary@gmail.com

ਇੰਦੌਰ, ਨੀਪਾਲ ਦੇ ਦਰਬਾਰੀ ਗੱਵਈਏ ਸਨ। ਮਹਾਰਾਜ ਨਿਪਾਲ ਨੇ ਤਾਂ ਮੇਰੇ ਦਾਦਾ ਦੀ ਸ਼ਾਗਿਰਦੀ ਵਿਚ ਗਾਣਾ ਵੀ ਸਿਖਿਆ ਸੀ, ਮੇਰੇ ਵਾਲਿਦ (ਪਿਤਾ ਜੀ) ਅਤੇ ਚਚਾਜਾਨ ਵੀ ਰਿਆਸਤਾਂ ਵਿਚ ਕਲਾਸੀਕਲ ਗਾਣਾ ਗਾਉਂਦੇ ਰਹੇ ਹਨ। ਸਾਡੇ ਘਰਾਨੇ ਨੂੰ "ਕਲਾਵੰਤ" ਘਰਾਨਾ ਕਿਹਾ ਜਾਂਦਾ ਸੀ।

੫ ਸਾਲ ਦੀ ਉਮਰ ਵਿਚ ਹੀ ਪਿਤਾ ਜੀ ਅਤੇ ਚਾਚਾ ਜੀ ਦੀ ਦੇਖ ਰੇਖ ਵਿਚ ਗਾਣੇ ਦੀ ਤਾਲੀਮ ਸ਼ੁਰੂ ਹੋ ਗਈ ਇਸ ਲਈ ਸਕੂਲ ਦਾ ਮੂੰਹ ਤਕ ਨਹੀਂ ਦੇਖਿਆ। ਉਰਦੂ ਵੀ ਪਾਕਿਸਤਾਨ ਜਾ ਕੇ ਸਿਖੀ। ਪਿਤਾ ਜੀ ਨੇ ਇਹ ਸੋਚ ਕਿ ਆਜ਼ਾਦੀ ਤੋਂ ਬਾਦ ਸ਼ਾਇਦ ਰਾਜੇ ਰਜਵਾੜੇ ਨ ਰਹਿਣ, ਸਾਨੂੰ ਬਾਹਰ ਭੇਜ ਦਿੱਤਾ। ਪਹਿਲਾ ਪ੍ਰੋਗਰਾਮ ਫਿਰੋਜ਼ਪੁਰ ਵਿਚ ੧੦ ਸਾਲ ਦੀ ਉਮਰ ਵਿਚ ਬੜੇ ਭਾਈ ਜੋ ੧੫ ਸਾਲ ਦਾ ਸੀ ਨਾਲ ਕੀਤਾ, ਜਿਥੇ ਖਿਆਲ ਤੇ ਧਰੁਪਦ ਗਾਏ ਜੋ ਪਸੰਦ ਕੀਤਾ ਗਿਆ। ਉਸ ਤੋਂ ਬਾਦ ਲਾਹੌਰ ਚਲੇ ਗਏ। ਉਥੇ ਵੀ ਕੁਛ ਪ੍ਰੋਗਰਾਮ ਕੀਤੇ ਜੋ ਪਸੰਦ ਕੀਤੇ ਗਏ। ਹਾਲੇ ਸੈਟ ਹੀ ਹੋ ਰਹੇ ਸੀ ਕਿ ੧੯੪੬ ਵਿਚ ਹਾਲਾਤ ਖਰਾਬ ਹੋਣ ਲਗੇ ਤਾਂ ਵਾਪਿਸ ਜੈਪੁਰ ਆ ਗਏ। ੧੯੪੭ ਵਿਚ ਪਾਕਿਸਤਾਨ ਬਨਣ ਤੇ ਫਿਰ ਉਥੇ ਚਲੇ ਗਏ। ਇਹ ਵਕਤ ਬੜਾ ਖਰਾਬ ਸੀ। ਕੋਈ ੭-੮ ਸਾਲ ਬੜੀ ਤੰਗੀ ਵਿਚ ਕਟੇ। ਕਿਥੇ ਤਾਂ ਪਿਤਾ ਜੀ ਨਾਲ ਰਾਜਿਆਂ ਮਹਾਰਾਜਿਆਂ ਦੇ ਮਹਲਾਂ ਵਿਚ ਰਹਿਣਾ ਤੇ ਕਿਥੇ ਹੁਣ ਕਚੇ ਮਕਾਨ ਵਿਚ ਰਹਿਣਾ ਪਿਆ। ਪਾਕਿਸਤਾਨ ਵਿਚ ਉਨ੍ਹਾਂ ਦਿਨਾਂ ਵਿਚ ਗਾਣੇ ਤੋਂ ਕਮਾਈ ਕਰਨੀ ਬੜੀ ਮੁਸ਼ਕਲ ਸੀ, ਫਿਰ ਕਲਾਸੀਕਲ ਸੁਨਣ ਵਾਲਾ ਤਾਂ ਆਟੇ ਵਿਚ ਨਮਕ ਬਰਾਬਰ ਹੀ ਸੀ। ਉਮਰ ਛੋਟੀ ਸੀ ਹੋਰ ਕੋਈ ਕੰਮ ਵੀ ਨਹੀਂ ਸੀ ਜਾਣਦੇ। ਦੋਹਾਂ ਭਰਾਵਾਂ ਨੇ ਇਕ ਦੁਕਾਨ ਕਰਾਏ ਤੇ ਲੈ ਕੇ ਸਾਈਕਲਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕੀਤਾ ਤੇ ਪੈਂਚਰ ਲਗਾਨੇ ਸ਼ੁਰੂ ਕੀਤੇ। ਕੰਮ ਚਲ ਪਿਆ ਜਿਸ ਨਾਲ ਘਰ ਦਾ ਖਰਚ ਪੂਰਾ ਹੋਣ ਲੱਗਾ। ਇਹ ਸਾਹੀਵਾਲ ਦਾ ਪਛੜਿਆ ਹੋਇਆ ਇਲਾਕਾ ਸੀ, ਪਰ ਸਾਡੀ ਇਕ ਫੂਫੀ ਪਹਿਲੇ ਤੋਂ ਇਥੇ ਰਹਿਦੀ ਸੀ ਇਸ ਲਈ ਇਥੇ ਆ ਗਏ ਸੀ। ਕੁਛ ਦੇਰ ਬਾਦ ਦੁਕਾਨ ਭਰਾ ਨੂੰ ਛੱਡ ਕੇ ਸੱਖਰ ਚਲੇ ਗਿਆ। ਉਥੇ ਇਕ ਹਿੰਦੂ ਮਿਸਤਰੀ ਪਾਸੋਂ ਮੋਟਰ ਮਕੈਨਿਕ ਦਾ ਕੰਮ ਸਿਖਨਾ ਸ਼ੁਰੂ ਕਰ ਦਿੱਤਾ। ਕੰਮ ਸਿਖ ਕੇ ਆਪਣੀ ਵਰਕਸ਼ਾਪ ਵੀ ਖੋਲ੍ਹ ਲਈ। ਇਨਾਂ ਕੰਮਾਂ ਦੇ ਬਾਵਜੂਦ ਗਾਣੇ ਦਾ ਰਿਆਜ਼ ਚਲਦਾ ਰਿਹਾ। ਮਨ ਵਿਚ ਟਿਕਾ ਨਹੀਂ ਸੀ। ਇਹ ਸਭ ਕੁਛ ਛੱਡ ਛਡਾ ਕੇ ਲਾਹੌਰ ਆ ਗਿਆ ਤੇ ਫਿਲਮ ਸਟੂਡੀਓ ਦੇ ਚਕਰ ਕੱਟਨੇ ਸ਼ੁਰੂ ਕਰ ਦਿੱਤੇ। ਆਖਿਰ ਇਕ ਫਿਲਮ ਵਿਚ ਪਲੇਬੈਕ ਗਾਣ ਦਾ ਮੌਕਾ ਮਿਲ ਗਿਆ-ਗਾਣਾ ਹਿਟ ਹੋ ਗਿਆ ਅਤੇ ਇਸ ਦੀ ਬਦੌਲਤ ਲੋਕ ਜਾਨਣ ਲਗੇ। ਫਿਰ ਰੇਡਿਓ ਤੇ ਵੀ ਪ੍ਰੋਗਰਾਮ ਮਿਲਨ ਲੱਗ ਪਏ ਪਰ ਅਸਲ ਪਹਿਚਾਨ ਤਾਂ ਰੇਡਿਓ ਤੇ ਗਾਈ ਫੈਜ਼ ਅਹਿਮਦ ਫੈਜ਼ ਦੀ ਗ਼ਜ਼ਲ "ਗੁਲੋਂ ਮੇਂ ਰੰਗ ਭਰੇ ਬਾਦੇ ਨਓ ਬਹਾਰ ਚਲੇ, ਚਲੇ ਬੀ ਆਓ ਕਿ ਗੁਲਸ਼ਨ ਕਾ ਕਾਰੋਬਾਰ ਚਲੇ" ਨਾਲ ਹੋਈ। ਬਸ ਫਿਰ ਕੀ ਸੀ ਰੇਡਿਓ, ਟੈਲੀਵੀਜ਼ਨ ਤੇ ਪ੍ਰੋਗਰਾਮ, ਫਿਲਮਾਂ ਵਿਚ ਪਲੇਬੈਕ ਅਤੇ ਪ੍ਰਾਈਵੇਟ ਮੈਹਫਲਾਂ ਦਾ ਹੜ ਹੀ ਆ ਗਿਆ।

ਪੁੱਛਿਆ ਕਿ ਬਾਹਰਲੇ ਮੁਲਕਾਂ ਦਾ ਦੌਰਾ ਵੀ ਕੀਤਾ ਤਾਂ ਕੈਹਣ ਲੱਗੇ ਦੌਰੇ ਤਾਂ ਕਈ ਕੀਤੇ ਹਨ। ਇਕ ਇੰਗਲੈਂਡ ਦਾ ਮੈਡਮ ਨੂਰ ਜਹਾਨ ਨਾਲ ਵੀ ਕੀਤਾ ਹੈ ਪਰ ਸਭ ਤੋਂ ਯਾਦਗਾਰੀ ਅਫਗਾਨਿਸਤਾਨ ਦਾ ਸੀ। ਇਕ ਦਫਾ ਦੌਰੇ ਤੇ ਆਏ ਸ਼ਾਹ ਅਫਗਾਨਿਸਤਾਨ ਨੇ ਮੇਰਾ ਗਾਣਾ ਸੁਣਿਆ ਤੇ ਪਸੰਦ ਕੀਤਾ ਅਤੇ ਕਾਬਲ ਆਣ ਦੀ ਦਾਅਵਤ ਦਿੱਤੀ, ਸ਼ਾਹ ਦੇ ਮਹਲ ਵਿਚ ਪ੍ਰੋਗਰਾਮ ਸੀ ਇਹ ਲੋਗ ਸਾਡੀ ਮੋਸੀਕੀ ਨੂੰ ਬੜਾ ਪਸੰਦ ਕਰਦੇ ਹਨ। ਕਈ ਵਾਰ ਮਹਿਫਲਾਂ ਵਿਚ ਕੁੜ ਵੀ ਬੈਠੇ ਹੁੰਦੇ ਹਨ, ਪਰ ਇਥੇ ਸਭ ਬੜੇ ਸੁਲਝੇ ਹੋਏ ਸਨ ਤਾਂ ਐਸਾ ਮੂਡ ਬਣਿਆ ਕਿ ਰਾਤ ੮ ਕੁ ਵਜੇ ਦਾ ਸ਼ੁਰੂ ਹੋਇਆ ਪ੍ਰੋਗਰਾਮ ੨-੩ ਵਜੇ ਤਕ ਚਲਦਾ ਰਿਹਾ। ਵਾਪਸੀ ਤੇ ਸ਼ਾਹ ਨੇ ਬੜੇ ਕੀਮਤੀ ਤੋਹਫੇ ਦਿੱਤੇ। ਫਿਰ ਮੈਂ ਪੁੱਛਿਆ ਕਿ ਤੁਹਾਡਾ ਘਰਾਨਾ ਤਾਂ ਕਲਾਸੀਕਲ ਸੀ ਅਤੇ ਤੁਹਾਡੀ ਤਾਲੀਮ ਵੀ ਖਿਆਲ ਧੁਰਪਦ ਕਲਾਸੀਕਲ ਹੀ ਹੋਈ ਤਾਂ ਗ਼ਜ਼ਲ ਕਿਦਾਂ ਅਪਨਾ ਲਈ ?ਤਾਂ ਕਹਿਣ ਲਗੇ ਕਿ ਪਾਕਿਸਤਾਨ ਵਿਚ ਕਲਾਸੀਕਲ ਨੂੰ ਆਮ ਆਦਮੀ ਪਸੰਦ ਨਹੀਂ ਕਰਦਾ ਤੇ ਰੇਡੀਓ ਤੇ ਵੀ ਮਹੀਨੇ ਵਿਚ ਇਕ ਪ੍ਰੋਗਰਾਮ ਹੀ ਮਿਲ ਸਕਦਾ ਸੀ ਜਿਸ ਨਾਲ ਗੁਜ਼ਾਰ ਹੋਣਾ ਬੜਾ ਮੁਸ਼ਕਲ ਸੀ। ਗ਼ਜ਼ਲ ਇਕ ਤਾਂ ਉਰਦੂ ਵਿਚ ਲਿਖੀ ਹੁੰਦੀ ਹੈ ਅਤੇ ਲੋਕ ਵੀ ਸ਼ੇਅਰੋ ਸ਼ਾਇਰੀ ਦੇ ਸ਼ੌਕੀਨ ਹੁੰਦੇ ਹਨ ਇਸ ਲਈ ਗ਼ਜ਼ਲ ਗਾਣੀ ਸ਼ੁਰੂ ਕੀਤੀ। ਸੁਰ ਨੂੰ ਨ ਸਮਝਣ ਵਾਲਾ ਵੀ ਅਛੇ ਸ਼ੇਅਰ ਤੇ ਤਾਂ ਦਾਦ ਦਿੰਦਾ ਹੀ ਹੈ ਜਿਸ ਨਾਲ ਗਵੱਈਏ ਦਾ ਮੂਡ ਬਣ ਜਾਂਦਾ ਹੈ। ਵੈਸੇ ਮੇਰੀਆਂ ਸਭ ਗ਼ਜ਼ਲਾਂ ਦੀਆਂ ਬੰਦਸ਼ਾਂ ਰਾਗਾਂ ਵਿਚ ਹੀ ਹਨ। ਗਲਾਂ ਕਰਦੇ ਕਾਫੀ ਵਕਤ ਹੋ ਗਿਆ ਸੀ। ਮੈਂ ਕਿਹਾ ਉਸਤਾਦ ਜੀ ਬੁਰਾ ਨਾ ਮਨਾਇਓ ਲੋਕ ਕਹਿੰਦੇ ਹਨ ਕਿ ਤੁਸੀਂ ਸਟੇਜ ਤੇ ਪੀ ਕੇ ਜਾਂਦੇ ਹੋ। ਕੰਨਾਂ ਨੂੰ ਹਥ ਲਾ ਕੇ ਕਹਿਣ ਲੱਗੇ ਕਿ ਇਹ ਓਹੋ ਲੋਕ ਹੀ ਕਹਿੰਦੇ ਹਨ ਜੋ ਮੇਰੀ ਸ਼ੁਹਰਤ ਦੇਖ ਕੇ ਸੜਦੇ ਹਨ। ਹਾਂ ਮੈਂ ਪੀਂਦਾ ਜ਼ਰੂਰ ਹਾਂ ਬਰਾਂਡੀ ਪਰ ਨਸ਼ੇ ਲਈ ਨਹੀਂ ਸਿਰਫ ਥਕਾਵਟ ਦੂਰ ਕਰਨ ਲਈ। ਕਾਫੀ ਵਿਚ ਪਾ ਕੇ (ਹੱਸ ਕੇ) ਓਹ ਵੀ ੩ ਬੀਵੀਆਂ ਤੇ ੧੧ ਬੱਚਿਆਂ ਤੋਂ ਬਚ ਕੇ। ਇਨੇ ਨੂੰ ਅੰਬਾਲਾ ਸਟੇਸ਼ਨ ਆ ਗਿਆ ਅਤੇ ਉਸਤਾਦ ਹੁਰਾਂ ਤੋਂ ਛੁਟੀ ਲਈ। ਮੈਨੂੰ ਕਰਾਚੀ ਤੇ ਲਾਹੌਰ ਦਾ ਐਡਰੈਸ ਲਿਖ ਕੇ ਦਿੱਤਾ ਕਿ ਜਦ ਕਦੀ ਪਾਕਿਸਤਾਨ ਆਓ ਤਾਂ ਜ਼ਰੂਰ ਮਿਲਣਾ (ਕੁਛ ਸਾਲ ਪਹਿਲੇ ਪਾਕਿਸਤਾਨ ਗਿਆ ਸੀ ਪਰ ਉਸਤਾਦ ਜੀ ਨੂੰ ਮਿਲ ਨ ਸਕਿਆ ਕਿਉਂਕਿ ਓਹ ਕਈ ਸਾਲਾਂ ਤੋਂ ਅਧਰੰਗ ਦੀ ਬੀਮਾਰੀ ਵਿਚ ਮੁਬਤਲਾ ਹਨ।



Namdhari Elibrary NamdhariElibrary@gmail.com

# ਨਿਸ਼ਕਾਮ ਸੇਵਕ ਮਹੰਤ ਆਤਮਾ ਸਿੰਘ ਸਨਖਤਰਾ

*—ਗੁਰਸ਼ਰਨ ਸਿੰਘ ਸਨਖਤਰਾ*

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜ਼ਿਸ਼ ਦੇ ਪਾਤਰ ਮਹੰਤ ਆਤਮਾ ਸਿੰਘ ਸਨਖਤਰਾ ਜੀ ਦਾ ਨਾਮ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ ਹੈ। ਸਤਿਜੁਗ ਅਖਬਾਰ ਦੀ ਲੰਮੇਂ ਸਮੇਂ ਤੱਕ ਸੰਪਾਦਕੀ ਸੇਵਾ, ਸ੍ਰੀ ਭੈਣੀ ਸਾਹਿਬ ਸਟੇਜ ਸਕੱਤਰ ਦੀ ਸੇਵਾ, ਅਨੰਦ-ਵਿਆਹ ਸਬੰਧੀ ਸੇਵਾ ਪ੍ਰਮੁੱਖ ਸਨ। ਬਲਕਿ ਆਪ ਜੀ ਸੰਪੂਰਨ ਜੀਵਨ ਹੀ ਗੁਰੂ ਘਰ ਦੀ ਸੇਵਾ ਵਿਚ ਲਗਾ ਦਿੱਤਾ। ਇਸ ਕਰਕੇ ਜੇਕਰ ਆਪ ਜੀ ਨੂੰ ਨਿਸ਼ਕਾਮ ਸੇਵਕ ਦੀ ਸੰਗਿਆ ਦਿੱਤੀ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਆਪ ਜੀ ਦੀ ਸਾਹਿਤ ਸੇਵਾ ਨੂੰ ਪ੍ਰਵਾਨ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪਾਰ ਬਖਸ਼ਿਸ਼ ਕਰਕੇ ੪ ਮੱਘਰ ੨੦੪੯ ਸੰਮਤ ਨੂੰ ਸਰਸੇ ਸਾਹਿਤ ਸੰਮੇਲਨ ਤੇ ਆਪ ਜੀ ਨੂੰ ਤਰਨ ਸਿੰਘ ਵਹਿਮੀ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ। ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦਾ ਖਜ਼ਾਨਾ ਮਹੰਤ ਜੀ ਦੀ ਜ਼ਿੰਦਗੀ ਵਿਚ ਹਮੇਸ਼ਾ ਭਰਪੂਰ ਰਿਹਾ। ਸ੍ਰੀ ਭੈਣੀ ਸਾਹਿਬ ਮੈਂ (ਲੇਖਕ) ਵੀ ਨਾਲ ਸਾਂ ਸੱਚੇ ਪਾਤਸ਼ਾਹ ਜੀ ਦੇ ਸਾਹਮਣੇ ਮਹੰਤ ਜੀ ਅਰਜ਼ ਕੀਤੀ ਖੁਸ਼ੀਆਂ ਬਖਸ਼ੋ ਅਗੋਂ ਸੱਚੇ-ਪਾਤਸ਼ਾਹ ਜੀ ਤਿੰਨ ਵਾਰੀ ਬਚਨ ਕੀਤਾ ਮਹੰਤ ਜੀ ਤੁਹਾਨੂੰ ਖੁਸ਼ੀਆਂ ਹਨ।

ਮਹੰਤ ਜੀ ਦਾ ਇਹ ਸਮਰਪਿਤ ਜੀਵਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅੰਮ੍ਰਿਤ ਤੱਕਣੀ ਨਾਲ ਸ਼ੁਰੂ ਹੋਇਆ। ਮਹੰਤ ਜੀ ਦੇ ਲਿਖਣ ਅਨੁਸਾਰ ਸੰਮਤ ੧੯੧੮ ਦੀਆਂ ਗਰਮੀਆਂ ਵਿਚ ਇਕ ਮੇਲਾ ਕੱਕੇ ਕੇ ਕਿਆਮਪੁਰ ਪਛਮੀ ਪੰਜਾਬ ਹੋਇਆ ਜਿਸ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨ ਦਿੱਤੇ। ਇਸ ਮੇਲੇ ਵਿਚ ਸਨਖ਼ਤਰੇ ਧਰਮਸ਼ਾਲਾ ਦੇ ਸਾਰੇ ਵਿਦਿਆਰਥੀ ਦਰਸ਼ਨ ਕਰਨ ਗਏ। ਇਨ੍ਹਾਂ ਵਿਦਿਆਰਥੀਆਂ ਵਿਚ ਮਹੰਤ ਜੀ ਅਤੇ ਜ. ਗਿਆਨ ਸਿੰਘ ਵੀਰੋਕੇ ਵੀ ਸ਼ਾਮਲ ਸਨ। ਉਸ ਮੇਲੇ ਵਿਚ ਪਹਿਲੀ ਵਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਾਹਮਣੇ ਇਹਨਾਂ ਦੋਵੇਂ ਸਹਿਪਾਠੀਆਂ ਨੇ ਸ਼ਬਦ ਪੜ੍ਹਿਆ। ਮਹੰਤ ਜੀ ਦੀ ਲਿਖਤ ਅਨੁਸਾਰ ਸਤਿਗੁਰੂ ਜੀ ਨੇ "ਕ੍ਰਿਪਾ ਕਟਾਖ ਅਵਲੋਕਨ ਕੀਨੋ" ਵਾਲਾ ਵਾਕ ਪੂਰਨ ਕਰਦਿਆਂ ਸਾਨੂੰ ਉੱਥੇ ਹੀ ਆਪਣੇ ਪਿਆਰ ਵਿਚ ਲੈ ਲਿਆ ਅਤੇ ਪਾਸ ਸੱਦ ਕੇ ਖੁਸ਼ੀਆਂ ਬਖਸ਼ੀਆਂ।

ਸੰਮਤ ੨੦੦੦ ਦੇ ਜਪ ਪ੍ਰਯੋਗ ਸਮੇਂ ਦਸਮ ਗ੍ਰੰਥ ਸਾਹਿਬ ਦੇ ਅਖੰਡ ਪਾਠ ਹੋਣੇ ਸਨ। ਆਪਣੇ ਸਹਿਪਾਠੀਆਂ ਸਣੇ ਮਹੰਤ ਜੀ ਵੀ ਸ੍ਰੀ ਭੈਣੀ ਸਾਹਿਬ ਆ ਗਏ। ਮਹੰਤ ਜੀ ਦੇ ਲਿਖਣ ਅਨੁਸਾਰ ਕਿ 'ਜਿਸ ਪਾਠ ਵਿਚ ਮੈਂ ਲੱਗਾ ਹੋਇਆ ਸਾਂ ਉਸ ਪਾਠ ਦੀ ਸਮਾਪਤੀ ਸ਼ਾਮ ਦੇ ੫-੬ ਵਜੇ ਹੋ ਗਈ ਤੇ ਬਾਕੀ ਪਾਠ ਅਜੇ ਚਲਦੇ ਸਨ। ਸੱਚੇ ਪਾਤਸ਼ਾਹ ਜੀ ਸਵੇਰੇ ੭ ਵਜੇ ਸਾਰੇ ਪਾਠਾਂ ਦੀ ਸਮਾਪਤੀ ਦਾ ਹੁਕਮ ਦੇ ਦਿੱਤਾ। ਕੋਠੀ ਵਾਲੇ ਪਾਠ ਵਿਚ ਸੂਬਾ ਸੱਈਆ ਸਿੰਘ ਜੀ ਵਰਗੇ ਉੱਘੇ ਪਾਠੀ ਲਗੇ ਸਨ ਪਰ ਉਹਨਾਂ ਦਾ ਪਾਠ ਸਭ ਤੋਂ ਪਿੱਛੇ ਸੀ ਜਿਸ ਦਾ ਭੋਗ ੯ ਵਜੇ ਤੋਂ ਪਹਿਲਾਂ ਪੈਣਾ ਮੁਸ਼ਕਿਲ ਸੀ। ਪ੍ਰਬੰਧਕਾਂ ਨੇ ਸਾਰੇ ਹੋ ਰਹੇ ਪਾਠਾਂ ਦੀ ਰਿਪੋਰਟ ਸ਼ਾਮ ਨੂੰ ਸੱਚੇ ਪਾਤਸ਼ਾਹ ਜੀ ਨੂੰ ਜਾ ਦਿੱਤੀ, ਕਿ ਕੋਠੀ ਵਾਲੇ ਪਾਠ ਦਾ ਭੋਗ ੭ ਵਜੇ ਨਹੀਂ ਪੈ ਸਕਦਾ। ਕ੍ਰਿਪਾ ਨਿਧਾਨ ਸਤਿਗੁਰੂ ਜੀ ਨੇ ਮੇਰੇ ਵਲੋਂ ਪੁਛਿਆ ਕਿ ਉਹਨਾਂ ਵਾਲਾ ਪਾਠ ਹੋ ਗਿਆ ਹੈ ਕਿ ਚਲਦਾ ਹੈ, ਪ੍ਰਬੰਧਕਾਂ ਨੇ ਦੱਸਿਆ ਕਿ ਉਸ ਪਾਠ ਦਾ ਭੋਗ ਪੈ ਗਿਆ ਹੈ। ਸੱਚੇ ਪਾਤਸ਼ਾਹ ਜੀ ਹੁਕਮ ਕੀਤਾ ਕਿ ਆਤਮਾ ਸਿੰਘ ਨੂੰ ਆਖੋ ਕਿ ਸਵੇਰੇ ੪ ਵਜੇ ਕੋਠੀ ਵਾਲੇ ਪਾਠ ਵਿਚ ਜਾ ਕੇ ਰੌਲ ਲਾਵੇ ਤੇ ੭ ਵਜੇ ਤਕ ਉਸ ਪਾਠ ਦੀ ਸਮਾਪਤੀ ਹੋ ਜਾਣੀ ਚਾਹੀਦੀ ਹੈ। ਪ੍ਰਬੰਧਕਾਂ ਨੇ ਮੈਨੂੰ ਆ ਕੇ ਹੁਕਮ ਸੁਣਾ ਦਿੱਤਾ। ਮੈਂ ੩ ਵਜੇ ਉੱਠ ਕੇ ਇਸ਼ਨਾਨ-ਪਾਨ ਕਰਕੇ ੪ ਵਜੇ ਤੋਂ ਪਹਿਲਾਂ ਹੀ ਕੋਠੀ ਵਿਚ ਪਹੁੰਚ ਗਿਆ। ਜਦ ਪ੍ਰਬੰਧਕਾਂ ਨੇ ਉਹਨਾਂ ਬੜੇ-ਬੜੇ ਬਜ਼ੁਰਗਾਂ ਪਾਠੀਆਂ ਨੂੰ ਕਿਹਾ ਤੁਸੀਂ ਸਭ ਹਟ ਜਾਓ ਰਹਿੰਦਾ ਪਾਠ ਹੁਣ ਇਹ ਕਰੇਗਾ ਤਾਂ ਉਹ ਸਾਰੇ ਹੈਰਾਨ ਹੋ ਗਏ ਕਿ ਇਹ ਮੁੰਡਾ ਕਿੰਨਾ ਕੁ ਪਾਠ ਕਰ ਸਕੇਗਾ। ਮੈਂ ਸਤਿਗੁਰੂ ਜੀ ਅੱਗੇ ਅਰਦਾਸ ਕਰਕੇ ਜਦ ਰੌਲ ਤੇ ਬੈਠਾਂ ਤਾਂ ਉਸ ਪਾਠ ਦੇ ੯੮ ਪੱਕੇ ਪੱਤਰ ਰਹਿੰਦੇ ਸਨ। ਮੈਨੂੰ ਨਹੀਂ ਪਤਾ ਕਿ ਸੱਚੇ ਪਾਤਸ਼ਾਹ ਜੀ ਨੇ ਆਪਣੀ ਅਥਾਹ ਸ਼ਕਤੀ ਕਿਥੋਂ ਮੇਰੀ ਜੀਭ ਵਿਚ ਭਰ ਦਿੱਤੀ। ਉਹ ਬਜ਼ੁਰਗ ਪਾਠੀ ਮੇਰੇ ਮਗਰ ਖਲੋ ਕੇ ਮੇਰਾ ਪਾਠ ਸੁਣਨ ਲੱਗੇ। ਸੱਚੇ ਪਾਤਸ਼ਾਹ ਜੀ ਦੀ ਕ੍ਰਿਪਾਲਤਾ ਨਾਲ ਮੈਂ ਉਚੀ ਆਵਾਜ਼ ਰੱਖ ਕੇ ਪਾਠ ਕਰਨ ਲੱਗ ਪਿਆ। ਉਹ ਬਜ਼ੁਰਗ ਪਾਠੀ ਹੈਰਾਨ ਸਨ ਕਿ ਇਤਨੀ ਉੱਚੀ ਸੁਰ ਵਿਚ ਇਤਨਾ ਜਲਦੀ ਪਾਠ ਕਿਵੇਂ ਕਰ ਰਿਹਾ ਹੈ। ਤਕਰੀਬਨ ਢਾਈ ਘੰਟੇ ਵਿਚ ੯੮ ਪੱਕੇ ਪੱਤਰੇ ਪਾਠ ਕੇਵਲ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਹੀ ਕਰ ਸਕਿਆ ਸਾਂ। ਆਖਰੀ ਹਿਕਾਇਤ ਇਕ ਹੋਰ ਪਾਠੀ ਨੇ ਮੇਰੇ ਨਾਲ ਪੜ੍ਹ ਕੇ ਪੌਣੇ ਸੱਤ ਵਜੇ ਪਾਠ ਦੀ ਸਮਾਪਤੀ ਦਾ ਅਰਦਾਸਾ ਕਰ ਕੇ ਛੱਪਰਾਂ ਵਾਲੇ ਪਾਠਾਂ ਵਿਚ ਜਦ ਆਇਆ ਤਾਂ ਏਥੇ ਸੱਚੇ ਪਾਤਸ਼ਾਹ ਜੀ ਪਾਠਾਂ ਦੇ ਭੋਗ ਪੁਆ ਰਹੇ ਸਨ, ਮੈਂ ਆਣ ਕੇ ਜਦ ਨਮਸਕਾਰ ਕੀਤੀ ਤਾਂ ਉਸ ਵਕਤ ਸੱਚੇ ਪਾਤਸ਼ਾਹ ਜਿਸ ਪ੍ਰਸੰਨਤਾ ਭਰੀ ਤੱਕਣੀ ਨਾਲ ਮੈਨੂੰ ਤੱਕਿਆ ਮੈਂ ਬਿਆਨ ਨਹੀਂ ਕਰ ਸਕਦਾ।"

ਸ਼ਾਇਦ ਇਸੇ ਤੱਕਣੀ ਦੇ ਕਾਇਲ ਹੋ ਕੇ ਮਹੰਤ ਜੀ ਨੇ 'ਤੱਕਣੀ' ਕਵਿਤਾ ਲਿਖੀ ਜੋ ਸਤਿਗੁਰੂ ਜੀ ਦੀ ਮਿਕਨਾਤੀਸੀ ਤੱਕਣੀ ਦਾ ਬਹੁਤ ਸੁੰਦਰ ਵਰਨਣ ਹੈ ਅਤੇ ਜੋ ਸ੍ਰੀ ਨਾਨਕ ਰਾਜ ਪੁਸਤਕ ਵਿਚ ਦਰਜ ਹੈ।



Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਇਕ ਸਹਿਜ ਪਾਠ ਦਾ ਭੋਗ ਪਾਉਣਾ ਸੀ। ਨਜ਼ਦੀਕ ਬੈਠੇ ਮਹੰਤ ਜੀ ਸੈਂਚੀਆਂ ਵਾਲੀ ਅਲਮਾਰੀ ਵਿਚੋਂ (ਜਿਸ ਵਿਚ ਹਿੱਸਾ ਪਹਿਲਾ ਅਤੇ ਦੂਜਾ ਅਲੱਗ-ਅਲੱਗ ਪਏ ਸਨ) ਅੰਦਾਜ਼ੇ ਅਨੁਸਾਰ ਦੂਜੀ ਸੈਂਚੀ ਜੋ ਰੁਮਾਲ ਵਿਚ ਲਪੇਟੀ ਪਈ ਸੀ ਲੈ ਆਏ। ਪੁਰਾਤਨ ਹੋਣ ਕਰਕੇ ਉਹ ਸੈਂਚੀ ਆਕਾਰ ਵਿਚ ਵੱਡੀ ਸੀ। ਸੱਚੇ-ਪਾਤਸ਼ਾਹ ਜੀ ਵੇਖਿਆ ਕਿ ਮਹੰਤ ਜੀ ਦਰਬਾਰ ਸਾਹਿਬ ਹੀ ਲੈ ਆਏ ਹਨ। ਕਿਹਾ ਸੈਂਚੀ ਲਿਆਉਣ ਨੂੰ ਸੀ। ਸੱਚੇ-ਪਾਤਸ਼ਾਹ ਜੀ ਹੁਕਮ ਕੀਤਾ ਮਹੰਤ ਨੂੰ ਜੁਰਮਾਨਾ ਲਾਇਆ ਜਾਵੇ ਇਸ ਬੇ-ਅਦਬੀ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਮਹੰਤ ਜੀ ਜਾਣ-ਬੁਝ ਕੇ ਭੁੱਲ ਨਹੀਂ ਸੀ ਕੀਤੀ ਫਿਰ ਵੀ ਸਾਧ-ਸੰਗਤ ਵਿਚ ਸਤਿਗੁਰੂ ਜੀ ਦੇ ਸਨਮੁਖ ਖਲੋ ਕੇ ੧੦੧ ਡੰਨ ਵਜੋਂ ਮੱਥਾ ਟੇਕ ਖਿਮਾ ਮੰਗੀ। ਜਦੋਂ ਇਹ ਪਤਾ ਲੱਗਾ ਤਾਂ ਸੱਚੇ ਪਾਤਸ਼ਾਹ ਜੀ ਮਹੰਤ ਜੀ ਦੀ ਨਿੰਮ੍ਰਤਾ ਤੋਂ ਬਹੁਤ ਪ੍ਰਸੰਨ ਹੋਏ ਅਤੇ ਆਪਣੀ ਤਰਫੋਂ ਮਹੰਤ ਜੀ ਨੂੰ ਇਨਾਮ ਵੀ ਦਿੱਤਾ ਉਪਰੰਤ ਭੋਗ ਪਾਇਆ ਗਿਆ।

ਮਹੰਤ ਜੀ ਦੇ ਲਿਖਣ ਅਨੁਸਾਰ ਕਿ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ ਤਾਂ ਕਈ ਦਿਨ ਮਹੰਤ ਜੀ ਸ੍ਰੀ ਭੈਣੀ ਸਾਹਿਬ ਨਹੀਂ ਗਏ ਸਨ। ਇਹੋ ਵਿਚਾਰਦਾ ਕਿ ਜੋ ਪਿਆਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕਰਦੇ ਸਨ, ਉਹ ਹੁਣ ਕਿੱਥੋਂ ਮਿਲੇਗਾ ? 'ਹਰਿ ਦਰਸਨ' ਸਿਰਲੇਖ ਹੇਠ ਲਿਖੀ ਕਵਿਤਾ ਵਿਚ ਉਹਨਾਂ ਆਪਣੇ ਜੀਵਨ ਦਾ ਮਹੱਤਵਪੂਰਨ ਪਲ ਅੰਕਿਤ ਕੀਤਾ ਹੈ ਕਿ ਅੰਮ੍ਰਿਤ ਵੇਲੇ ਕਿਤੇ ਬਹੁਤ ਵੱਡਾ ਦੀਵਾਲ ਲੱਗਾ ਹੋਇਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਆਸਣ ਤੇ ਬਿਰਾਜਮਾਨ ਹਨ। ਵਾਰੀ ਅਨੁਸਾਰ ਜਦੋਂ ਆਸਣ ਸਾਹਵੇਂ ਮੱਥਾ ਟੇਕ ਕੇ ਆਸਣ ਵੱਲ ਤੱਕਿਆ ਤਾਂ ਆਸਣ ਤੇ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹਨ। ਇਸ ਅਸਚਰਜ ਦਾ ਮਹੰਤ ਜੀ ਦੀ ਭਾਵਨਾ ਤੇ ਬਹੁਤ ਪ੍ਰਭਾਵ ਪਿਆ ਅਤੇ ਆਪ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਭੌਣ ਬਣੇ।

ਉਪਰੋਕਤ ਵਿਸ਼ੇ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ ਹਜ਼ੂਰੀ ਵਿਚ ਬੀਤੇ ਕੁਝ ਪਲ ਜੋ ਮਹੰਤ ਜੀ ਦੇ ਜੀਵਨ ਦਾ ਮਹੱਤਵਪੂਰਨ ਹਿੱਸਾ ਹਨ ਸਾਂਝੇ ਕਰਦਾ ਹਾਂ।

ਇਕ ਵਾਰੀ ਸੰਤ ਨਗਰ ਗਿਆਂ ਖਰਚਾ ਜ਼ਿਆਦਾ ਹੋ ਗਿਆ। ਪੈਸੇ ਕੋਲ ਥੋੜ੍ਹੇ ਸਨ ਜੋ ਖਤਮ ਹੋ ਗਏ। ਅਗਲੇ ਦਿਨ ਪਿੰਡ (ਟਾਂਡੇ) ਵਾਪਸ ਆਉਣਾ ਸੀ। ਸੰਤ ਨਗਰ ਰਿਸ਼ਤੇਦਾਰੀ ਹੋਣ ਕਰਕੇ ਸੰਗਦੇ-ਹੋਏ ਜੀਵਨ ਨਗਰ ਚਲੇ ਗਏ ਕਿ ਕਿਸੇ ਸਜਨ ਪਾਸੋਂ ਉਧਾਰ ਲੈ ਲੈਂਦਾ ਹਾਂ ਵਾਪਸ ਆ ਕੇ ਮੋੜ ਦਿਆਂਗਾ। ਇਸੇ ਇੱਛਾ ਅਨੁਸਾਰ ਜੀਵਨ ਨਗਰ ਚਲੇ ਗਏ। ਉੱਥੇ ਜਾ ਕੇ ਪਤਾ ਲੱਗਾ ਕਿ ਸੱਚੇ ਪਾਤਸ਼ਾਹ ਜੀ ਇੱਥੇ ਹੀ ਹਨ, ਸੋਚਿਆ ਦਰਸ਼ਨ ਕਰਕੇ ਹੀ ਜਾਂਦਾ ਹਾਂ। ਦਰਸ਼ਨ ਕਰਨ ਵਾਸਤੇ ਕੋਠੀ ਰੁਕ ਗਏ। ਸੱਚੇ ਪਾਤਸ਼ਾਹ ਜੀ ਡਾ. ਤਰਲੋਕ ਸਿੰਘ ਜੀ ਦੀ ਸਲਾਹ ਅਨੁਸਾਰ ਟੱਪ ਵਿਚ ਬੈਠਦੇ ਸਨ। ਇਸ਼ਨਾਨ ਉਪਰੰਤ ਸੱਚੇ-ਪਾਤਸ਼ਾਹ ਜੀ ਬਾਹਰ ਆਏ, ਅਜੇ ਮਹੰਤ ਜੀ ਮੱਥਾ ਟੇਕਿਆ ਹੀ ਸੀ ਕਿ ਇਕ ਸਿੱਖ ਨੇ ਹੋਰ ਆਣ ਮੱਥਾ ਟੇਕਿਆ। ਤਿੰਨ ਸੌ ਰੁਪੈ ਸੱਚੇ-ਪਾਤਸ਼ਾਹ ਜੀ ਦੇ ਅਗੇ ਰੱਖ ਕੇ ਅਰਜ ਕੀਤੀ, ਪਾਤਸ਼ਾਹ ਜੀ ਵੱਛੀ ਵੇਚੀ ਹੈ। ਸੱਚੇ-ਪਾਤਸ਼ਾਹ ਜੀ ਉਸੇ ਸਿੱਖ ਨੂੰ ਹੁਕਮ ਕੀਤਾ ਕਿ ੧੫੦ ਰੁ. ਅੰਦਰ ਜਮ੍ਹਾਂ ਕਰਵਾ ਦਿਉ ਅਤੇ ੧੫੦ ਰੁ. ਮਹੰਤ ਜੀ ਨੂੰ ਦੇ ਦਿਓ। ਅਗੋਂ ਮਹੰਤ ਜੀ ਆਖਿਆ ਸੱਚੇ-ਪਾਤਸ਼ਾਹ ਜੀ ਇਹ ਕਿਉਂ ? ਸੱਚੇ-ਪਾਤਸ਼ਾਹ ਜੀ ਬਚਨ ਕੀਤਾ ਮਹੰਤਾ ਰੱਖ ਲੈ ਮੈਨੂੰ ਪਤਾ ਹੈ ਕਿ ਤੈਨੂੰ ਲੋੜ ਹੈ!

ਸਤਿਜੁਗ ਅਖਬਾਰ ਦੀ ਸੰਪਾਦਕੀ ਸੇਵਾ ਨਿਭਾਉਂਦਿਆਂ ਕਿਸੇ ਵਿਦਵਾਨ ਸਜਨ ਨੇ ਮਹੰਤ ਜੀ ਦੀਆਂ ਲਿਖਤਾਂ ਚੋਂ ਤਰੁਟੀਆਂ ਲਭ ਸਤਿਗੁਰੂ ਜੀ ਦੇ ਸਨਮੁੱਖ ਕੀਤੀਆਂ। ਸਤਿਗੁਰੂ ਜੀ ਉਸ ਵਲ ਕੋਈ ਵਿਸ਼ੇਸ਼ਤਾ ਨਾ ਦਿਖਾਈ। ਸਮਾਂ ਪਾ ਕੇ ਇਹ ਗਲ ਮਹੰਤ ਜੀ ਨੂੰ ਪਤਾ ਲੱਗੀ। ਆਪ ਜੀ ਸਤਿਗੁਰੂ ਜੀ ਕੋਲ ਜਾ ਅਰਜ ਕੀਤੀ ਕਿ ਪਾਤਸ਼ਾਹ ਜੀ ਮੈਂ ਕੋਈ ਬਹੁਤ ਪੜ੍ਹਿਆ ਲਿਖਿਆ ਨਹੀਂ ਹਾਂ ਨਾਂ ਹੀ ਵਿਦਵਾਨ ਹਾਂ ਇਹ ਸੇਵਾ ਮੇਰੀ ਥਾਂ ਕਿਸੇ ਸਿਆਣੇ ਵਿਦਵਾਨ ਨੂੰ ਬਖਸ਼ੋ। ਅੱਗੋਂ ਸੱਚੇ-ਪਾਤਸ਼ਾਹ ਜੀ ਬਚਨ ਕੀਤਾ 'ਮਹੰਤ ਜੀ ਤੁਸੀਂ ਜੋ ਲਿਖ ਰਹੇ ਹੋ ਮੈਨੂੰ ਬਹੁਤ ਚੰਗਾ ਲੱਗਦਾ ਹੈ। ਦੁਨੀਆਂ ਦੀਆਂ ਦਲੀਲਾਂ ਵਲ ਧਿਆਨ ਦੇਣ ਦੀ ਲੋੜ ਨਹੀਂ।

ਮਹੰਤ ਜੀ ਦੀ ਲਿਖਤ 'ਸ੍ਰੀ ਨਾਨਕ ਰਾਜ' ਦਾ ਖਰੜਾ ਕਈ ਸਾਲ ਛਪਣ ਤੋਂ ਵਾਂਞਾਂ ਹੀ ਰਿਹਾ ਸੀ। ਮਹੰਤ ਜੀ ਬਜ਼ੁਰਗ ਹੋ ਚੁੱਕੇ ਸਨ, ਆਪ ਜੀ ਨੇ ਸੱਚੇ-ਪਾਤਸ਼ਾਹ ਜੀ ਕੋਲ ਅਰਜ਼ ਕੀਤੀ ਕਿ 'ਸ੍ਰੀ ਨਾਨਕ ਰਾਜ' ਜੇਕਰ "ਮੇਰੇ ਜਿਉਂਦਿਆਂ ਛੱਪ ਜਾਏ ਤਾਂ ਮੈਂ ਵੀ ਪੁਸਤਕ ਦੇ ਦਰਸ਼ਨ ਕਰ ਜਾਵਾਂ ਇਹ ਪੁਸਤਕ ਮੈਂ ਚਾਲੀ ਸਾਲ ਦੀ ਮਿਹਨਤ ਪਿਛੋਂ ਲਿਖ ਸਕਿਆ ਹਾਂ।" ਸੱਚੇ ਪਾਤਸ਼ਾਹ ਜੀ ਹੱਸਦਿਆਂ ਬਚਨ ਕੀਤਾ ਕਿ ਪੁਸਤਕ ਨਿਰਾ ਛਪਵਾਉਣਾ ਨਹੀਂ ਸਗੋਂ ਤੁਹਾਨੂੰ ਪੜ੍ਹਨ ਤੋਂ ਬਾਅਦ ਹੀ ਜਾਣ ਦੇਣਾ ਹੈ। ਇਹ ਅਟੱਲ ਬਚਨ ਹੋ ਗਿਆ। ਸਮਾਂ ਪਾ ਕੇ ਸੰਤ ਤਰਸੇਮ ਸਿੰਘ ਜੀ ਰਾਹੀਂ ਪੁਸਤਕ ਛਪੀ। ਛਪਣ ਤੋਂ ਬਾਅਦ ਕੁਝ ਕਾਪੀਆਂ ਸੰਤ ਤਰਸੇਮ ਸਿੰਘ ਜੀ ਖੁਦ ਮਹੰਤ ਜੀ ਨੂੰ ਦੇ ਕੇ ਗਏ। ਮਹੰਤ ਜੀ ਦੇ ਹੁਕਮ ਅਨੁਸਾਰ ਮੇਰੀ ਮਾਤਾ ਚਰਨ ਕੌਰ ਜੀ ਨੇ ਪੁਸਤਕ ਪੜ੍ਹ ਕੇ ਸੁਣਾਉਣੀ ਸ਼ੁਰੂ ਕੀਤੀ। ਸਾਰੀ ਪੁਸਤਕ ਸੁਣ ਲੈਣ ਤੋਂ ਬਾਅਦ ਹੀ ੩੦ ਜੂਨ ੧੯੯੬ ਨੂੰ ਮਹੰਤ ਜੀ ਦਾ ਸਰੀਰ ਚੌਲਿਆ ਸੀ। ਮਹੰਤ ਜੀ ਦੇ ਜੀਵਨ ਦੀ ਸਮਾਪਤੀ ਸਤਿਗੁਰੂ ਜੀ ਦੇ ਅਟੱਲ ਬਚਨ ਅਨੁਸਾਰ ਹੀ ਹੋਈ। ਉਹਨਾਂ ਦੇ ਸਮਰਪਿਤ ਜੀਵਨ ਦੇ ਕਾਇਲ ਹੋ ਸਤਿਗੁਰੂ ਜਗਜੀਤ ਸਿੰਘ ਜੀ ਆਪ ੧੦ ਜੁਲਾਈ ੧੯੯੬ ਨੂੰ ਉਹਨਾਂ ਦੇ ਨਗਰ ਆਏ ਅਤੇ ਭੋਗ ਦਾ ਮੇਲਾ ਕੀਤਾ।

*ਲੇਖਕ ਮਹੰਤ ਜੀ ਦਾ ਪੋਤਰਾ ਹੈ —ਸੰਪਾਦਕ*

*੯੮੧੫੪-੨੯੨੫੨*



Namdhari Elibrary NamdhariElibrary@gmail.com

## ਜਲੰਧਰ ਵਿਚ ਪ੍ਰਕਾਸ਼ ਦਿਵਸ ਤੇ ਸੰਗੀਤ ਸਮਾਰੋਹ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦਾ ਇਕਾਨਵਾਂ ਪ੍ਰਕਾਸ਼ ਦਿਵਸ ਜਲੰਧਰ ਵਿਚ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਲਾਡੋਵਾਲੀ ਰੋਡ ਵਿਚ ਸੰਗੀਤ ਸਮਾਰੋਹ ਦੇ ਰੂਪ ਵਿਚ ੨੭ ਨਵੰਬਰ ੨੦੧੦ ਸਨਿਚਰਵਾਰ ਸ਼ਾਮ ਨੂੰ ਸ਼ਰਧਾ ਅਤੇ ਜੋਸ਼ ਨਾਲ ਮਨਾਇਆ ਗਿਆ।

ਸੰਗੀਤ ਸਮਾਰੋਹ ਦਾ ਆਰੰਭ ਜਲੰਧਰ ਦੇ ਨੌਜਵਾਨ ਕਲਾਕਾਰ ਸੰਤੋਖ ਸਿੰਘ ਦੇ ਗਾਇਣ ਅਤੇ ਤਾਰ ਸ਼ਹਿਨਾਈ ਵਾਦਨ ਨਾਲ ਆਰੰਭ ਹੋਇਆ। ਉਹਨਾਂ ਦੇ ਤਾਰ ਸ਼ਹਿਨਾਈ ਵਾਦਨ ਨੇ ਵੀ ਮੋਹਿਆ ਅਤੇ ਇਸ ਸਮੇਂ ਦੇ ਢੁਕਵੇਂ ਅਤੇ ਸੰਖੇਪ ਰੂਪ ਵਿਚ ਸ਼ਬਦ ਵੀ ਗਾਏ। ਪਹਿਲਾਂ ਤਾਂ ਦੇਸ਼ ਰਾਗ ਵਿਚ ਬੰਦਿਸ਼ ਸੀ, "ਪਾਵਨ ਪਵਿਤ੍ਰ ਮਿਤ੍ਰ"ਆਜ ਮੋਰੇ ਆਏ ਹੈਂ" ਅਤੇ ਦੂਸਰੀ ਬੰਦਿਸ ਰਾਗ ਪਟਦੀਪ ਵਿਚ "ਸਤਿਗੁਰੁ ਪਾਰਸਿ ਪਰਸਿਐ"... ਤਬਲਾ ਸੰਗਤ ਪ੍ਰਿਤਪਾਲ ਸਿੰਘ ਗੋਲਡੀ ਕਰ ਰਹੇ ਸਨ।

ਇਨਾਂ ਦੇ ਨਾਲ ਹੀ ਸੰਤ ਬਲਬੀਰ ਸਿੰਘ ਜੀ ਨੇ ਆਪਣਾ ਗਾਇਣ ਆਰੰਭ ਕੀਤਾ, ਰੂਪਕ ਤਾਲ ਵਿਚ ਰਾਗ ਯਮਨ ਦੀ ਇਕ ਬੰਦਿਸ਼ ਵਿਚ ਗੁਰਬਾਣੀ ਦਾ ਸ਼ਬਦ "ਧਨਿ ਧੰਨਿ ਹਮਾਰੇ ਭਾਗ" ਅਤੇ ਫੇਰ ਇਸੇ ਰਾਗ ਵਿਚ ਹੀ ਤਿੰਨ ਤਾਲ ਵਿਚ "ਤੇਰੀ ਉਪਮਾ ਤੋਹਿ ਬਨਿ ਆਵੈ" ਅਤੇ ਅੰਤ ਵਿਚ ਰਾਗ ਮਧੂਵੰਤੀ ਵਿਚ "ਤੁਝ ਬਿਨੁ ਕਵਨੁ ਹਮਾਰਾ" ਦਾ ਬਹੁਤ ਮਧੁਰ ਆਵਾਜ਼ ਵਿਚ ਗਾਇਣ ਕੀਤਾ। ਤਾਰ ਸ਼ਹਿਨਾਈ ਤੇ ਸੰਤੋਖ ਸਿੰਘ, ਤਬਲੇ ਤੇ ਪ੍ਰਸਿੱਧ ਕਲਾਕਾਰ ਸੁਖਦੇਵ ਸਿੰਘ ਅਤੇ ਮਨਿੰਦਰ ਸਿੰਘ ਸਨ ਅਤੇ ਗਾਇਣ ਵਿਚ ਸਾਥ ਪ੍ਰਿਤਪਾਲ ਸਿੰਘ ਗੋਲਡੀ ਦੇ ਰਹੇ ਸਨ।

ਇਸ ਤੋਂ ਉਪਰੰਤ ਸ. ਜਗਦੀਸ਼ ਸਿੰਘ ਵਰਿਆਮ ਨੇ ਅੱਜ ਦੇ ਪ੍ਰੋਗਰਾਮ ਦਾ ਮਹੱਤਵ ਦੱਸਦਿਆਂ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਦੇ ਪ੍ਰਚਾਰ ਪਰਸਾਰ ਅਤੇ ਸੰਭਾਲ ਵਾਸਤੇ ਜੋ ਕ੍ਰਿਪਾ ਕੀਤੀ ਹੈ ਉਹ ਪ੍ਰਤੱਖ ਹੋ ਕੇ ਸਾਹਮਣੇ ਦਿਸ ਰਹੀ ਹੈ।

ਅਗੋਂ ਆਉਣ ਵਾਲੇ ਕਲਾਕਾਰ ਸਨ ਪ੍ਰਸਿੱਧ ਸਿਤਾਰ ਵਾਦਕ ਡਾ. ਵਰਿੰਦਰ ਕੁਮਾਰ ਜੀ। ਇਹਨਾਂ ਨੂੰ ਸਤਿਗੁਰੂ ਜੀ ਨੇ ਬੜਾ ਪਿਆਰ ਅਤੇ ਦੁਲਾਰ ਦਿੱਤਾ ਹੈ। ਜਗਤ ਪ੍ਰਸਿੱਧ ਕਲਾਕਾਰ ਉਸਤਾਦ ਵਲਾਇਤ ਖਾਂ ਸਾਹਿਬ ਦੇ ਸ਼ਾਗਿਰਦ ਸਤਿਗੁਰੂ ਜੀ ਨੇ ਆਪਣੀ ਹਜ਼ੂਰੀ ਵਿਚ ਬਣਵਾਇਆ। ਆਪ ਸੰਗੀਤ ਕਲਾਕਾਰ ਦੇ ਨਾਲ ਪ੍ਰਸਿੱਧ ਅਧਿਆਪਕ ਵੀ ਹਨ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੰਗੀਤ ਵਿਭਾਗ ਦੇ ਮੁੱਖੀ ਵੀ ਰਹੇ ਹਨ। ਇਹਨਾਂ (ਵਰਿੰਦਰ ਜੀ ਨੇ) ਆਪਣੇ ਪ੍ਰੋਗਰਾਮ ਤੋਂ ਪਹਿਲਾਂ ਦਸਿਆ ਕਿ ਉਹ ਜਿਹੜਾ ਰਾਗ ਵਜਾ ਰਹੇ ਹਨ ਇਸ ਦੀ ਉਤਪਤੀ ਥਾਈਲੈਂਡ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਸਾਹਮਣੇ ਰਿਆਜ਼ ਅਭਿਆਸ ਕਰਨ ਸਮੇਂ ਹੋਈ ਅਤੇ ਇਸ ਦਾ ਨਾਂਅ ਪ੍ਰਤਾਪ ਕੌਂਸ ਰਖਿਆ ਗਿਆ। ਸ੍ਰੀ ਭੈਣੀ ਸਾਹਿਬ ਤੋਂ ਆਏ ਪ੍ਰਸਿੱਧ ਕਲਾਕਾਰ ਸ੍ਰੀ ਰਾਜੇਸ਼ ਮਾਲਵੀਆ ਨੇ ਤਬਲਾ ਸੰਗਤ ਕੀਤੀ। ਵਰਿੰਦਰ ਜੀ ਨੇ ਸਿਤਾਰ ਸਾਜ਼ ਅਤੇ ਰਾਗਦਾਰੀ ਦੇ ਸਾਰੇ ਅੰਗਾਂ ਦਾ ਬਹੁਤ ਰਸ ਭਿੰਨਾ ਪ੍ਰਦਰਸ਼ਨ ਕੀਤਾ। ਆਲਾਪ ਜੋੜ ਝਾਲਾ, ਵਿਲੰਬਤ ਅਤੇ ਦਰੁਤ ਗਤਾਂ ਦਾ ਸਪਸ਼ਟ ਅਤੇ ਸੁੰਦਰ ਪ੍ਰਦਰਸ਼ਨ ਇਵੇਂ ਸੀ ਜਿਵੇਂ ਵਿਦਿਆਰਥੀਆਂ ਨੂੰ ਸਬਕ ਸਿਖਾਇਆ ਜਾ ਰਿਹਾ ਹੋਵੇ। ਉਸਤਾਦ ਵਲਾਇਤ ਖਾਂ ਸਾਹਿਬ ਦੇ ਅੰਦਾਜ਼ ਵਿਚ ਹੀ ਸਿਤਾਰ ਹੂਕਾਂ ਹਾਵਿਆਂ ਵਿਚ ਗਾ ਰਹੀ ਸੀ। ਰਾਜੇਸ਼ ਮਾਲਵੀਆ ਦੀ ਤਬਲੇ ਤੇ ਕਮਾਲ ਦੀ ਸੰਗਤ ਨਾਲ ਵਰਿੰਦਰ ਜੀ ਨੇ ਵਿਸਮਾਦ! ਵਿਸਮਾਦ!! ਦੀ ਹਾਲਤ ਤਾਰੀ ਕਰ ਦਿੱਤੀ। ਇਕ ਜਾਦੂਮਈ ਪ੍ਰਦਰਸ਼ਨ ਸੀ ਇਹ। ਅਗਲੀ ਅਤੇ ਆਖਰੀ ਕਲਾਕ੍ਰਿਤੀ ਸੀ ਪੰਜਾਬ ਦੇ ਬਹੁਤ ਹਰਮਨ ਪਿਆਰੇ ਉਸਤਾਦ ਕਲਾਕਾਰ ਪ੍ਰੋ. ਬਲਦੇਵ ਨਾਰੰਗ ਜੀ ਦੇ ਗਾਇਣ ਦੀ ਪੇਸ਼ਕਾਰੀ। ਨਾਰੰਗ ਸਾਹਿਬ ਦਾ ਨਾਮ ਪੰਜਾਬ ਦੇ ਬੜੇ ਸ਼ਾਸਤ੍ਰੀ ਅਤੇ ਖੁਲੇ ਸਟੇਜ ਗਾਇਕਾਂ ਦੇ ਉਸਤਾਦ ਵਜੋਂ ਪ੍ਰਸਿੱਧ ਹੈ। ਖੁਲੀ ਭਰਵੀਂ ਰੇਸ਼ਮੀ ਆਵਾਜ਼ ਦਿਲਾਂ ਨੂੰ ਛੂੰਹਦੀ ਆਤਮਾ ਨੂੰ ਝਕਝੋਰ ਕਰ ਦਿੰਦੀ ਹੈ। ਸੁਭਾਅ ਦੇ ਵੀ ਸੰਤ ਹਨ। ਇਕ ਵਾਰ ਆਪ ਦਾ ਪ੍ਰੋਗਰਾਮ ਸ਼ੁਰੂ ਹੋਣਾ ਸੀ ਤਿਆਰੀ ਹੋ ਚੁੱਕੀ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਆ ਗਏ। ਰਾਗੇਸ਼ਵਰੀ ਰਾਗ ਦਾ ਆਲਾਪ ਕਰ ਚੁੱਕੇ ਸਨ। ਅਚਾਨਕ ਸਤਿਗੁਰੂ ਜੀ ਨੂੰ ਵੇਖ ਕੇ ਨਾਰੰਗ ਸਾਹਿਬ ਨੇ ਯਕਦਮ ਗਾਣ ਵਾਲੀ ਬੰਦਿਸ਼ ਦੇ ਬੋਲ ਬਦਲ ਕੇ ਉਚਾਰਣ ਕੀਤਾ, "ਭਾਗ ਮੋਰੇ ਜਾਗੇ...ਗੁਰੂ ਚਰਨਣ ਚਿਤ



Namdhari Elibrary NamdhariElibrary@gmail.com

ਲਾਗੇ"। ਅੱਜ ਨਾਰੰਗ ਸਾਹਿਬ ਨਾਲ ਸੰਗਤ ਕਰ ਰਹੇ ਸਨ; ਤਬਲੇ ਤੇ ਸਰਬ ਸਨਮਾਨਤ ਉਸਤਾਦ ਕਲਾਕਾਰ, ਪੰਡਿਤ ਰਮਾਂਕਾਂਤ ਜੀ, ਹਾਰਮੋਨੀਅਮ ਤੇ ਨਾਰੰਗ ਜੀ ਦੇ ਸ਼ਾਗਿਰਦ ਅਤੇ ਸਪੁੱਤਰ ਮੋਹਿਤ ਪ੍ਰਤਾਪ ਅਤੇ ਤਾਨਪੂਰੇ ਤੇ ਜਸਵੰਤ ਸਿੰਘ। ਨਾਰੰਗ ਸਾਹਿਬ ਨੇ ਰਾਗ ਜੋਗ ਦੀ ਅਵਤਾਰਨਾ ਕੀਤੀ। ਵਿਲੰਬਤ ਗਤ ਇਕ ਤਾਲ ਵਿਚ ਸੀ ਜਿਸ ਦੇ ਬੋਲ ਸਨ ਤੁਲਸੀ ਰਾਮਾਇਣ ਵਿਚੋਂ "ਪਈ ਸੰਤਨ ਕੀ ਭੀੜ ਚਿਤਰ ਕੂਟ ਘਾਟ ਪਰ" ਅਤੇ ਦਰੁਤ ਬੰਦਿਸ਼ ਦੇ ਬੋਲ ਸਨ "ਸਾਜਨ ਮੋਰੇ ਘਰ ਆਏ।" ਨਾਰੰਗ ਸਾਹਿਬ ਦੇ ਸਾਹਮਣੇ ਗਰਮ ਪਾਣੀ ਦਾ ਛੋਟਾ ਗੜਵਾ ਤੇ ਗਲਾਸ ਪਿਆ ਸੀ। ਉਹਨਾਂ ਦੱਸਿਆ ਕਿ ਗਲੇ ਦੇ ਖਰਾਬ ਹੋਣ ਕਾਰਨ ਅੱਜ ਦਾ ਪ੍ਰੋਗਰਾਮ ਸੰਦੇਹ ਭਰਿਆ ਹੋ ਗਿਆ ਸੀ...ਪਰ ਪਾਤਸ਼ਾਹ ਜੀ ਦਾ ਧਿਆਨ ਧਰ ਕੇ ਹੌਲੀ ਹੌਲੀ ਜਦੋਂ ਗਾਣੇ ਦੀ ਬੜ੍ਹਤ ਕੀਤੀ ਤਾਂ ਗਲਾ ਨਾ ਸਿਰਫ ਚਲ ਹੀ ਪਿਆ ਸਗੋਂ ਅਨੰਦ ਦੀਆਂ ਨਵੀਆਂ ਸਿਖਰਾਂ ਛੋਹ ਰਿਹਾ ਸੀ। ਨਾਰੰਗ ਸਾਹਿਬ ਦੀ ਸੋਨ ਸਨਹਿਰੀ ਆਵਾਜ਼ ਅਤੇ ਪੰਡਿਤ ਰਮਾਂਕਾਂਤ ਜੀ ਦਾ ਭਰਪੂਰ ਮਿਲਵਾਂ ਤਬਲਾ ਵਾਦਨ ਨੇ ਅਜਿਹਾ ਰੰਗ ਬੰਨ੍ਹਿਆ ਕਿ ਪ੍ਰਤੀਤ ਹੋ ਰਿਹਾ ਸੀ ਕਿ ਸਾਖਿਆਤ ਸਤਿਗੁਰੂ ਜਗਜੀਤ ਸਿੰਘ ਜੀ ਆਪ ਇਸ ਸਮੇਂ ਪ੍ਰਤੱਖ ਰੂਪ ਵਿਚ ਹਾਜ਼ਰ ਹਨ। ਪ੍ਰੋਗਰਾਮ ਬਹੁਤ ਕਾਮਯਾਬ ਹੋ ਨਿਬੜਿਆ।

ਅੱਜ ਦੇ ਸਮਾਗਮ ਵਿਚ ਸ੍ਰੀ ਭੈਣੀ ਸਾਹਿਬ ਤੋਂ ਉਚੇਚਿਆਂ ਸਤਿਗੁਰੂ ਜੀ ਦੇ ਹਜ਼ੂਰੀ ਨਿੱਜੀ ਸੇਵਕ ਸੰਤ ਰਛਪਾਲ ਸਿੰਘ ਜੀ ਨੌਜਵਾਨ ਜੱਥੇ ਸਮੇਤ ਆਏ ਸਨ। ਇਸਦੇ ਨਾਲ ਨਾਲ ਹਰਿਵਲਭ ਸੰਗੀਤ ਮਹਾਂਸਭਾ ਦੇ ਜਨਰਲ ਸਕੱਤਰ ਮੈਡਮ ਪੂਰਨਿਮਾ ਬੇਰੀ, ਡਾਇਰੈਕਟਰ ਸ. ਸੁਰਜੀਤ ਸਿੰਘ ਅਜੀਮਲ, ਮੰਚ ਸੰਚਾਲਕ ਸੰਗਤ ਰਾਮ ਜੀ, ਤਨਜ਼ਾਨੀਆ ਦੇ ਸ਼ਹਿਰ ਮੋਸ਼ੀ ਤੋਂ ਸ. ਦਲਜੀਤ ਸਿੰਘ ਕਲਸੀ, ਉਹਨਾਂ ਦੇ ਜਲੰਧਰ ਵਾਲੇ ਭਾਈ ਸਾਹਿਬ ਸ. ਹਰਬੰਸ ਸਿੰਘ ਕਲਸੀ, ਸੂਬਾ ਜੁਗਿੰਦਰ ਸਿੰਘ, ਪ੍ਰਧਾਨ ਸੁਰਜੀਤ ਸਿੰਘ ਅਤੇ ਸੈਕਟਰੀ ਦੀਪ ਸਿੰਘ ਅਤੇ ਹੋਰ ਕਲਾਪ੍ਰੇਮੀ ਬਹੁਤ ਸਾਰੇ ਮਾਈ ਭਾਈ ਪਰਿਵਾਰਾਂ ਸਮੇਤ ਗੁਰੂ ਮਹਿਮਾ ਵਿਚ ਸ਼ਾਮਲ ਸਨ।

ਸੰਤ ਰਛਪਾਲ ਸਿੰਘ ਜੀ ਹਥੀਂ ਕਲਾਕਾਰਾਂ ਨੂੰ ਮਾਨ ਸਨਮਾਨ ਦਿੱਤਾ ਗਿਆ। ਪਰਬੰਧਕਾਂ ਵਲੋਂ ਨਿਰਧਾਰਤ ਸਨਮਾਨ ਰਾਸ਼ੀ ਤੋਂ ਇਲਾਵਾ ਸਤਿਗੁਰੂ ਜੀ ਵਲੋਂ ਵੀ ਸਨਮਾਨ ਰਾਸ਼ੀ ਦੇ ਲਫਾਫੇ ਸੰਤ ਰਛਪਾਲ ਸਿੰਘ ਜੀ ਨੇ ਕਲਾਕਾਰਾਂ ਨੂੰ ਦਿੱਤੇ।

ਸ. ਜਗਦੀਸ਼ ਸਿੰਘ ਵਰਿਆਮ ਵਲੋਂ ਸਭ ਸੰਗਤਾਂ ਅਤੇ ਸੇਵਾਦਾਰ ਸਿੰਘਾਂ ਬੀਬੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਅੰਤ ਉਤੇ ਸਭ ਨੇ ਪੰਗਤਾਂ ਲਾ ਕੇ ਸਵਾਦਿਸ਼ਟ ਲੰਗਰ ਛੱਕ ਕੇ ਗੁਰੂ ਪੁਰਬ ਮਨਾਇਆ।

## ਪ੍ਰੀਤ ਨਗਰ ਜਲੰਧਰ ਵਿਚ ਪ੍ਰਕਾਸ਼ ਪੁਰਬ

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਨਾਮਧਾਰੀ ਸੰਗਤ, ਨਾਮਧਾਰੀ ਵਿਦਿਅਕ ਜੱਥਾ ਅਤੇ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਵਲੋਂ ਮਿਤੀ ੨੧-੧੧-੨੦੧੦ ਦਿਨ ਐਤਵਾਰ ਨੂੰ ਨਾਮਧਾਰੀ ਧਰਮਸ਼ਾਲਾ ਪ੍ਰੀਤ ਨਗਰ ਸੋਡਲ ਰੋਡ, ਜਲੰਧਰ ਵਿਖੇ ਬਹੁਤ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਸ਼ਨੀਵਾਰ ਦੀ ਰਾਤ ਇਕ ਘੰਟਾ ਨਾਮ ਸਿਮਰਨ ਕਰਨ ਉਪਰੰਤ ਸੰਤੋਖ ਸਿੰਘ ਰਾਗੀ ਸਮੇਤ ਜੱਥਾ, ਜੱਥੇਦਾਰ ਸੁਰਿੰਦਰ ਸਿੰਘ ਛਿੰਦਾ ਅਤੇ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਦੇ ਨੌਜਵਾਨ, ਜੱਥੇਦਾਰ ਜਸਬੀਰ ਸਿੰਘ ਪਿੰਡ ਖਿਆਲਾ ਦੇ ਜੱਥਿਆਂ ਨੇ ਆਪਣੇ-ਆਪਣੇ ਸਮੇਂ ਮੁਤਾਬਿਕ ਹੱਲੇ ਦਾ ਦੀਵਾਨ ਲਗਾ ਕੇ ਸਤਿਗੁਰੂ ਜੀ ਦੇ ਕੀਤੇ ਹੋਏ ਪਰ ਉਪਕਾਰਾਂ ਦਾ ਵਰਨਣ-ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ। ਅਗਲੇ ਦਿਨ ਐਤਵਾਰ ਅੰਮ੍ਰਿਤ ਵੇਲੇ ਭਜਨ ਦੀ ਵਰਨੀ ਕੀਤੀ ਗਈ, ਆਸਾ ਦੀ ਵਾਰ ਦਾ ਕੀਰਤਨ ਲੁਧਿਆਣਾ ਅਤੇ ਜਲੰਧਰ ਦੇ ਜੱਥੇ ਨੇ ਸਮੂਹਕ ਰੂਪ ਵਿਚ ਤੰਤੀ ਸਾਜਾਂ ਨਾਲ ਰਾਗਾਂ ਤੇ ਆਧਾਰਿਤ ਕੀਤਾ। ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਦੇ ਨੌਜਵਾਨ ਜੱਥੇਦਾਰ ਸੁਖਮਿੰਦਰ ਸਿੰਘ ਸੁੱਖੂ, ਜੈਤਾ ਸਿੰਘ, ਪ੍ਰਭਜੋਤ ਸਿੰਘ ਅਤੇ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ ਵਲੋਂ ਵੀ ਬਹੁਤ ਹੀ ਸੁੰਦਰ ਸ਼ੈਲੀ ਵਿਚ ਦੀਵਾਨ ਲਗਾ ਕੇ ਸਤਿਗੁਰੂ ਜੀ ਦੇ ਪਰ ਉਪਕਾਰਾਂ ਦਾ ਵਰਨਣ ਕੀਤਾ ਗਿਆ। ਜੱਥੇਦਾਰ ਜਸਬੀਰ ਸਿੰਘ ਪਿੰਡ ਖਿਆਲਾ, ਦਵਿੰਦਰ ਸਿੰਘ ਫਗਵਾੜਾ, ਸ਼ਾਮ ਸਿੰਘ ਪਿੰਡ ਮੁਠੱਡਾ ਦੇ ਜੱਥਿਆਂ ਨੇ ਵੀ ਦੀਵਾਨ ਲਗਾਉਂਦਿਆਂ ਹੋਇਆਂ ਆਈ ਹੋਈ ਸੰਗਤ ਦਾ ਮਨ ਸਤਿਗੁਰੂ ਚਰਨਾਂ ਵੱਲ ਜੋੜੀ ਰੱਖਿਆ। ਉਪਰੰਤ ਸੂਬਾ ਸੰਦੀਪ ਸਿੰਘ ਸ੍ਰੀ ਭੈਣੀ ਸਾਹਿਬ ਜੀ ਨੇ ਪ੍ਰਭਾਵਸ਼ਾਲੀ ਹੱਲੇ ਦਾ ਦੀਵਾਨ ਲਾਇਆ। ਪਵਿੱਤਰ ਗੁਰਬਾਣੀ ਆਦਿ ਸ੍ਰੀ ਗ੍ਰੰਥ ਸਾਹਿਬ ਜੀ ਦੇ ਪੰਜ ਪਾਠਾਂ ਦੇ ਭੋਗ ਪਾਏ ਗਏ। ਇਸ ਮੌਕੇ ਸਲਾਨਾ ਵਿਦਿਅਕ ਸੰਮੇਲਨ ਵਿਚ ਭਾਗ ਲੈਣ ਵਾਲੇ ਸਿੱਖਿਆਰਥੀਆਂ ਨੂੰ ਨਾਮਧਾਰੀ ਸੰਗਤ ਜਲੰਧਰ ਸ਼ਹਿਰ ਵਲੋਂ ਸਨਮਾਨਤ ਕੀਤਾ ਗਿਆ ਅਤੇ ਇਕ



Namdhari Elibrary NamdhariElibrary@gmail.com

ਹਾਰਮੋਨੀਅਮ ਅਤੇ ਛੈਣੇ ਵੀ ਇਨਾਮ ਦੇ ਰੂਪ ਵਿਚ ਦਿੱਤੇ ਗਏ।

ਇਸ ਮੌਕੇ ਸੰਤ ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ, ਸੂਬਾ ਜਸਵੀਰ ਸਿੰਘ, ਹਰਜੀਤ ਸਿੰਘ ਮੁੱਠਡਾ, ਜਨਰਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ, ਸੁਖਵਿੰਦਰ ਸਿੰਘ ਲਾਇਲ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜੱਥਾ, ਸੁਰਿੰਦਰ ਸਿੰਘ ਛਿੰਦਾ ਕਨਵੀਨਰ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਜ਼ੋਨ, ਕਮਲਜੀਤ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਸ਼ਹਿਰ, ਨਰਿੰਦਰ ਸਿੰਘ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਫਗਵਾੜਾ, ਅਜੈਬ ਸਿੰਘ ਮੀਤ ਪ੍ਰਧਾਨ ਨਾਮਧਾਰੀ ਵਿਦਿਅਕ ਜੱਥਾ ਜਲੰਧਰ ਦਿਹਾਤੀ, ਲਖਵਿੰਦਰ ਕੌਰ ਪ੍ਰਧਾਨ ਨਾਮਧਾਰੀ ਇਸਤਰੀ ਵਿਦਿਅਕ ਜੱਥਾ ਜਲੰਧਰ ਵੀ ਹਾਜ਼ਰ ਸਨ। ਆਈ ਹੋਈ ਸੰਗਤ ਦਾ ਧੰਨਵਾਦ ਸੂਬਾ ਜੁਗਿੰਦਰ ਸਿੰਘ ਅਤੇ ਸੰਤ ਦੀਪ ਸਿੰਘ ਸੱਕਤਰ ਨਾਮਧਾਰੀ ਸੰਗਤ ਜਲੰਧਰ ਸ਼ਹਿਰ ਵਲੋਂ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। *—ਦੀਪ ਸਿੰਘ*

## ਸਰਸਾ ਵਿਖੇ ਪ੍ਰਕਾਸ਼ ਪੁਰਬ

ਨਾਮਧਾਰੀ ਸਾਧ ਸੰਗਤ ਸਰਸਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਸਤਿਕਾਰ ਨਾਲ ਮਨਾਇਆ। ਪੁਰਬ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਨਾਲ ਆਰੰਭ ਹੋਇਆ ਜਿਸ ਵਿਚ ਸਰਵ ਸੰਤ ਹਰਜੀਤ ਸਿੰਘ, ਲਖਵਿੰਦਰ ਸਿੰਘ, ਰਣਬੀਰ ਸਿੰਘ, ਸਵਰਨ ਸਿੰਘ ਅਤੇ ਮਹੰਤ ਗੁਰਦੀਪ ਸਿੰਘ ਆਦਿ ਨੇ ਰੰਗ ਬੰਨ੍ਹਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚੜ੍ਹਦੀ ਕਲਾ ਵਾਸਤੇ ਇਕ ਹਵਨ ਕੀਤਾ ਗਿਆ। ਕਵੀਸ਼ਰ ਜੋਗਾ ਸਿੰਘ ਭੰਗੂਰ ਵਾਲਿਆਂ ਦੇ ਜਥੇ ਨੇ ਗੁਰੂ ਜੱਸ ਕੀਤਾ। ਉਪਰੰਤ ਛੋਟੇ ਬੱਚਿਆਂ ਇੰਦਰਪ੍ਰੀਤ ਕੌਰ ਪੁੱਤਰੀ ਸੰਤ ਅਮਰ ਸਿੰਘ ਟਾਇਰਾਂ ਵਾਲੇ ਤੇ ਬੀਬੀ ਸੁਖਪ੍ਰੀਤ ਕੌਰ ਦੇ ਜਥੇ ਨੇ ਸ਼ਬਦ ਗਾਇਨ ਕੀਤੇ। ਨੌਜਵਾਨਾਂ ਦੇ ਜਥੇ ਨੇ ਗਤਕੇ ਦੇ ਜੌਹਰ ਵਿਖਾਏ।

*—ਲਖਬੀਰ ਸਿੰਘ ਸਿਰਸਾ*

## ਬੀਬੀ ਗਿਆਨ ਕੌਰ ਯੂ. ਕੇ.

ਬੀਬੀ ਗਿਆਨ ਕੌਰ ਪਤਨੀ ਸਵ. ਸੰਤ ਸਵਰਨ ਸਿੰਘ ਚਾਨਾ ਜੋ ਸੰਤਾਂ ਵਾਂਗ ਹੀ ਨਾਮਧਾਰੀ ਪੰਥ ਦੇ ਸੱਚੇ-ਸੁੱਚੇ ਸੇਵਕ ਸਨ ਦੋ ਕੁ ਮਹੀਨਿਆਂ ਤੋਂ ਲਿਵਰ ਕੈਂਸਰ ਕਾਰਨ ਬਿਮਾਰ ਸਨ, ਆਪਣੀ ਯਾਤਰਾ ਸੰਪੂਰਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ।

ਬੀਬੀ ਜੀ ਦਾ ਨਾਮਧਾਰੀ ਸੰਗਤ ਪ੍ਰਤੀ ਅਥਾਹ ਪ੍ਰੇਮ ਸੀ ਅਤੇ ਕੋਈ ਵੀ ਕੰਮ ਸਤਿਗੁਰੂ ਜੀ ਅੱਗੇ ਅਰਦਾਸ ਕਰਨ ਤੋਂ ਬਗੈਰ ਨਹੀਂ ਸਨ ਕਰਦੇ। ਨਾਮਧਾਰੀ ਗੁਰਦੁਆਰਾ ਸਾਊਥਾਲ ਦੇ ਹਰ ਇਕ ਪ੍ਰੋਗਰਾਮ ਵਿੱਚ ਵਧ ਚੜ੍ਹ ਕੇ ਪਰਵਾਰ ਸਮੇਤ ਹਿੱਸਾ ਲੈਂਦੇ ਸਨ। ਬੀਬੀ ਜੀ ਦੇ ਸਿੱਖਿਆ ਅਤੇ ਪਿਆਰ ਸਦਕਾ ਹੀ ਬੇਟੇ ਹਰਮਿੰਦਰ ਸਿੰਘ ਅਤੇ ਉਸ ਦੇ ਘਰੋਂ ਮਨਵਿੰਦਰ ਕੌਰ ਨੇ ਸ੍ਰੀ ਸਤਿਗੁਰੂ ਜੀ ਦੀ ਮਰਯਾਦਾ ਨਾਲ ਆਪਣੇ ਘਰ ਦੇ ਵਾਤਾਵਰਨ ਨੂੰ ਸਤਿਗੁਰੂ ਜੀ ਦੀ ਜੋਤ ਨਾਲ ਜਗਮਗਾਇਆ ਹੋਇਆ ਹੈ। ਇਹ ਸਾਰੀ ਬਰਕਤ ਸੰਤ ਸਵਰਨ ਸਿੰਘ ਦੀ ਭਗਤੀ ਅਤੇ ਮਾਤਾ ਗਿਆਨ ਕੌਰ ਦਾ ਸਤਿਗੁਰੂ ਜੀ ਦੇ ਪਿਆਰ ਵਿਚ ਲਬਰੇਜ਼ ਭਰਪੂਰ ਗਿਆਨ ਹੀ ਸੀ, ਜਿਸ ਨੇ ਇਸ ਪਰਵਾਰ ਨੂੰ ਇਸ ਰੂਹਾਨੀ ਰੰਗ ਵਿਚ ਰੰਗਿਆ ਹੋਇਆ ਹੈ।

ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਮੌਜੂਦਾ ਸਤਿਗੁਰੂ ਜੀ ਅਫਰੀਕਾ ਦੌਰਿਆਂ ਸਮੇਂ ਯੁਗੰਡਾ ਵਿਖੇ ਇਹਨਾਂ ਦੇ ਗ੍ਰਹਿ ਵਿਖੇ ਹੀ ਡੇਰਾ ਕਰਦੇ ਸਨ। ਇੰਗਲੈਂਡ ਵਿਚ ਇਹਨਾਂ ਦੇ ਗ੍ਰਹਿ ਸਟੋਕ-ਓਨ-ਟਰੇਂਟ ਵਿਖੇ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਵਲੈਤ ਦੇ ਦੌਰਿਆਂ ਸਮੇਂ ਅਕਸਰ ਚਰਨ ਪਾਉਂਦੇ ਰਹਿੰਦੇ ਸਨ। ਤਕਰੀਬਨ ਦੋ ਸਾਲ ਪਹਿਲਾਂ ਸਾਰਾ ਪਰਵਾਰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਗਿਆ, ਤਾਂ ਮਾਤਾ ਜੀ ਨੇ ਸ੍ਰੀ ਸਤਿਗੁਰੂ ਜੀ ਅੱਗੇ ਅਰਜ਼ ਕੀਤੀ ਸੀ ਕਿ ਸੱਚੇ ਪਾਤਸ਼ਾਹ ਕਿਰਪਾ ਕਰੋ ਇਸ ਸੰਸਾਰ ਤੋਂ ਤੁਰਦੇ ਫਿਰਦੇ ਚਲੇ ਜਾਈਏ।

ਸ੍ਰੀ ਭੈਣੀ ਸਾਹਿਬ ਤੋਂ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ, ਰਾਗੀ ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਆਏ ਹੋਏ ਸਨ ਅਤੇ ੫ ਸਤੰਬਰ ੨੦੧੦ ਨੂੰ ਨਾਮਧਾਰੀ ਸੈਂਟਰ ਸਾਊਥਾਲ ਵਿਖੇ ਸੰਗੀਤ ਪ੍ਰੋਗਰਾਮ ਬਾਅਦ ਬੀਬੀ ਜੀ ਦੇ ਗ੍ਰਹਿ ਵਿਖੇ ਪਹੁੰਚੇ। ਬੀਬੀ ਜੀ ਇਹਨਾਂ ਨੂੰ ਦੇਖ ਕੇ ਬਹੁਤ ਖੁਸ਼ ਹੋਏ। ਬੀਬੀ ਜੀ ਦੇ ਕਹਿਣ ਤੇ ਸੰਤ ਬਲਵੰਤ ਸਿੰਘ ਨੇ ਚਾਰ ਬੰਦਿਸ਼ਾਂ ਸ੍ਰੀ ਸਤਿਗੁਰੂ ਜੀ ਦੀਆਂ ਸੁਣਾਈਆਂ, ਜਿਸ ਨੇ ਬੀਬੀ ਜੀ ਨੂੰ ਮੰਤਰ ਮੁਗਧ ਕਰ ਦਿੱਤਾ।

ਮਾਤਾ ਜੀ ਨਮਿਤ ਇਕ ਖੁਲੇ, ਪਾਠ ਦਾ ਭੋਗ ਮਰਯਾਦਾ ਅਨੁਸਾਰ ੧੯ ਸਤੰਬਰ ੨੦੧੦ ਨੂੰ ਨਾਮਧਾਰੀ ਸੈਂਟਰ ਸਾਊਥਾਲ ਵਿਖੇ ਇਕ ਘੰਟਾ ਸਿਮਰਨ ਤੋਂ ਬਾਅਦ ਪਾਇਆ ਗਿਆ।



Namdhari Elibrary NamdhariElibrary@gmail.com

ਉਪਰੰਤ ਉਸਤਾਦ ਹਰਭਜਨ ਸਿੰਘ ਨੇ ਕੀਰਤਨ ਕੀਤਾ। ਸ੍ਰੀ ਭੈਣੀ ਸਾਹਿਬ ਤੋਂ ਆਏ ਜਥੇਦਾਰ ਗੁਰਲਾਲ ਸਿੰਘ ਨੇ ਹੱਲੇ ਦਾ ਪ੍ਰਭਾਵਸ਼ਾਲੀ ਦਿਵਾਨ ਸਜਾਇਆ। ਉਹਨਾਂ ਨੇ ਨੌਵੇਂ ਪਾਤਸ਼ਾਹ ਜੀ ਦੀ ਬਾਣੀ ਨਾਲ ਇਸ ਫਾਨੀ ਸੰਸਾਰ ਦੀ ਗੱਲ ਕੀਤੀ ਅਤੇ ਮਾਂ ਬਾਰੇ ਆਖਿਆ।

ਬੀਬੀ ਹਰਭਜਨ ਕੌਰ ਚਾਨਾ ਨੇ ਸ਼ਰਧਾਂਜਲੀ ਦੇ ਫੁੱਲ ਭੇਟ ਕੀਤੇ। ਸੰਤ ਰਜਿੰਦਰ ਸਿੰਘ ਚਾਨਾ ਨੇ ਪਰਵਾਰ ਨਾਲ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਸੰਤ ਹਰਜਿੰਦਰ ਸਿਘ ਕੰਵਲ ਨੇ ਸਤਿਗੁਰੂ ਸਾਹਿਬਾਨਾਂ ਦੀਆਂ ਪਰਵਾਰ ਉਤੇ ਕਿਰਪਾਵਾਂ ਬਾਰੇ ਭਾਵੁਕਤਾ ਨਾਲ ਦੱਸਿਆ। ਨਾਮਧਾਰੀ ਸੰਗਤ ਯੂ.ਕੇ. ਦੇ ਪ੍ਰਧਾਨ ਸੰਤ ਸੁਲੱਖਣ ਸਿੰਘ ਨੇ ਆਖਿਆ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਮਾਤਾ ਜੀ ਨੇ ਬੱਚਿਆਂ ਨੂੰ ਕਿੰਨੀ ਸੋਹਣੀ ਦਿਸ਼ਾ ਦਿੱਤੀ ਹੈ। ਸਟੇਜ ਦੀ ਜ਼ਿੰਮੇਵਾਰੀ ਸੰਤ ਅਜੀਤ ਸਿੰਘ ਸੱਗੂ ਨੇ ਬਾਖੂਬੀ ਨਿਭਾਈ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੈਮੀਨਾਰ

ਅੰਮ੍ਰਿਤਸਰ– ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਇਕ ਰੋਜ਼ਾ ਸੈਮੀਨਾਰ ੧੮ ਨਵੰਬਰ ਦਿਨ ਵੀਰਵਾਰ ੨੦੧੦ ਨੂੰ ਸਵੇਰੇ ੧੦.੦੦ ਵਜੇ ਕਾਨਫਰੰਸ ਹਾਲ ਗੁਰੂ ਨਾਨਕ ਭਵਨ ਆਡੀਟੋਰੀਅਮ ਵਿਖੇ ਕਰਵਾਇਆ ਗਿਆ। ਮੰਚ ਤੇ ਮੁੱਖ ਮਹਿਮਾਨ ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ. ਐਸ. ਹੰਸਪਾਲ, ਯੂਨੀਵਰਸਿਟੀ ਉਪ ਕੁਲਪਤੀ ਡਾ. ਅਜੈਬ ਸਿੰਘ ਬਰਾੜ, ਪ੍ਰੋ. ਪਿਆਰਾ ਸਿੰਘ ਭੋਗਲ, ਪ੍ਰੋ. ਤੇ ਹੈਡ ਹਿਸਟਰੀ ਡਿਪਾਰਟਮੈਂਟ ਡਾ. ਪਰਮਜੀਤ ਸਿੰਘ ਜੱਜ ਸੁਸ਼ੋਭਿਤ ਸਨ।

ਵਿਦਵਾਨ ਸਰੋਤਿਆਂ ਤੇ ਵਿਦਿਆਰਥੀਆਂ ਦੀ ਭਰਵੀਂ ਹਾਜ਼ਰੀ ਵਿਚ ਸੈਮੀਨਾਰ ਦੀ ਸ਼ੁਰੂਆਤ ਸ. ਪਿਆਰਾ ਸਿੰਘ ਜੀ ਭੋਗਲ ਜੀ ਨੇ ਨਾਮਧਾਰੀ ਲਹਿਰ ਬਾਰੇ ਪ੍ਰਭਾਵਸ਼ਾਲੀ ਤੇ ਵਿਸ਼ਲੇਸ਼ਨਾਤਮਿਕ ਪ੍ਰਧਾਨਗੀ ਭਾਸ਼ਣ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਡਾ. ਪਰਮਜੀਤ ਸਿੰਘ ਜੀ ਨੇ ਵੀ ਨਾਮਧਾਰੀ ਲਹਿਰ ਦੀ ਖੋਜ, ਅਜ਼ਾਦੀ ਸੰਗਰਾਮ, ਬਾਰੇ ਆਪਣੇ ਵਿਚਾਰ ਸੋਹਣੇ ਸ਼ਬਦਾਂ ਵਿਚ ਪੇਸ਼ ਕੀਤੇ। ਫਿਰ ਨਾਮਧਾਰੀ ਦਰਬਾਰ ਦੇ ਪ੍ਰਧਾਨ ਐਚ. ਐਸ. ਹੰਸਪਾਲ ਜੀ ਨੇ ਵੀ ਨਾਮਧਾਰੀ ਲਹਿਰ ਬਾਰੇ ਕੁਝ ਕੁ ਬਾਰੀਕੀਆਂ ਬਾਰੇ ਨਾਮਧਾਰੀ ਸਿੱਖਾਂ ਉਪਰ ਅਤੇ ਡਾ. ਜੋਗਿੰਦਰ ਸਿੰਘ ਜੀ ਦੁਆਰਾ ਲਿਖੀ ਕਿਤਾਬ ਬਾਰੇ ਚਾਨਣਾ ਪਾਇਆ ਅਤੇ ਡਾ. ਸਾਹਿਬ ਜੀ ਨੂੰ ਵਧਾਈ ਦਿੱਤੀ।

ਇਸ ਭਾਸ਼ਣ ਉਪਰੰਤ ਯੂਨੀਵਰਸਿਟੀ ਉਪ-ਕੁਲਪਤੀ ਡਾ. ਅਜੈਬ ਸਿੰਘ ਬਰਾੜ ਜੀ ਨੇ ਆਪਣੇ ਸਵਾਗਤੀ ਭਾਸ਼ਣ ਵਿਚ ਸਾਰੇ ਹਾਜ਼ਰ ਵਿਦਵਾਨਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਤੇ ਇਸ ਗੱਲ ਦੀ ਮੁਬਾਰਕਵਾਦ ਡਾ. ਜੋਗਿੰਦਰ ਸਿੰਘ ਜੀ ਨੂੰ ਦਿੱਤੀ ਜੋ ਉਹਨਾਂ ਦੁਆਰਾ ਚੇਅਰ ਮੁਖੀ ਹੋਣ ਦੇ ਨਾਤੇ, ਨਾਮਧਾਰੀ ਮੂਵਮੈਂਟ ਬਾਰੇ ਸ਼ਲਾਘਾਯੋਗ ਪੁਸਤਕ ਲਿਖੀ ਹੈ। ਸ. ਸਵਰਨ ਸਿੰਘ ਵਿਰਕ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਡਾ. ਜੋਗਿੰਦਰ ਸਿੰਘ ਜੀ ਦੁਆਰਾ ਲਿਖੀ ਗਈ ਕਿਤਾਬ ਬਾਰੇ ਬੋਲਦਿਆਂ ਇਤਿਹਾਸ ਦੇ ਕੁਝ ਅੰਸ਼ ਤੇ ਸੁਹਜ ਰਸ ਦਾ ਅਜਿਹਾ ਅਹਿਸਾਸ ਕਰਵਾਇਆ ਕਿ ਸਰੋਤਿਆਂ ਤੇ ਵਿਦਿਆਰਥੀਆਂ ਨੂੰ ਅਮਨ ਤੇ ਸਕੂਨ ਮਿਲ ਰਿਹਾ ਸੀ। ਉਹਨਾਂ ਨੇ ਵੀ ਡਾ. ਜੋਗਿੰਦਰ ਸਿੰਘ ਜੀ ਨੂੰ ਵਧਾਈ ਦਿੱਤੀ। ਸਵਰਨ ਸਿੰਘ ਸਨੇਹੀ ਜੀ ਨੇ ਵੀ ਆਪਣੇ ਕੌੜੇ-ਮਿੱਠੇ ਸ਼ਬਦਾਂ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਵਿਚ ਪਹੁੰਚੀਆਂ ਨਾਮਵਾਰ ਸ਼ਖਸ਼ੀਅਤਾਂ-ਸੂਬਾ ਸੁਰਿੰਦਰ ਕੌਰ ਖਰਲ ਜੀ, ਨਾਮਧਾਰੀ ਅੰਮ੍ਰਿਤਸਰ ਪ੍ਰਧਾਨ ਸ. ਰਣਜੀਤ ਸਿੰਘ, ਡਾ. ਸੁਹਿੰਦਰ ਬੀਰ, ਡਾ. ਰਾਜਿੰਦਰ ਸਿੰਘ ਬੇਦੀ, ਕੁਲਦੀਪ ਸਿੰਘ ਜੀ, ਦਵਿੰਦਰ ਕੌਰ, ਸੁਖਚੈਨ ਸਿੰਘ ਆਦਿ ਨੇ ਇਸ ਸੈਮੀਨਾਰ ਵਿਚ ਭਾਗ ਲਿਆ। ਸਟੇਜ ਸੰਚਾਲਕ ਦੀ ਭੂਮਿਕਾ ਡਾ. ਪ੍ਰੇਮ ਸ਼ਰਮਾ ਜੀ ਨੇ ਬਹੁਤ ਵਧੀਆ ਢੰਗ ਨਾਲ ਨਿਭਾਈ।

ਅੰਤ ਵਿਚ ਡਾ. ਜੋਗਿੰਦਰ ਸਿੰਘ ਜੀ ਆਪਣੇ ਭਾਸ਼ਣ ਵਿਚ ਕਈ ਖੂਬਸੂਰਤ ਇਤਿਹਾਸ ਦੇ ਹਵਾਲੇ ਦੇ ਕੇ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਆਪਣੇ ਦੁਆਰਾ ਲਿਖੀ ਕਿਤਾਬ ਦੇ ਬਾਰੇ ਬੜੇ ਹੀ ਗੁੰਝਲ-ਦਾਰ ਬਿਰਤਾਂਤ, ਵਾਰਤਾਲਾਪ, ਚਣੌਤੀ ਭਰਪੂਰ ਸਰੋਕਾਰਾਂ ਨੂੰ ਆਪਣੇ ਭਾਸ਼ਣ ਰਾਹੀਂ ਪੇਸ਼ ਕੀਤਾ ਅਤੇ ਆਖੀਰ ਫਿਰ ਸਭ ਦਾ ਧੰਨਵਾਦ ਕੀਤਾ। ਡਾ. ਜੋਗਿੰਦਰ ਜੀ ਦੀ ਕਿਤਾਬ ਉਤੇ ਆਏ ਆਲੋਚਕਾਂ ਅਤੇ ਕਵੀਆਂ ਵਲੋਂ ਵੱਖ-ਵੱਖਰੇ ਅੰਦਾਜ਼ਾਂ ਵਿਚ ਆਪਣੇ ਵਿਚਾਰ ਇਕ-ਦੂਜੇ ਤੇ ਬਹਿਸ ਕਰਦਿਆਂ ਪ੍ਰਗਟਾਏ। ਯੂਨੀਵਰਸਿਟੀ ਅਤੇ ਨਾਮਧਾਰੀ ਸਿੱਖਾਂ ਵਲੋਂ ਵਿਦਵਾਨਾਂ, ਮਹਿਮਾਨਾਂ ਅਤੇ ਵਿਦਿਆਰਥੀਆਂ ਲਈ ਵਧੀਆਂ ਚਾਹ ਦਾ ਪ੍ਰਬੰਧ ਅਤੇ ਵਧੀਆ ਖਾਣੇ ਦਾ ਪ੍ਰਬੰਧ ਕੀਤਾ ਗਿਆ। ਇਹ ਨਾਮਧਾਰੀ ਸੈਮੀਨਾਰ ਖੱਟੀਆਂ-ਮਿੱਠੀਆਂ ਯਾਦਾਂ ਛੱਡਦਾ ਹੋਇਆ ਅਗਲੇ ਸਾਲ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਇਆ।

*—ਜਸਵਿੰਦਰ ਜੀਤ ਬਾਜਵਾ ਰਮਦਾਸ*

*ਸੰਚਾਲਕ-ਸ੍ਰੀ ਸਤਿਗੁਰੂ ਰਾਮ ਸਿੰਘ ਲਾਈਬ੍ਰੇਰੀ*

*ਰਮਦਾਸ-ਅੰਮ੍ਰਿਤਸਰ, ੯੮੭੮੯-੪੨੭੧੪*



Namdhari Elibrary NamdhariElibrary@gmail.com

## ਰਾਜਿੰਦਰ ਪਰਦੇਸੀ ਸੇਵਾ ਮੁਕਤੀ ਸਮਾਗਮ

ਜਲੰਧਰ– ਸ਼ਾਇਰ ਅਤੇ ਮੁਲਾਜ਼ਮ ਆਗੂ ਸ਼੍ਰੀ ਰਾਜਿੰਦਰ ਸਿੰਘ ਪਰਦੇਸੀ, ਲੋਕ ਨਿਰਮਾਣ ਵਿਭਾਗ ਵਿਚੋਂ ੩੬ ਵਰ੍ਹਿਆਂ ਦੀ ਸੇਵਾ ਕਰਨ ਉਪਰੰਤ ਸੇਵਾ ਮੁਕਤ ਹੋਏ ਤਾਂ ਮਹਿਕਮਾ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਪੀ. ਡਬਲਯੂ. ਡੀ ਵਰਕਰਜ਼ ਯੂਨੀਅਨ ਰਜਿ. (ਜਿਸਦੇ ਉਹ ਸੂਬਾ ਪ੍ਰਧਾਨ ਵੀ ਹਨ) ਵਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਆਯੋਜਨ ਹੋਟਲ ਇੰਦਰਪ੍ਰਸਤ ਜਲੰਧਰ ਵਿਖੇ ਕੀਤਾ ਗਿਆ।

ਪੰਜਾਬ ਭਰ ਦੀਆਂ ਯੂਨੀਅਨ ਦੀਆਂ ਬਰਾਂਚਾਂ ਦੇ ਅਹੁਦੇਦਾਰ ਮਹਿਕਮੇ ਦੇ ਅਫਸਰ ਸਾਹਿਬਾਨ ਸਮਾਗਮ ਵਿਚ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ। ਯੂਨੀਅਨ ਦੀਆਂ ੩੦ ਵਰ੍ਹਿਆਂ ਦੀਆਂ ਸੇਵਾਵਾਂ ਬਦਲੇ ਇਸ ਮੌਕੇ ਤੇ ਸ਼੍ਰੀ ਪਰਦੇਸੀ ਜੀ ਅਤੇ ਉਨਾਂ ਦੀ ਹਮਸਫਰ ਸ਼੍ਰੀਮਤੀ ਸੁਖਵਿੰਦਰ ਕੌਰ ਨੂੰ ਸਨਮਾਨ ਪੱਤਰ, ਮੋਮੈਂਟੋ, ਸ਼ਾਲਾਂ ਅਤੇ ਨਕਦ ਰਾਸ਼ੀ ਨਾਲ ਸਨਮਾਨਿਤ ਕਰਦਿਆਂ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਸ਼੍ਰੀ ਸੁਲੇਮਾਨ ਸਿੱਧੂ ਸੀਨੀਅਰ ਮੀਤ ਪ੍ਰਧਾਨਾਂ ਸ਼੍ਰੀ ਜਗਦੀਸ਼ ਕੁਮਾਰ ਛਾਬੜਾ, ਤਾਰਾ ਸਿੰਘ ਸੈਣੀ, ਛੱਤਬੀੜ ਚਿੜੀਆਘਰ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ, ਫਿਰੋਜ਼ਪੁਰ ਦੇ ਪ੍ਰਧਾਨ ਮਲਕੀਤ ਸਿੰਘ, ਜ਼ਿਲਾ ਇੰਟਕ ਮੋਗਾ ਦੇ ਪ੍ਰਧਾਨ ਸ਼੍ਰੀ ਵਿਜੇ ਧੀਰ, ਪੰਜਾਬ ਇੰਟਕ ਦੇ ਸੀਨੀਅਰ ਮੀਤ ਪ੍ਰਧਾਨ ਸ਼੍ਰੀ ਦਵਿੰਦਰ ਸਿੰਘ ਜੌੜਾ ਹੁਰਾਂ ਕਿਹਾ ਕਿ ਸ਼੍ਰੀ ਪਰਦੇਸੀ ਹੁਰਾਂ ਨੂੰ ਮਹਿਕਮੇ ਨੇ ਰਿਟਾਇਰ ਕੀਤਾ ਹੈ ਜਥੇਬੰਦੀ ਨੇ ਨਹੀਂ, ਅਸੀਂ ਅਜੇ ਇਨ੍ਹਾਂ ਦੀਆਂ ਸੇਵਾਵਾਂ ਹੋਰ ਲੰਮਾਂ ਸਮਾਂ ਲੈਣੀਆਂ ਹਨ।

ਵੱਖ ਵੱਖ ਜੱਥੇਬੰਦੀਆਂ ਦੇ ਆਗੂਆਂ ਇੰਜੀਨੀਅਰ ਵਾਸਦੇਵ ਸ਼ਰਮਾ, ਇੰਜੀ. ਮਨਜੀਤ ਸਿੰਘ, ਇੰਜੀ. ਹਰਦਿੰਰ ਸਿੰਘ ਗਿੱਲ, ਇੰਜੀ. ਬਾਲੀ, ਇੰਜੀ. ਗੁਲਾਟੀ, ਇੰਜੀ. ਕੇਵਲ ਕ੍ਰਿਸ਼ਨ, ਇੰਜੀ. ਵਿਨੋਦ ਕਪੂਰ ਹੁਰਾਂ ਬੋਲਦਿਆਂ ਕਿਹਾ ਕਿ ੧੯੭੪ ਵਿਚ ਪਰਦੇਸੀ ਹੁਰੀਂ ਫਿਰੋਜ਼ਪੁਰ ਡਵੀਜ਼ਨ ਵਿਚ ਭਰਤੀ ਹੋਏ। ਕੁਝ ਸਮਾਂ ਅੰਮ੍ਰਿਤਸਰ ਰਹਿਣ ਪਿਛੋਂ ਉਹ ੧੯੭੯ ਵਿਚ ਜਲੰਧਰ ਸੈਂਟਰਲ ਵਰਕਸ ਮੰਡਲ ਵਿਚ ਆਏ। ਉਨ੍ਹਾਂ ਦੀਆਂ ਜੱਥੇਬੰਦੀ ਦੀਆਂ ਸਰਗਰਮੀਆਂ ਨੂੰ ਦੇਖਦਿਆਂ ੧੯੮੦ ਵਿਚ ਯੂਨੀਅਨ ਦੇ ਜ਼ਿਲ੍ਹਾ ਜਲੰਧਰ ਦਾ ਜਨਰਲ ਸਕੱਤਰ, ੧੯੮੪ ਵਿਚ ਸੂਬੇ ਦੇ ਕੈਸ਼ੀਅਰ ਅਤੇ ਮੀਡੀਆ ਇੰਚਾਰਜ, ੨੦੦੧ ਵਿਚ ਪੰਜਾਬ ਦਾ ਜਨਰਲ ਸਕੱਤਰ ਅਤੇ ੨੦੦੪ ਵਿਚ ਸੂਬਾਈ ਪ੍ਰਧਾਨ ਚੁਣਿਆ ਗਿਆ।

ਇਸ ਸਮੇਂ ਸਾਹਿਤਕਾਰਾਂ ਵਿਚੋਂ ਸਵ. ਸ਼੍ਰੀ ਸਰਦਾਰ ਪੰਛੀ, ਪ੍ਰੋ. ਅਵਤਾਰ ਜੌੜਾ, ਕੁਲਵਿੰਦਰ ਫੁੱਲ, ਕੇਵਲ ਸ਼ਰਮਾ, ਜਸਪਾਲ ਜ਼ੀਰਵੀ, ਸੁਖਵੰਤ ਚਿੱਤਰਕਾਰ, ਤਾਰਾ ਸਿੰਘ ਤਾਰਾ, ਸੁਖਵੰਤ ਪੱਟੀ, ਕੁਲਦੀਪ ਬੇਦੀ, ਦੇਵ ਰਾਊਕੇ, ਡੀ. ਆਰ. ਧਵਨ, ਸੁਰਿੰਦਰਜੀਤ ਕੌਰ, ਸ਼ੋਭਾ ਘਈ, ਰਾਜਮੀਤ ਕੌਰ, ਨਵਰਾਹੀ, ਗੀਤੂ ਕਲਸੀ, ਜਗੀਰ ਸਿੰਘ ਪ੍ਰੀਤ, ਦੀਪਕ ਸਮਾਗਮ ਦੀ ਸ਼ੋਭਾ ਵਧਾਉਣ ਵਾਲਿਆਂ ਵਿਚ ਸ਼ਾਮਲ ਸਨ। ਸਟੇਜ ਸਕੱਤਰ ਦੇ ਫਰਜ਼ ਯੂਨੀਅਨ ਦੇ ਜ਼ਿਲਾ ਜਲੰਧਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਨਾਗੋਕੇ ਨੇ ਬਾਖੂਬੀ ਨਿਭਾਏ।

*ਰਿਪੋਰਟਰ– ਸ਼ੋਭਾ ਘਈ*

## ਸ਼ੁਭ ਅਨੰਦ ਕਾਰਜ

ਮਿਤੀ ੨੧ ਨਵੰਬਰ ੨੦੧੦ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਬੀਬੀ ਪਵਨਦੀਪ ਕੌਰ ਸਪੁੱਤਰੀ ਸ. ਨਿਰੰਜਣ ਸਿੰਘ ਕਲਸੀ ਕੁਵੈਤ ਦਾ ਅਨੰਦ ਕਾਰਜ ਕਾਕਾ ਮਨਦੀਪ ਸਿੰਘ ਸਪੁੱਤਰ ਸ. ਸੋਹਣ ਸਿੰਘ ਰਾਮਾ ਮੰਡੀ ਜਲੰਧਰ ਨਾਲ ਹੋਇਆ। ਸ. ਨਿਰੰਜਣ ਕਲਸੀ ਵਲੋਂ ਇਸ ਖੁਸ਼ੀ ਵਿਚ ਵਰਿਆਮ ਨੂੰ ੧੧੦੦-੦੦ ਭੇਟਾ ਦਿੱਤੀ ਗਈ।

## ਕਲਸੀ ਪਰਿਵਾਰ ਮੋਸ਼ੀ ਤਨਜ਼ਾਨੀਆ ਵਲੋਂ ਅਖੰਡ ਪਾਠ

ਸ. ਦਲਜੀਤ ਸਿੰਘ ਕਲਸੀ ਅਤੇ ਪਰਿਵਾਰ ਵਲੋਂ ਤਨਜ਼ਾਨੀਆ ਦੇ ਸ਼ਹਿਰ ਮੋਸ਼ੀ ਵਿਖੇ ਨਵੇਂ ਬਣ ਰਹੇ ਮਕਾਨ ਵਿਚ ੨੨-੨੩-੨੪ ਅਕਤੂਬਰ ੨੦੧੦ ਨੂੰ ਪੂਰਨ ਮਰਿਯਾਦਾ ਅਨੁਸਾਰ ਸ੍ਰੀ ਅਖੰਡ ਪਾਠ ਕਰਾਇਆ ਗਿਆ। ਜਥੇਦਾਰ ਗੁਰਦੀਪ ਸਿੰਘ, ਸੂਬਾ ਮੋਹਕਮ ਸਿੰਘ, ਸੰਤ ਜਤਿੰਦਰ ਸਿੰਘ, ਮਹੰਤ ਸੰਤੋਖ ਸਿੰਘ ਨੈਰੋਬੀ ਅਤੇ ਹੋਰ ਸੰਤ ਮਹਾਂਪੁਰਖਾਂ ਨੇ ਦਰਸ਼ਨ ਦਿੱਤੇ। ੩ ਦਿਨ ਹਰ ਰੋਜ਼ ਦੀ ਆਸਾ ਦੀ ਵਾਰ, ਸ਼ਾਮ ਨੂੰ ਕਥਾ ਕੀਰਤਨ, ੧੫ ਹਵਨ, ਦੋ ਵਰਨੀਆਂ, (ਇਕ ਚੌਪਈ ਦੀ, ਇਕ ਭਗਉਤੀ ਦੀ) ਕੀਤੀਆਂ ਗਈਆਂ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਥਾਨਕ ਸਾਧ ਸੰਗਤ ਨੇ ਹੁੰਮ ਹੁਮਾ ਕੇ ਦਰਸ਼ਨ ਦਿੱਤੇ। ਇਸ ਖੁਸ਼ੀ ਵਿਚ ਸ. ਦਲਜੀਤ ਸਿੰਘ ਕਲਸੀ ਵਲੋਂ ਵਰਿਆਮ ਨੂੰ ੧੧੦੦-੦੦ ਰੁਪੈ ਭੇਟਾ ਦਿੱਤੀ ਗਈ।



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਆਪ ਜੀ ਵਲੋਂ ਭੇਜਿਆ ਗਿਆ ਮਾਸਿਕ 'ਵਰਿਆਮ' ਦਾ "ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ" ਨਵੰਬਰ ੨੦੧੦ ਮਿਲ ਗਿਆ ਹੈ। ਧੰਨਵਾਦ! ਇਸ ਅੰਕ 'ਚੋਂ ਸਤਿਗੁਰੂ ਜੀ ਦੇ ਜੀਵਨ, ਵਿਚਾਰਧਾਰਾ ਤੇ ਉਨ੍ਹਾਂ ਦੀ ਅਲੌਕਿਕ ਸ਼ਖਸੀਅਤ ਬਾਰੇ ਭਰਪੂਰ ਤੇ ਵਡਮੁੱਲੀ ਜਾਣਕਾਰੀ ਮਿਲਦੀ ਹੈ। ਇਕ ਦਸਤਾਵੇਜ਼ ਦੇ ਰੂਪ 'ਚ ਇਹ ਅੰਕ ਸੰਭਾਲ ਕੇ ਰੱਖਣ ਵਾਲਾ ਹੈ।

ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ "ਵਰਿਆਮ" ਪੂਰੇ ੩੫ ਸਾਲਾਂ ਦਾ ਹੋ ਗਿਆ ਹੈ। ਵਧਾਈ ਦਿੰਦਾ ਹਾਂ ਤੇ ਪਰਮ-ਪਿਤਾ ਪਰਮਾਤਮਾ ਅੱਗੇ ਇਸ ਦੀ ਲੰਮੀ ਆਯੂ ਲਈ ਅਰਦਾਸ ਕਰਦਾ ਹਾਂ। ਮੈਨੂੰ ਮਾਣ ਹੈ (ਅਭਿਮਾਨ ਨਹੀਂ!) ਕਿ ਮੈਂ 'ਵਰਿਆਮ' ਦੇ ਲੇਖਕ ਪਰਿਵਾਰ ਦਾ ਹਿੱਸਾ ਹਾਂ। ਆਪ ਜੀ ਵਲੋਂ ਮਿਲੇ ਸਹਿਯੋਗ ਲਈ ਰਿਣੀ ਹਾਂ।

*—ਹਰਨੇਕ ਸਿੰਘ ਕੋਮਲ*
*ਮਲੋਟ,*
*ਮੋ-੯੩੧੭੭-੬੧੪੧੪*

• • •

ਆਪ ਜੀ ਦਾ ਕੋਟਾਨ ਕੋਟਿ ਧੰਨਵਾਦ ਜੋ ਆਪ ਜੀ ਦੇ ਉਦਮ ਸਦਕਾ ਹਰ ਮਹੀਨੇ ਸਮੇਂ ਸਿਰ ਵਰਿਆਮ ਮਿਲ ਰਿਹਾ ਹੈ। ਨਵੰਬਰ ੨੦੧੦ ਦੇ ਵਰਿਆਮ ਵਿਚ ਸੰਪਾਦਕੀ ਬਹੁਤ ਹੀ ਵਧੀਆ ਲੱਗਾ ਉਂਜ ਤਾਂ ਹਰ ਪਰਚੇ ਵਿਚ ਛਪਿਆ ਮੁਖ ਬੰਦ ਵਧੀਆ ਹੁੰਦਾ ਹੈ।

ਜੇ ਕੋ ਆਖੈ ਬੋਲ ਵਿਗਾੜ ਕਿਸੇ ਗਲਤ ਇਨਸਾਨ ਨੂੰ ਉਸਦੀ ਗਲਤੀ ਦਾ ਅਹਿਸਾਸ ਕਰਵਾਉਣਾ ਕਿਸੇ ਨਿਡਰ ਤੇ ਦਲੇਰ ਵਰਿਆਮ ਦੇ ਹਿੱਸੇ ਆਉਂਦਾ ਹੈ। ਪ੍ਰੋ. ਕੁਲਵੰਤ ਸਿੰਘ ਔਜਲਾ ਦੀਆਂ ਦੋਵੇਂ ਰਚਨਾਵਾਂ ਬਹੁਤ ਹੀ ਪ੍ਰਸੰਸਾ ਯੋਗ ਹਨ। ਸੰਤ ਹਰਚੰਦ ਸਿੰਘ ਲੌਂਗੋਵਾਲ ਬਾਰੇ ਗੁਰਮੁਖ ਸਿੰਘ ਸ਼ਾਹ ਦਾ ਲਿਖਿਆ ਲੇਖ ਕਾਬਲੇਤਰੀਫ ਹੈ। ਜਿਸ ਪਰਚੇ ਵਿਚ ਸੁਵਰਨ ਸਿੰਘ ਵਿਰਕ ਦਾ ਲੇਖ ਨਾ ਛਪੇ ਉਹ ਪਰਚਾ ਅਧੂਰਾ ਲੱਗਦਾ ਹੈ। ਵਿਰਕ ਜੀ ਦਾ ਲਿਖਿਆ ਲੇਖ ਸਮੁੱਚੇ ਸਿੱਖ ਜਗਤ ਲਈ ਮੀਲ ਪੱਥਰ ਦਾ ਕੰਮ ਕਰਦਾ ਹੈ।

ਵਰਿਆਮ ਵਿਚ ਛਪਿਆ ਸਾਰਾ ਮੈਟਰ ਹੀ ਵਧੀਆ ਹੁੰਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਰਪਾ ਕਰਨ ਵਰਿਆਮ ਜੁਗਾਂ ਤੱਕ ਜਿਉਂਦਾ ਰਹੇ।

*ਜੋਗਿੰਦਰ ਸਿੰਘ ਮੁਕਤਾ*
*ਸੰਤ ਨਗਰ ਸਿਰਸਾ ਹਰਿਆਣਾ।*

• • •

ਚਾਰ ਰੰਗਾਂ ਵਿਚ ਆਰਟ ਪੇਪਰ ਤੇ ਛਪਿਆ ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ (ਨਵੰਬਰ ੨੦੧੦) ਪ੍ਰਾਪਤ ਹੋਇਆ। ਇਹ ਬਹੁਤ ਸੁੰਦਰ ਅੰਕ ਹੈ। ਸਵਰਗੀ ਪ੍ਰੀਤਮ ਸਿੰਘ ਕਵੀ ਜੀ ਦੀਆਂ ਰੁਬਾਈਆਂ ਪੜ੍ਹਨ ਨੂੰ ਮਿਲੀਆਂ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਦਾ ਭੰਡਾਰ ਹਨ। ਸੰਪਾਦਕ ਵਲੋਂ ਲਿਖੀ, "ਸ੍ਰੀ ਉਦੈ ਸਿੰਘ ਜੀ ਤੇ ਸੱਚੇ ਪਾਤਸ਼ਾਹ ਇਕ ਪਹਿਲੂ ਇਹ ਵੀ" (ਮੁਲਾਕਾਤ ਸ੍ਰੀ ਉਦੈ ਸਿੰਘ ਨਾਲ) ਪੜ੍ਹੀ ਭਰਪੂਰ ਜਾਣਕਾਰੀ ਮਿਲੀ।

ਸੁਖਵਿੰਦਰ ਅੰਮ੍ਰਿਤ, ਵਰਿਆਮ ਸਿੰਘ ਸੰਧੂ ਡਾ. ਜਸਪਾਲ ਸਿੰਘ ਰੰਧਾਵਾ, ਰਣਜੀਤ ਕੌਰ ਜੀਤ, ਗੁਰਦੀਸ਼ ਕੌਰ ਗਰੇਵਾਲ, ਸੁਵਰਨ ਸਿੰਘ ਵਿਰਕ, ਸਤਨਾਮ ਚਾਨਾ, ਸੇਵਕ ਰਛਪਾਲ ਸਿੰਘ, ਗੁਰਭਜਨ ਸਿੰਘ ਗਿੱਲ, ਜੋਗਿੰਦਰ ਸਿੰਘ ਕੰਗ, ਸੰਤ ਸਿੰਘ, ਮਾ. ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਸੇਵਾ ਸਿੰਘ ਨਾਮਧਾਰੀ, ਕਵੀਸ਼ਰੀ ਗੁਰਸੇਵਕ ਸਿੰਘ ਢਿਲੋਂ, ਇਕਬਾਲ ਸਿੰਘ, ਤਰਲੋਚਨ ਸਿੰਘ ਸਾਬਕਾ ਐਮ.ਪੀ., ਚੂਹੜ ਸਿੰਘ ਬਜੌਂ, ਸ.ਸ. ਅਜੀਮਲ, ਹਰਭਜਨ ਸਿੰਘ ਰਾਜਾ, ਜਗਦੀਸ਼ ਸਿੰਘ "ਵਰਿਆਮ" ਦੀਆਂ ਰਚਨਾਵਾਂ ਜੋ ਇਸ ਅੰਕ ਵਿਚ ਛਪੀਆਂ ਹਨ ਬਹੁਤ ਸੁੰਦਰ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਸੰਸਾ ਦਾ ਅਨਮੋਲ ਖਜ਼ਾਨਾ ਹਨ। ਇਹਨਾਂ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਇਸ ਅੰਕ ਵਿਚ ਜੋ ਰੰਗੀਨ ਤਸਵੀਰਾਂ ਛਾਪੀਆਂ ਹਨ ਬਹੁਤ ਸੁੰਦਰ ਹਨ। ਇਹਨਾਂ ਦੀ ਜਿਤਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ।

ਮੇਰਾ ਗੀਤ ਤੇ ਮੇਰੀ ਤਸਵੀਰ ਨੂੰ 'ਵਰਿਆਮ' ਦੇ ਨਵੰਬਰ ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ ਵਿਚ ਯੋਗ ਥਾਂ ਦੇਣ ਲਈ ਆਪ ਜੀ ਦਾ ਬਹੁਤ-ਬਹੁਤ ਧੰਨਵਾਦ। ਇਹ ਯਾਦਗਾਰੀ ਅੰਕ ਸੰਭਾਲ ਕੇ ਰੱਖਣ ਵਾਲਾ ਹੈ।

*ਸੁਲੱਖਣ ਸਿੰਘ ਭਿੰਡਰ*
*ਮੁਕਤਸਰ ਸਾਹਿਬ*

• • •

ਅੱਜ ਸਵੇਰੇ ਈ ਸੋਚਿਆ। ਦੋ ਅੰਕ ਨਵੰਬਰ, ਦਸੰਬਰ, ਆ ਚੁੱਕੇ ਨੇ। ਪੜ੍ਹ ਵੀ ਲਏ ਨੇ। ਦੋਹਾਂ ਵਿਚ ਲਿਖਣ ਵਾਸਤੇ ਏਨਾਂ ਕੁਝ ਹੋਂਦਿਆ ਮੈਂ ਕੁਝ ਵੀ ਕਿਓਂ ਨਹੀਂ ਲਿਖਿਆ। ਕੋਸੀ ਧੁੱਪ 'ਚ ਮੰਜੀ ਤੇ ਲੱਤਾਂ ਲਮਕਾ ਕੇ ਬਹਿ ਗਿਆ। ਦੋਵੇਂ ਅੰਕ ਦੁਬਾਰਾ ਖੋਲ੍ਹ ਕੇ-ਵੇਖਣ ਲੱਗ ਪਿਆ।

ਵੇਖ ਕੇ ਹੈਰਾਨ ਹੋ ਗਿਆ। ਇਸ ਅਸਗਾਹ ਸਾਗਰ 'ਚੋਂ ਕਿੰਨੇ ਕੁ ਮੋਤੀ ਇਕੱਠੇ ਕਰ ਸਕਾਂਗਾ। ਨਵੰਬਰ ਦੇ ਸੰਪਾਦਕੀ



Namdhari Elibrary NamdhariElibrary@gmail.com

ਨੂੰ ਵੇਖਿਆ, ਪੜ੍ਹਿਆ ਘੋਖਿਆ। ਮੁਸ਼ਕਲ ਆਸਾਨ ਹੋਂਦੀ ਨਜ਼ਰ ਆਈ। ਜਿਸਨੇ ਏਨੇ ਲੇਖਾਂ ਤਸਵੀਰਾਂ ਨੂੰ ਤਰਤੀਬ ਦੇ ਕੇ ਫਿਰ ਵੀ ਆਖਿਆ, "ਮੈਂ ਗਲਤੀਆਂ ਦੇ ਮਸਲੇ 'ਚ ਮਾਲਾ ਮਾਲ ਹਾਂ"। ਕੁਝ ਨਾ ਕੁਝ ਲਿਖ ਕੇ ਮੈਂ ਵੀ ਆਖ ਦਿਆਂ ਗਾ-ਮੈਂ ਤੇ ਸਗੋਂ ਵਰਿਆਮ, ਦਾ ਵੀ ਵਡਾ ਭਰਾ ਹਾਂ। ਇਹ ਜਿਹੜਾ ਸ੍ਰੀ ਸਤਿਗੁਰੂ ਜੀ ਦੇ ਪ੍ਰਕਾਸ਼ ਮਹੀਨੇ ਨਾਲ ਵਰਿਆਮ ਦਾ ਪ੍ਰਕਾਸ਼ ਮਹੀਨਾ ਜੁੜ ਗਿਐ, ਇਹ ਸੋਨੇ 'ਚ ਸੁਗੰਧੀ ਐਣ ਵਾਲੀ ਗੱਲ ਬਣ ਗਈ ਏ। ਸੰਪਾਦਕੀ 'ਚੋਂ ਨਿਕਲਿਆ ਕਵੀ ਜੀ ਦੀਆਂ ਰੁਬਾਈਆਂ ਘੇਰ ਲੈਂਦੀਆਂ ਨੇ, ਪਰ ਨਾਲ ਹੀ ਅਗਲੇ ਸਫ਼ੇ ਤੇ ਸ੍ਰੀ ਹਜ਼ੂਰ ਗੁਰੂ ਜੀ ਦੀ ਮਨ ਸੋਹਣੀ ਮੁਸਕਾਨ ਅਤਿ ਸੁੰਦਰ ਸ੍ਰੀ ਪੰਡਿਤ ਜੀ ਦਾ ਜਵਾਨਾਂ ਵਾਂਗ ਖਿੜਕ ਪੈਣਾ ਹੁਸਨ-ਠਾਕੁਰ ਉਦੇ ਸਿੰਘ ਦੀ ਜਵਾਨੀ ਵਿਚ ਵੀ, ਬੱਚਿਆਂ ਵਰਗੀ ਨਿਰਛਲ ਮੁਸਕਰਾਹਟ ਮੈਂ ਆਹਨਾ ਵਰਿਆਮ ਨੇ ਇਹ ਤ੍ਰੈਮੂਰਤੀ ਕਿਵੇਂ ਸੰਭਾਲ ਕੇ ਰੱਖੀ ਸੀ। ਇਹਨੂੰ ਜ਼ਹੂਰ ਵਿਚ ਲਿਆ ਕੇ ਸਾਡੇ ਤੇ ਮੇਰੇ ਤੇ ਹੋਰ ਸੰਗਤਾਂ ਤੇ ਬੜਾ ਅਨੰਦ ਭਰਿਆ ਅਹਿਸਾਨ ਕੀਤਾ ਏ। ਫੋਲਦਿਆਂ ਵਰਿਆਮ ਸੰਧੂ ਸਾਂਹਵੇਂ ਆ ਗਿਐ। ਇਹਦੇ ਲੇਖ ਵਿਚੋਂ ਕੁਝ ਚੋਣਵੇਂ ਅੰਸ਼ ਟੁਕੜੇ ਭੇਟ ਕਰਨ ਬਾਰੇ ਸੋਚ ਕੇ ਲੇਖ ਪੜ੍ਹਿਐ ਫਿਰ ਦੁਬਾਰਾ ਪੜ੍ਹਿਆ-ਏਹਦੇ 'ਚੋਂ ਕੇਹੜਾ ਚੁਣਾ-ਕੇਹੜਾ ਛੱਡਾ। ਏਨਾਂ ਵਖਤ ਭਰਨ ਤੋਂ ਪਾਠਕਾਂ ਨੂੰ ਆਹਨਾ ਸਾਰਾ ਲੇਖ ਈ ਪੜ੍ਹ ਲਓ। ਹਾਂ ਇਕ ਗੱਲ ਹੋਰ ਏ ਏਹਦੇ ਵਿਚ ਅਫਜ਼ਲ ਰੰਧਾਵਾ ਦੀ ਸਤਿਗੁਰੂ ਜੀ ਦੇ ਸਾਹਮਣੇ ਝੁਕੇ ਹੋਏ ਦੀ ਫੋਟੋ ਕਮਾਲ ਨਜ਼ਾਰਾ ਪੇਸ਼ ਕਰਦੀ ਹੈ। ਆਈਆਂ ਅੱਜ ਸਰਕਾਰਾਂ, ਤੇ ਬਾਲ ਬਿਅੰਤ ਜੀ ਦੀ ਫੋਟੋ ਕਿਆ ਕਹਿਣੇ। ੨੯ ਪੰਨੇ ਤੇ ਵਰਿਆਮ ਦਾ ਖੁਸ਼ੀਆਂ ਪ੍ਰਗਟ ਕਰਨ ਦਾ ਕਿਆ ਹੀ ਅੰਦਾਜ਼ ਏ। ਇਕ ਜ਼ਰੂਰੀ ਗੱਲ ਚੇਤੇ ਆ ਗਈ ਏ ਬਿਅੰਤ ਰੋਜ਼ਨਾਮ ਚੇਦੇ ਦੋ ਪੰਨੇ ਹਰ ਅੰਕ ਵਿਚ ਦੇਣੇ ਜ਼ਰੂਰੀ ਕਰ ਦਿਓ। ਗੁਰਭਜਨ ਗਿੱਲ ਦਾ ਖੁਦ ਨਾਲ ਕੀਤਾ ਇਕਰਾਰਨਾਮਾ ਸਦਾ ਚੇਤੇ ਰੱਖਣ ਵਾਲਾ ਏ। ਨਮਸਤੰ ਬਿਅੰਤ ਜੀ ਵਿਚ ਸੰਤ ਜੀ ਦੇ ਵਾਕ ਚੇਤੇ 'ਚ ਫਿੱਟ ਕਰਨ ਵਾਲੇ ਹਨ। ਅਜਿਹੇ ਵਿਅਕਤੀ ਦਾ ਸਤਿਗੁਰੂ ਰੂਪ 'ਚ ਕਾਰਜਸ਼ੀਲ ਹੋਣਾ ਦੁਨਿਆਵੀ ਨਹੀਂ ਦੈਵੀ ਫੈਸਲਾ ਹੁੰਦਾ ਹੈ।

ਮੇਰੇ ਮਾਸਟਰ ਜੀ ਵਲੋਂ ਲਿਖੀਆ ਸਾਖੀਆਂ ਦੇ ਬੜੇ ਵੱਡੇ ਅਰਥ ਕੱਢੇ ਗਏ ਨੇ। ਇਹਨਾਂ ਦਾ ਪਹਿਲਾ ਚੇਲਾ ਲਿਖਣ ਤੇ ਕੁਝ ਲੱਗ ਪਿਐ ਪਰ ਲਿਖਣ ਪਾਰੋਂ ਦੀ ਗੱਲ ਨੂੰ ਸੰਖੇਪ ਕਰ ਦੇਂਦਾ ਏ। ਸ. ਤ੍ਰਲੋਚਨ ਸਿੰਘ, ਸ.ਸ. ਅਜੀਮਲ ਨੇ ਇਕ ਇਕ ਸਫੇ ਵਿਚ ਈ ਬਹੁਤ ਕੁਝ ਕਹਿ ਦਿੱਤਾ ਏ। ਨਾਮ ਪੰਜਾਬੀ ਸਾਹਿਤ. ਸਭਾ ਦੀ ਤਰਤੀਬ ਕੁਝ ਉੱਖੜ ਗਈ ਏ। ਉੱਖੜੀ ਰਹੇ ਤਾਂ ਕੀ ਹੋ ਗਿਆ। ਹੋਰ ਕਈ ਕੁਝ ਛੱਡ ਕੇ ਥੋੜੀ ਜਹੀ ਗੱਲ ਇਸ ਅੰਕ ਦੇ ਮਾਸਟਰ ਪੀਸ 'ਕਾਂਸ਼ੀ ਯਾਤਰਾ ਦੀ' ਓਹ ਵੀ ਏਨੀ ਕੁ ਪਈ ਤੁਸਾਂ ਆਪਣੀ ਖੇਚਲ ਤਾਂ ਬਚਾ ਲਈ ਪਰ ਇਕ ਅਜ਼ੀਮ ਤੇ ਭੁਲਿਆ ਵਿਸਰਿਆ ਪੰਨਾ ਪੇਸ਼ ਕਰਕੇ ਕਮਾਲ ਕਰ ਦਿੱਤਾ ਏ। ਪਾਠਕਾਂ ਦੀ ਭਰਵੀਂ ਪ੍ਰਸ਼ੰਸਾ ਦੇ ਹੱਕਦਾਰ ਹੋ ਗਏ ਓ। ਮਾਧੋਪੁਰੀ! ਖਰਬੂਜ਼ਿਆਂ ਨੂੰ ਵੇਖ ਕੇ ਈ ਨਹੀਂ ਰੰਗਿਆ ਗਿਆ-ਏਹ ਤੇ ਆਪ ਈ ਹੁਣ ਇਕ ਅਸਲੀ ਖਰਬੂਜ਼ਾ ਬਣ ਗਿਐ। ਤਾਂ ਵੀ ਤੇ ਏਹਦੇ ਵਾਸਤੇ ਆਪਣੀ ਸੱਜਰੀ ਪੁਸਤਕ ਦੀਆਂ ਦੋ ਕਾਪੀਆਂ ਭੇਜ ਰਿਹਾ-ਜਦੋਂ ਵੀ ਚੇਤੇ ਦੀ ਪੈੜ ਪੜ੍ਹ ਸਕੇ ਆਪੇ ਕੁਝ ਨਾ ਕੁਝ ਲਿਖੇ ਗਾਈ।

ਤੂ ਬਿਅੰਤ ਹਉ ਮਿਤ ਕਰ ਵਰਨਉ

ਵਰਿਆਮ ਦੀ ਕਹਾਣੀ ਤਸਵੀਰਾਂ ਦੀ ਜ਼ਬਾਨੀ ਬੜੀ ਸੰਖੇਪ ਏ, ਸਤਨਾਮ ਚਾਨਾ ਇਸ ਤੋਂ ਵਧੀਆ ਲਿਖ ਵਧੀਆ ਦੱਸ ਗਿਐ।

*—ਸਾਧੂ ਸਿੰਘ ਕਿਸਾਨ*

*ਨੋਟ — ਵਰਿਆਮ ਦੇ ਵਿਸ਼ੇਸ਼ ਅੰਕ ਨਵੰਬਰ ੨੦੧੦ ਦੇ ਪੰਨਾ ੫ ਤੇ ਸ੍ਰੀ ਉਦੇ ਸਿੰਘ ਜੀ ਵਲੋਂ ਸਤਿਗੁਰੂ ਜੀ ਨੂੰ ਫੁੱਲ ਭੇਟ ਕਰਦਿਆਂ ਦੀ ਸੁੰਦਰ ਤਸਵੀਰ ਸ. ਸਲੱਖਣ ਸਿੰਘ ਭਿੰਡਰ ਮੁਕਤਸਰ ਵੱਲੋਂ ਭੇਜੀ ਗਈ ਸੀ। ਉਹਨਾਂ ਦਾ ਧੰਨਵਾਦ ਹੈ*

*— ਸੰਪਾਦਕ*

• • •

ਸਭ ਤੋਂ ਪਹਿਲਾ ਤਾਂ ਮੈਂ ਖਿਮਾ ਚਾਹੁੰਦੀ ਹਾਂ, ਪਿਛਲੇ ਕਈ ਸਾਲਾਂ ਤੋਂ ਮੈਂ ਵਰਿਆਮ ਦਾ ਚੰਦਾ ਨਹੀਂ ਪਹੁੰਚਾ ਸਕੀ ਕਦੀ ਕਿਸੇ ਮੇਲੇ ਸਮੇਂ ਮੈਂ ਭੈਣੀ ਸਾਹਿਬ ਨਹੀਂ ਪਹੁੰਚ ਸਕੀ ਤੇ ਕਦੀ ਕਿਸੇ ਹੋਰ ਕਾਰਨ, ਬੱਸ ਮਾਫੀ ਚਾਹੁੰਦੀ ਹਾਂ ਸੋ ਹੁਣ ਮੈਂ (੧੦੦੦) ਇਕ ਹਜ਼ਰ ਦਾ ਚੈਕ ਭੇਜ ਰਹੀ ਹਾਂ।

ਇਕ ਰਚਨਾ ਵੀ ਭੇਜ ਰਹੀ ਹਾਂ ਉਮੀਦ ਹੈ ਛਪ ਸਕੇਗੀ। ਵਰਿਆਮ ਬਰਾਬਰ ਪਹੁੰਚ ਰਿਹਾ ਏ ਧੰਨਵਾਦ, ਅਸੀਂ ਲੋਗ ਜਿਵੇਂ-ਜਿਵੇਂ ਬੁਢੇ ਹੁੰਦੇ ਜਾ ਰਹੇ ਹਾਂ, ਵਰਿਆਮ ਤਾਂ ਸਗੋਂ ਚੜ੍ਹਦੀਆਂ ਕਲਾ ਵੱਲ ਨੂੰ ਤੁਰਿਆ ਜਾਂਦਾ ਏ। ਸ਼ਾਲਾ ਸਦਾ ਇਸੇ ਤਰ੍ਹਾਂ ਮੰਜ਼ਿਲਾਂ ਪ੍ਰਾਪਤ ਹੁੰਦੀਆਂ ਰਹਿਣ। ਸੰਨ ੧੯੭੫ ਦਾ ਸਾਲ ਅੱਜ ਯਾਦ ਆਇਆ। ਸਾਡੇ ਘਰ ਸਾਡੀ ਬੇਟੀ ਦਾ ਜਨਮ ਹੋਇਆ। ਅਤੇ ਫਿਰ ਮੈਂ ਪਹਿਲੀ ਵਾਰੀ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕੀਤੇ ਸ੍ਰੀ ਸਤਿਗੁਰੂ ਜੀ ਵਲੋਂ ਸ਼ੁਰੂ ਕੀਤੇ ਸਵਾ ਲੱਖ ਪਾਠਾਂ ਵਿਚ ਹਾਜ਼ਰੀ ਲੱਗੀ ਤੇ ਫਿਰ ਵਰਿਆਮ ਦਾ ਸ਼ੁਭ ਅਰੰਭ ਹੋਇਆ ਜਿਸ ਦੀ ਮੈਂ ਉਦੋਂ ਦੀ ਪਾਠਕ ਬਣੀ ਤੇ ਅੱਜ ਤਕ ਨਿਰੰਤਰ ਬਣੀ ਹੋਈ ਹਾਂ। ਸਤਿਗੁਰੂ ਜੀ ਦੀ ਕ੍ਰਿਪਾ ਰਵੇਗੀ ਤਾਂ ਜੀਵਨ ਦੇ ਆਖੀਰ ਤਕ ਵਰਿਆਮ ਦੀ ਪਾਠਕ ਰਵਾਂਗੀ, ਬਹੁਤ ਕੁਝ ਹੈ ਲਿਖਣ ਨੂੰ-ਪਰ ਚਲੋ ਫਿਰ ਸਹੀ।

*—ਸਿੰਦਰ ਕੌਰ ਦਿੱਲੀ*

• • •



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਜਲੰਧਰ ਵਿਚ ਸੰਗੀਤ ਸਮਾਰੋਹ



ਡਾ. ਵਰਿੰਦਰ ਕੁਮਾਰ ਦਾ ਸਿਤਾਰ ਵਾਦਨ। ਤਬਲਾ ਵਾਦਨ ਸ੍ਰੀ ਰਾਜੇਸ਼ ਮਾਲਵੀਆ।



ਪ੍ਰੋ. ਬਲਦੇਵ ਨਾਰੰਗ ਦਾ ਗਾਇਣ। ਤਬਲਾ ਸੰਗਤ ਪੰਡਿਤ ਰਮਾਂ ਕਾਂਤ।



ਸ੍ਰੋਤਾ ਮੰਡਲ

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
January 2011




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ 0181-2222543,

Namdhari Elibrary NamdhariElibrary@gmail.com